I N T E R N A T I O N A L
# ਪੰਜਾਬੀ ਟ੍ਰਿਬਿਊਨ
Funded by the Government of Canada | Financé par le gouvernement du Canada | Canada
BILINGUAL NEWSPAPER : ENGLISH AND PUNJABI
EDITOR : RACHHPAL SINGH GILL
Ph. : 604-616-2171 E-mail: iptribune@gmail.com www.punjabitribune.ca
Vol.30 / No.36
20 September, 2024
੫ ਅੱਸੂ ਨਾਨਕਸ਼ਾਹੀ ਸੰਮਤ ੫੫੬

## ਸਾਹਿਬ ਕੌਰ ਧਾਲੀਵਾਲ ਨੇ ਯੂ.ਐਨ.ਓ. ਵਿਖੇ ਕੈਨੇਡਾ ਦੇ ਨੌਜਵਾਨ ਵਰਗ ਦੀ ਕੀਤੀ ਪ੍ਰਤਿਨਿਧਤਾ






ਐਬਟਸਫੋਰਡ (ਏਕਜੋਤ ਸਿੰਘ): ਐਬਟਸਫੋਰਡ ਸ਼ਹਿਰ ਦੀ ਜੰਮਪਲ ਅਤੇ ਅੱਜਕੱਲ ਮੈਕਗਿਲ ਲਾਅ ਕਾਲਜ, ਯੂਨੀਵਰਸਿਟੀ ਮੌਂਟਰਿਅਲ ਵਿਖੇ ਵਕਾਲਤ ਕਰ ਰਹੀ ਗੁਰਸਿੱਖ ਪੰਜਾਬਣ ਸਾਹਿਬ ਕੌਰ ਧਾਲੀਵਾਲ ਨੇ, ਸੰਯੁਕਤ ਰਾਸ਼ਟਰ ਸੰਘ ਦੇ ਜਨੇਵਾ, ਸਵਿਟਜ਼ਰਲੈਂਡ ਮੁਖ ਸਥਾਨ ਵਿਖੇ ਵਰਲਡ ਟਰੇਡ ਔਰਗਨਾਈਜੇਸ਼ਨ ਦੀ ਵਿਸ਼ੇਸ਼ ਬੈਠਕ ਵਿੱਚ ਸ਼ਮੂਲੀਅਤ ਕੀਤੀ ਹੈ। ਸਾਹਿਬ ਕੌਰ ਨੇ ਯੂਨੀਵਰਸਿਟੀ ਆਫ ਓਟਵਾ ਵੱਲੋਂ ਕੈਨੇਡੀਅਨ ਨੌਜਵਾਨਾ ਦੀ ਪ੍ਰਤਨਿਧਿਤਾ ਕਰਦਿਆਂ, ਯੂਐਨਓ ਦੇ ☛ ਬਾਕੀ ਸਫ਼ਾ 5 ’ਤੇ

## ਕੈਨੇਡਾ ਤੋਂ ਅਮਰੀਕਾ ਗ਼ੈਰ-ਕਾਨੂੰਨੀ ਢੰਗ ਨਾਲ ਭੇਜਣ ਲਈ ਤਸਕਰਾਂ ਵਲੋਂ ਟਿਕਟੌਕ ’ਤੇ ਹੋਣ ਲੱਗਾ ਪ੍ਰਚਾਰ

ਸਰੀ, (ਏਕਜੋਤ ਸਿੰਘ): ਕੈਨੇਡਾ ਤੋਂ ਅਮਰੀਕਾ ਗ਼ੈਰ-ਕਾਨੂੰਨੀ ਤਰੀਕੇ ਨਾਲ ਭੇਜਣ ਲਈ ਲਈ ਟਿਕਟੌਕ-ਵੱਟਸਐਪ ਵਰਗੀਆਂ ਸ਼ੋਸ਼ਲ ਮੀਡੀਆਂ ‘ਤੇ ਤਸਕਰ ਸ਼ਰੇਆਰਮ ਪ੍ਰਚਾਰ ਕਰਨ ਦੇ ਮਾਮਲੇ ਸਾਹਮਣੇ ਆਏ ਹਨ। ਅਸਥਾਈ ਪਰਵਾਸੀਆਂ ਲਈ ਕਈ ਤਸਕਰਾਂ ਨੇ ਟਿਕਟੌਕ ਵਰਗੀਆਂ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਗ਼ੈਰ-ਕਾਨੂੰਨੀ ਤਰੀਕੇ ਨਾਲ ਬਾਰਡਰ ਟੱਪਾਉਣ ਦੀ ਸਹੂਲਤ ਮੁਹੱਈਆ ਕਰਨ ਦੀਆਂ ਲਈ ਕਈ ☛ ਬਾਕੀ ਸਫ਼ਾ 5 ‘ਤੇ



Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
AG Aanchal Ghai Notary Corporation
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

ROHITA PANNU LAW CORPORATION
Barrister & Solicitor
- ਨੋਟਰੀ ਸੇਵਾਵਾਂ - ਵਸੀਅਤਨਾਮਾ - ਤਲਾਕ ਦੇ ਮਾਮਲੇ - ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ - ਹਲਫੀਆ ਬਿਆਨ - ਘਰਾਂ ਦੀ ਖਰੀਦੋ-ਫਰੋਖਤ
#102-9278, 120th Street Surrey, BC V3V 4E8
Ph.: 604-589-1399
Fax : 604-589-1556
www.rohitapannulaw.com

ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
604-562-7000, 604-314-0000 #397-8148-128 ST. (PAYAL BUSINESS CENTRE) SURREY

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੌਲਿਜ਼ ਟੈਸਟ
Lucky Sekhon, 604-614-5365
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ਼ ਬੈਂਕਿਊਟ ਹਾਲ ਦੇ ਹੇਠਾਂ

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ ’ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ ’ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸ਼ਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |

**ਸਮਾਪਤੀ**

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |

ਸਮਾਪਤੀ

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ
ਤੱਕ ਕੀਤਾ ਜਾਂਦਾ ਹੈ।

- ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਜੋਤੀ ਜੋਤ ਗੁਰੂ ਅਮਰਦਾਸ ਜੀ , ਜੋਤੀ ਜੋਤ ਦਿਵਸ ਗੁਰੂ ਰਾਮਦਾਸ ਜੀ , ਗੁਰਗੱਦੀ ਦਿਵਸ ਗੁਰੂ ਅਰਜਨ ਸਾਹਿਬ ਜੀ , ਗੁਰਗੱਦੀ ਦਿਵਸ ਗੁਰੂ ਰਾਮਦਾਸ ਜੀ , ਗੁਰਗੱਦੀ ਦਿਵਸ ਗੁਰੂ ਅੰਗਦ ਸਾਹਿਬ ਜੀ ਦਾ ਮਨਾਇਆ ਜਾਵੇਗਾ । ਅਤੇ ਦੋ ਅਖੰਡ ਪਾਠ ਸਾਹਿਬ ਦੀ ਸੇਵਾ ਹੋ ਰਹੀ ਹੈ

1. ਨਗਰ ਗਹੌਰ ਜ਼ਿਲਾ ਲੁਧਿਆਣਾ ਦੀ ਸੰਗਤ ਵੱਲੋਂ 2.ਬੀਬੀ ਗੁਰਦੇਵ ਕੌਰ ਧਾਲੀਵਾਲ ਪਰਿਵਾਰ ਵੱਲੋਂ

- ਇਹ ਅਖੰਡ ਪਾਠ ਸਾਹਿਬ ਦਿਨ ਸ਼ੁਕਰਵਾਰ ਸਤੰਬਰ 20 ਨੂੰ 9:30 ਵਜੇ ਆਰੰਭ ਹੋਣਗੇ ਅਤੇ ਇਹਨਾਂ ਦੇ ਭੋਗ ਦਿਨ ਐਤਵਾਰ ਸਤੰਬਰ 22 ਨੂੰ 9:30 ਵਜੇ ਪਾਏ ਜਾਣਗੇ ਉਪਰੰਤ ਖੁੱਲ੍ਹੇ ਦੀਵਾਨ ਸੱਜਣ ਗਏ ਅਤੇ ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
- ਅੰਤਿਮ ਸੰਸਕਾਰ ਸਵਰਗੀ ਬੀਬੀ ਬਲਜੀਤ ਕੌਰ ਹੁੰਜਣ ਦਾ 10 ਵਜੇ ਰਿਵਰਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ ਸਹਿਜ ਪਾਠ ਦੇ ਭੋਗ 11:30ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- ਦਿਨ ਸ਼ਨਿਚਰਵਾਰ 21 ਸਤੰਬਰ ਨੂੰ ਸਵਰਗੀ ਬੀਬੀ ਨਛੱਤਰ ਕੌਰ ਧਾਲੀਵਾਲ ਦਾ ਅੰਤਿਮ ਸੰਸਕਾਰ 2 ਵਜੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ ਭੋਗ ਸਾਢੇ ਤਿੰਨ ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ
- ਸ਼ਾਮ ਦੇ ਕੀਰਤਨ ਤੇ ਲੰਗਰਾਂ ਦੀ ਸੇਵਾ ਦੋ ਪਰਿਵਾਰਾਂ ਵੱਲੋਂ ਹੋਵੇਗੀ।

1. ਭਾਈ ਕਮਲਜੀਤ ਸਿੰਘ ਰਾਏ ਪਰਿਵਾਰ ਵੱਲੋਂ ਹੰਸ ਪਰਿਵਾਰ ਵੱਲੋਂ 2. ਹੰਸ ਪਰਿਵਾਰ ਵੱਲੋਂ

- ਐਤਵਾਰ ਸਤੰਬਰ 22 ਨੂੰ ਸ਼ਾਮ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਚਾਰ ਪਰਿਵਾਰਾਂ ਵੱਲੋਂ ਹੋਵੇਗੀ।

1. ਭਾਈ ਪਰਮਿੰਦਰ ਸਿੰਘ ਪੰਨੂ ਪਰਿਵਾਰ ਵੱਲੋਂ 2. ਭਾਈ ਨਰਿੰਦਰ ਪਾਲ ਸਿੰਘ ਥਾਂਦੀ ਪਰਿਵਾਰ ਵੱਲੋਂ
3. ਬੀਬੀ ਕੁਲਵੰਤ ਕੌਰ ਪਰਿਵਾਰ ਵੱਲੋਂ 4. ਭਾਈ ਜਗਸ਼ੀਰ ਸਿੰਘ ਪਰਿਵਾਰ ਵੱਲੋਂ

---

ਰਾਗੀ ਜੱਥਾ : ਭਾਈ ਰਘਵੀਰ ਸਿੰਘ ਦਿੱਲੀ ਵਾਲੇ
ਭਾਈ ਪਰਗਟ ਸਿੰਘ ਤਰਨਤਾਰਨ ਵਾਲੇ
ਭਾਈ ਜੋਗਾ ਸਿੰਘ ਕਰਨਾਲ ਵਾਲੇ
ਕਥਾਵਾਚਕ : ਭਾਈ ਪਰਗਟ ਸਿੰਘ

---

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

# ਕੈਨੇਡੀਅਨ ਸੰਸਦ ਦੇ ਬਾਹਰ ਜਗਮੀਤ ਸਿੰਘ ਨੂੰ ਮੁਜ਼ਾਹਰਾਕਾਰੀਆਂ ਨੇ ਬੋਲੇ ਅਪਸ਼ਬਦ

## ਕੀ ਅਜਿਹਾ ਕੈਨੇਡਾ ਚਾਹੁੰਦੇ ਹਨ ਪੀਅਰ ਪੌਲੀਐਵਰ : ਜਗਮੀਤ ਸਿੰਘ

ਔਟਵਾ: ਕੈਨੇਡੀਅਨ ਸੰਸਦ ਦੇ ਬਾਹਰ ਬੀਤੇ ਦਿਨੀਂ ਕੁਝ ਮੁਜ਼ਾਹਰਾਕਾਰੀਆਂ ਨੇ ਐਨ.ਡੀ.ਪੀ. ਆਗੂ ਜਗਮੀਤ ਸਿੰਘ ਨੂੰ ਅਪਸ਼ਬਦ ਬੋਲੇ ਅਤੇ ਉਨ੍ਹਾਂ ਵਿਰੁੱਧ ਭੱਦੀ ਸ਼ਬਦਾਵਲੀ ਦੀ ਵਰਤੋਂ ਕੀਤੀ। ਮੁਜ਼ਾਹਰਾਕਾਰੀ ਜਗਮੀਤ ਸਿੰਘ ਨੂੰ 'ਭ੍ਰਿਸ਼ਟਾਚਾਰੀ' ਕਹਿ ਰਹੇ ਸਨ। ਜਦੋਂ ਜਗਮੀਤ ਸਿੰਘ ਨੇ ਉਨ੍ਹਾਂ ਨਾਲ ਸਖਤੀ ਗੱਲਬਾਤ ਮੁਲਾਕਾਤ ਕੀਤੀ, ਤਾਂ ਉਨ੍ਹਾਂ ਦੀ ਸੁਰਤ ਬਦਲੀ ਅਤੇ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕਰਨ ਤੋਂ ਇਨਕਾਰ ਕਰ ਦਿੱਤਾ।



ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ ਵਿੱਚ ਵੇਖਿਆ ਜਾ ਸਕਦਾ ਹੈ ਕਿ ਜਗਮੀਤ ਸਿੰਘ ਸੇਖੋਂ ਕੈਨੇਡੀਅਨ ਸੰਸਦ ਦੀ ਪਾਰਕਿੰਗ ਤੋਂ ਬਾਹਰ ਆ ਰਹੇ ਹਨ ਅਤੇ ਦੋ ਮੁਜ਼ਾਹਰਾਕਾਰੀ ਉਨ੍ਹਾਂ ਦੇ ਪਿੱਛੇ ਜਾ ਰਹੇ ਹਨ। ਇਹ ਦੋਹਾਂ ਮੁਜ਼ਾਹਰਾਕਾਰੀ 'ਭ੍ਰਿਸ਼ਟਾਚਾਰ-ਭ੍ਰਿਸ਼ਟਾਚਾਰੀ' ਦੇ ਬੋਲ ਬੋ.ਲ ਰਹੇ ਅਤੇ ਜਗਮੀਤ ਸਿੰਘ ਨੂੰ ਸਵਾਲ ਕਰਦੇ ਹਨ ਕਿ ਜਸਟਿਨ ਟਰੂਡੋ ਦੀ ਸਰਕਾਰ ਵਿਰੁੱਧ ਬੇਵਿਸਾਹੀ ਮਤਾ ਆਉਣ 'ਤੇ ਕੀ ਉਹ ਇਸ ਦੀ ਹਮਾਇਤ ਕਰਨਗੇ।

ਜਗਮੀਤ ਸਿੰਘ ਸੇਖੋਂ ਨੇ ਮੁਜ਼ਾਹਰਾਕਾਰੀਆਂ ਨੂੰ ਡਰਪੋਕ ਕਹਿ ਦਿੱਤਾ ਅਤੇ ਸਵਾਲ ਕੀਤਾ ਕਿ ਕੌਣ ਗਲਤ ਬੋਲ ਰਿਹਾ ਹੈ। ਉਨ੍ਹਾਂ ਨੇ ਇਸ ਘਟਨਾ ਨੂੰ ਕੈਨੇਡਾ ਵਿੱਚ ਵੱਧ ਰਹੀ ਨਫਰਤ ਅਤੇ ਗੁੰਡਾਗਰਦੀ ਦਾ ਨਤੀਜਾ ਦੱਸਿਆ। ਜਗਮੀਤ ਸਿੰਘ ਸੇਖੋਂ ਨੇ ਕਿਹਾ ਕਿ ਹਰ ਇਕ ਨੂੰ ਗਲੀਆਂ ਵਿਚੋਂ ਲੰਘਦਿਆਂ ਸੁਰੱਖਿਅਤ ਮਹਿਸੂਸ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਇਹ ਪਹਿਲੀ ਵਾਰ ਨਹੀਂ ਜਦੋਂ ਸਿੱਖ ਚਿਹਰਾ ਹੋਣ ਕਰ ਕੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਇਸ ਘਟਨਾ ਦੇ ਤਤਕਾਲ ਬਾਅਦ ਐਨ.ਡੀ.ਪੀ. ਦੇ ਬੁਲਾਰੇ ਅਤੇ ਪਾਰਟੀ ਦੇ ਐਮ.ਪੀ ਚਾਰਲੀ ਐਂਗਸ ਨੇ ਇਨ੍ਹਾਂ ਘਟਨਾਵਾਂ ਦੀ ਨਿੰਦਾ ਕੀਤੀ। ਉਨ੍ਹਾਂ ਨੇ ਦੋਸ਼ ਲਾਇਆ ਕਿ ਸੁਰੱਖਿਆ ਮੁਲਾਜ਼ਮ ਪੱਖਾਧਾਰੀ ਬਣੇ ਰਹੇ ਅਤੇ ਕੌਮੀ ਆਗੂ ਨੂੰ ਸੁਰੱਖਿਆ ਦੇਣ ਵਿਚ ਨਾਕਾਮ ਰਹੇ। ਪਿਛਲੇ ਕੁਝ ਸਮਿਆਂ ਵਿੱਚ ਸਿਆਸਤਦਾਨਾਂ ਨੂੰ ਲਗਾਤਾਰ ਤੰਗ ਕਰਨ ਦੇ ਮਾਮਲੇ ਸਾਹਮਣੇ ਆ ਰਹੇ ਹਨ, ਜਿਸ ਨਾਲ ਸੁਰੱਖਿਆ ਘੇਰਾ ਮਜ਼ਬੂਤ ਕਰਨ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ। 2018 ਤੋਂ ਬਾਅਦ ਐਮ.ਪੀਜ਼ ਦੀ ਸੁਰੱਖਿਆ ਵਧਾਉਣ ਦੀ ਮੰਗ ਵੀ ਦੋ ਗੁਣਾ ਹੋ ਚੁੱਕੀ ਹੈ।

# ਕੈਨੇਡਾ ਦੀ ਸਲਾਨਾ ਮਹਿੰਗਾਈ ਦਰ ਘਟ ਕੇ 2 ਫੀਸਦੀ ‘ਤੇ ਪਹੁੰਚੀ

## ਬੈਂਕ ਆਫ਼ ਕੈਨੇਡਾ ਵਲੋਂ ਅਗਲੇ ਮਹੀਨੇ ਕੀਤੀ ਜਾ ਸਕਦੀ ਹੈ 0.5 ਫੀਸਦੀ ਵਿਆਜ਼ ਦਰਾਂ ‘ਚ ਕਟੌਤੀ

ਸਰੀ, (ਏਕਜੋਤ ਸਿੰਘ): ਕੈਨੇਡਾ ਦੀ ਸਲਾਨਾ ਮਹਿੰਗਾਈ ਦਰ ਅਗਸਤ ਵਿੱਚ ਬੈਂਕ ਆਫ਼ ਕੈਨੇਡਾ ਦੇ 2% ਟਾਰਗਟ ਨੂੰ ਪਹੁੰਚ ਗਈ, ਜਿਸ ਨਾਲ ਅਗਲੇ ਮਹੀਨੇ ਬੈਂਕ ਵੱਲੋਂ ਜਿਹੜਾ ਵਿਆਜ਼ ਦਰਾਂ ਸਬੰਧੀ ਫੈਸਲਾ ਲਿਆ ਜਾਣਾ ਹੈ ਉਸ ‘ਚ 0.5 ਫੀਸਦੀ ਵਿਆਜ਼ ਦਰਾਂ ‘ਚ ਕਟੌਤੀ ਕੀਤੇ ਜਾਣ ਦੀ ਉਮੀਦ ਵੀ ਮਜ਼ਬੂਤ ਹੋ ਗਈ ਹੈ।




ਸਟੈਟਿਸਟਿਕਸ ਕੈਨੇਡਾ ਦੇ ਅਨੁਸਾਰ, ਉਪਭੋਗਤਾ ਕੀਮਤਾਂ ਦੀ ਸੂਚੀ (ਛਫੀ) ਵਿੱਚ ਫਰਵਰੀ 2021 ਤੋਂ ਬਾਅਦ ਅਗਸਤ 2024 ਵਿੱਚ ਸਭ ਤੋਂ ਘੱਟ ਵਾਧਾ ਦਰ ਦੇਖਣ ਨੂੰ ਮਿਲੀ ਹੈ ਅਤੇ ਕੋਰ ਪ੍ਰਾਈਸ ਮਾਪਦੰਡ ਵੀ 40 ਮਹੀਨਿਆਂ ਵਿੱਚ ਆਪਣੇ ਸਭ ਤੋਂ ਨਿਊਨਤਮ ਪੱਧਰ ਤੇ ਪਹੁੰਚ ਗਏ ਹਨ। ਜਿਸ ਤੋਂ ਬਾਅਦ ਹੁਣ ਮਹਿੰਗਾਈ ਦਰ 0.2% ਘਟ ਗਈ ਹੈ। ਮਹਿੰਗਾਈ ਦਰ 2 ਫੀਸਦੀ ‘ਤੇ ਆਉਣ ਤੋਂ ਬਾਅਦ ਲੋਕਾਂ ਦਾ ਕਹਿਣਾ ਹੈ ਉਨ੍ਹਾਂ ਨੂੰ ਹੁਣ ਅਗਲੇ ਆਉਣ ਵਾਲੇ ਕੁਝ ਮਹੀਨਿਆਂ ਦੌਰਾਨ ਮਹਿੰਗਾਈ ਤੋਂ ਰਾਹਤ ਮਹਿਸੂਸ ਹੋਣ ਦੀ ਉਮੀਦ ਹੈ ਕੈਨੇਡੀਅਨ ਲੋਕਾਂ ਨੂੰ ਉਮੀਦ ਹੈ ਕਿ ਬੈਂਕ ਆਫ਼ ਕੈਨੇਡਾ ਅਗਲੇ ਮਹੀਨੇ ਆਪਣੀ ਵਿਆਜ਼ ਦਰ ਨੂੰ 50 ਬੇਸਿਸ ਪਾਇੰਟ ਘਟਾਏਗਾ, ਜਿਸ ਨਾਲ ਨਿਊਟਰਲ ਸਥਿਤੀ ਵੱਲ ਵਾਪਸੀ ਹੋਣ ਦੀ ਵੀ ਉਮੀਦ ਹੈ। ਜ਼ਿਕਰਯੋਗ ਹੈ ਕਿ ਨਿਊਟਰਲ ਸਥਿਤੀ ਦਾ ਮਤਲਬ ਹੈ ਵਿਆਜ਼ ਦਰ ਉਸ ਪੱਧਰ 'ਤੇ ਪਹੁੰਚਣਾ ਜਿੱਥੇ ਦਰਾਂ ਵਧਾਈ ਜਾਂ ਘਟਾਈ ਨਹੀਂ ਜਾਂਦੀਆਂ ਅਤੇ ਇਸ ਨਾਲ ਵਿਕਾਸ ਨੂੰ ਨਾ ਰੋਕਿਆ ਜਾਂਦਾ ਹੈ ਅਤੇ ਨਾ ਹੀ ਉਤਸ਼ਾਹਿਤ ਕੀਤਾ ਜਾਂਦਾ ਹੈ।

ਇਸ ਸਾਲ ਬੈਂਕ ਆਫ ਕੈਨੇਡਾ ਨੇ ਆਪਣੀਆਂ ਵਿਆਜ਼ ਦਰਾਂ ‘ਚ ਤਿੰਨ ਵਾਰ ਕਟੌਤੀ ਕੀਤੀ ਹੈ, ਜਿਸ ਨਾਲ ਹੁਣ ਵਿਆਜ਼ ਦਰ 4.25% 'ਤੇ ਆ ਗਈ ਹੈ। ਮਾਹਰਾਂ ਦਾ ਕਹਿਣਾ ਹੈ ਕਿ ਇਸ ਸਾਲ 2024 ਦੀਆਂ ਅਗਲੀਆਂ ਦੋ ਮੀਟਿੰਗਾਂ ਵਿੱਚ 25 ਬੇਸਿਸ ਪਾਇੰਟ ਦੀਆਂ ਦੋ ਕਟੌਤੀਆਂ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ ਅਤੇ ਅਗਲੇ ਮਹੀਨੇ 50 ਬੇਸਿਸ ਪਾਇੰਟ ਦੀ ਕਟੌਤੀ ਦੀ ਉਮੀਦ ਮਹਿੰਗਾਈ ਦਰ ਘਟ ਹੋਣ ਤੋਂ ਬਾਅਦ ਕਾਫੀ ਵੱਧ ਗਈ ਹੈ। ਕੀਮਤਾਂ ਦੇ ਦਬਾਅ ਨੂੰ ਘਟਾਉਣ ਵਿੱਚ ਵੱਡਾ ਯੋਗਦਾਨ ਗੈਸੋਲੀਨ, ਟੈਲੀਫੋਨ ਸੇਵਾਵਾਂ ਅਤੇ ਕੱਪੜਿਆਂ ਦੀਆਂ ਕੀਮਤਾਂ ਘੱਟਣ ਨਾਲ ਹੋਇਆ ਜਦਕਿ ਮਕਾਨ ਮਾਲੀਅਤ ਅਤੇ ਕਿਰਾਏ ਦੇ ਲਾਗਤ ਵਿੱਚ ਹੌਲੀ-ਹੌਲੀ ਗਿਰਾਵਟ ਜਾਰੀ ਰਹੀ ਹੈ। This report was written by Ekjot Singh as part of the Local Journalism Initiative.


SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼



AKASH SABLOK & TARLOK SABLOK
ਸਬਲੋਕ ਐਂਡ ਸਬਲੋਕ
604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1




ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Tooth Coloured Fillings
» Root Canal Treatment
» Crowns and Bridges
» Wisdom teeth Extractions
» Sedation Dentistry
» Clear Aligners
» Implants
» Dentures & many more...



Now Accepting The New Canadian Dental Care Plan From Govt.
Consult Dr. Sra for a health SMILE
Value $500
COMPLIMENTARY NIGHT GUARD
with new patient hygiene
Complete New Patient Exam with Xrays (4BW, 3PA and Panorex) and complete hygiene.
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack



ਬਾਧ
ਅਕਾਊਂਟਿੰਗ ਸਰਵਿਸਿਜ਼
ਟੈਕਸ ਦੇ ਪੇਪਰ ਭਰਨਾ
ਅਕਾਊਂਟਿੰਗ / ਪੇਰੋਲ
ਬਿਜ਼ਨਸ ਇਨਕਮ ਟੈਕਸ
ਬੁੱਕ ਕੀਪਿੰਗ
ਟੀ-ਫੋਰ ਜਾਂ ਵਰਕ ਕੰਪਨਸੇਸ਼ਨ ਫਾਰਮ



ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿੱਚ ਲੰਬਾ ਤਜ਼ਰਬਾ ਹੈ
TAX FORM FILL UP | ACCOUNTING / PAYROOL | PERSONAL INCOME TAX
BUSINESS INCOME TAX | T4/ WORKERS COMPENSATION FORM
UNIT # 1393-20800 Westminter Hwy Richmond , BC V6V 2W3
Ph.: 604-325-8370 | Fax. : 604-231-9600



ਬਾਬਾ ਫਰੀਦ ਸੁਸਾਇਟੀ ਅਤੇ ਫਰੀਦਕੋਟ ਨਿਵਾਸੀਆਂ ਵਲੋਂ ਲੰਘੇ ਦਿਨੀ ਗੁਰਦਵਾਰਾ ਸਿੰਘ ਸਭਾ ਸਰੀ ਵਿਖੇ ਸੂਫੀ ਦਰਵੇਸ਼ ਬਾਬਾ ਫਰੀਦ ਜੀ ਦਾ ਆਗਮਨ ਪੁਰਬ ਧੂਮਧਾਮ ਨਾਲ ਮਨਾਇਆ ਗਿਆ। ਗੰਗਾ ਸਾਗਰ ਵਾਲੇ ਰਾਇ ਅਜੀਜਉਲਾ ਸਾਹਿਬ ਨੇ ਵੀ ਵਿਸ਼ੇਸ਼ ਤੌਰ ਸਮੂਲੀਅਤ ਕੀਤੀ ਜੋ ਕਿ ਸੇਵਾਦਾਰਾਂ ਨਾਲ ਦਿਖਾਈ ਦੇ ਰਹੇ ਹਨ। – ਫੋਟੋ ਅਤੇ ਵੇਰਵਾ ਰਛਪਾਲ ਸਿੰਘ ਗਿੱਲ

# ਟਰੂਡੋ ਸਰਕਾਰ ਵਲੋਂ ਵਿਦਿਆਰਥੀ ਵੀਜ਼ਿਆਂ ਦੀ ਗਿਣਤੀ 10% ਹੋਰ ਘਟਾਉਣ ਦਾ ਐਲਾਨ

ਸਰੀ, (ਏਕਜੋਤ ਸਿੰਘ): ਕੈਨੇਡਾ ਵਿੱਚ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਆਪਣੀਆਂ ਇਮੀਗ੍ਰੇਸ਼ਨ ਨੀਤੀਆਂ ਕਾਰਨ ਦਬਾਅ ਵਿੱਚ ਆ ਗਏ ਹਨ। ਟਰੂਡੋ ਸਰਕਾਰ ਨੇ ਇਸ ਸਾਲ ਵਿਦਿਆਰਥੀ ਵੀਜ਼ਿਆਂ ਦੀ ਗਿਣਤੀ ਘਟਾ ਕੇ 331,303 ਕਰਨ ਦਾ ਐਲਾਨ ਕੀਤਾ ਹੈ। 2025 ਵਿੱਚ ਕੁੱਲ 5,09,390 ਵਿਦਿਆਰਥੀਆਂ ਨੂੰ ਵੀਜ਼ਾ ਜਾਰੀ ਕਰਨ ਦਾ ਟੀਚਾ ਸੀ, ਪਰ ਹੁਣ ਇਸ ਵਿੱਚ 35% ਦੀ ਘੱਟ ਕਰ ਦਿੱਤੀ ਜਾਵੇਗੀ। ਅਗਲੇ ਸਾਲ ਵੀਜ਼ਿਆਂ ਵਿੱਚ 10% ਹੋਰ ਕਟੌਤੀ ਕੀਤੀ ਜਾਵੇਗੀ, ਜਿਸ ਦਾ ਮਤਲਬ ਹੈ ਕਿ ਕੈਨੇਡਾ ਇਸ ਸਾਲ ਸਿਰਫ਼ 3,31,303 ਵਿਦਿਆਰਥੀਆਂ ਨੂੰ ਵੀਜ਼ਾ ਜਾਰੀ ਕਰੇਗਾ। ਇਸ ਕਟੌਤੀ ਦੇ ਨਤੀਜੇ ਵਜੋਂ 1,78,087 ਘੱਟ ਵੀਜ਼ੇ ਜਾਰੀ ਕੀਤੇ ਜਾਣਗੇ। ਹੁਣ ਤੱਕ ਦੇ ਅੰਕੜਿਆਂ ਮੁਤਾਬਕ ਇਸ ਸਾਲ ਦੇ ਪਹਿਲੇ ਮਹੀਨੇ 'ਚ ਸਿਰਫ 1,75,920 ਵੀਜ਼ੇ ਜਾਰੀ ਕੀਤੇ ਗਏ ਹਨ। ਟਰੂਡੋ ਨੇ ਇੱਕ ਟਵੀਟ ਵਿੱਚ ਕਿਹਾ ਕਿ ਵਿਦੇਸ਼ੀ ਕਾਮੇ ਕੈਨੇਡੀਅਨ ਆਰਥਿਕਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ, ਪਰ ਕੁਝ ਸਮਾਜ ਵਿਰੋਧੀ ਅਨਸਰਾਂ ਵੱਲੋਂ ਸਿਸਟਮ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ, ਜਿਸ ਕਾਰਨ ਸਰਕਾਰ ਨੂੰ ਵਿਦਿਆਰਥੀ ਵੀਜ਼ਿਆਂ 'ਤੇ ਪਾਬੰਦੀਆਂ ਸਖ਼ਤ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਕੈਨੇਡਾ ਨੇ 2023 ਵਿੱਚ ਕੁੱਲ 12 ਲੱਖ ਵਿਦੇਸ਼ੀਆਂ ਨੂੰ ਸਟੱਡੀ ਵੀਜ਼ਾ, ਵਰਕ ਵੀਜ਼ਾ ਅਤੇ ਅਸਥਾਈ ਰਿਹਾਇਸ਼ੀ ਵੀਜ਼ੇ ਜਾਰੀ ਕੀਤੇ ਸਨ, ਜਿਨ੍ਹਾਂ ਨੂੰ ਹੁਣ ਘਟਾ ਕੇ 4,37,000 ਕਰਨ ਦੀ ਯੋਜਨਾ ਹੈ।

ਕੈਨੇਡਾ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਸ਼ਰਨਾਰਥੀਆਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਇਆ ਹੈ। ਸਥਾਨਕ ਨਾਗਰਿਕਾਂ ਦੁਆਰਾ ਅਦਾ ਕੀਤੇ ਟੈਕਸਾਂ ਦਾ ਵੱਡਾ ਹਿੱਸਾ ਹੁਣ ਸ਼ਰਨਾਰਥੀਆਂ ਦੀ ਭਲਾਈ 'ਤੇ ਖਰਚ ਕੀਤਾ ਜਾ ਰਿਹਾ ਹੈ, ਜਿਸ ਨਾਲ ਇਸ ਨੂੰ ਚੋਣ ਮੁੱਦਾ ਬਣਾਇਆ ਜਾ ਰਿਹਾ ਹੈ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਕੈਨੇਡਾ ਆਉਣ ਵਾਲੇ ਹਰ ਵਿਦੇਸ਼ੀ ਨੂੰ ਹੁਣ ਨਿਯਮਾਂ ਦੀ ਪਾਲਣਾ ਕਰਨ ਤੋਂ ਬਾਅਦ ਹੀ ਰਹਿਣ ਦੀ ਇਜਾਜ਼ਤ ਦਿੱਤੀ ਜਾਵੇਗੀ।

ਇਸ ਤੋਂ ਪਹਿਲਾਂ ਕੈਨੇਡਾ ਨੇ ਅਸਥਾਈ ਰਿਹਾਇਸ਼ੀ ਵੀਜ਼ਿਆਂ ਦੀ ਗਿਣਤੀ ਵਿੱਚ 5% ਕਟੌਤੀ ਦਾ ਐਲਾਨ ਕੀਤਾ ਸੀ। ਅਜੋਕੇ ਸਮੇਂ ਵਿੱਚ ਪ੍ਰਵਾਸੀਆਂ ਦੀ ਵਧਦੀ ਗਿਣਤੀ ਕਾਰਨ ਕੈਨੇਡਾ ਵਿੱਚ ਰਿਹਾਇਸ਼ੀ ਸੰਕਟ ਅਤੇ ਮਹਿੰਗਾਈ ਦੀਆਂ ਸਮੱਸਿਆਵਾਂ ਸਾਹਮਣੇ ਆਈਆਂ ਹਨ। ਘਰਾਂ ਦੀਆਂ ਵਧਦੀਆਂ ਕੀਮਤਾਂ ਨੇ ਸਥਾਨਕ ਲੋਕਾਂ ਨੂੰ ਪ੍ਰੇਸ਼ਾਨ ਕਰ ਦਿੱਤਾ ਹੈ, ਜਿਸ ਨਾਲ ਇਹ ਇੱਕ ਵੱਡਾ ਸਿਆਸੀ ਮੁੱਦਾ ਵੀ ਬਣ ਗਿਆ ਹੈ।

ਕੈਨੇਡੀਅਨ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਵੱਡੇ ਫੈਸਲੇ ਲੈਣੇ ਹਨ। ਪਿਛਲੇ ਮਹੀਨੇ ਹੀ ਸਰਕਾਰ ਨੇ ਅਸਥਾਈ ਵਿਦੇਸ਼ੀ ਵਰਕਰ ਪ੍ਰੋਗਰਾਮ ਤਹਿਤ ਵਰਕ ਵੀਜ਼ਿਆਂ ਦੀ ਗਿਣਤੀ ਵਧਾਉਣ ਦੀ ਯੋਜਨਾ ਨੂੰ ਰੱਦ ਕਰ ਦਿੱਤਾ ਸੀ। ਇਹ ਸਕੀਮ ਕੋਰੋਨਾ ਮਹਾਂਮਾਰੀ ਦੌਰਾਨ ਸ਼ੁਰੂ ਕੀਤੀ ਗਈ ਸੀ, ਜਿਸ ਤਹਿਤ ਕੈਨੇਡਾ ਵਿੱਚ ਰਹਿੰਦੇ ਵਿਦੇਸ਼ੀ ਕਾਮਿਆਂ ਦੇ ਵੀਜ਼ੇ ਨੂੰ ਵਧਾਇਆ ਜਾ ਰਿਹਾ ਸੀ। ਜਨਵਰੀ ਵਿੱਚ, ਸਰਕਾਰ ਨੇ ਵਿਦੇਸ਼ੀ ਵਿਦਿਆਰਥੀਆਂ ਲਈ ਦੋ ਸਾਲ ਦੀ ਸੀਮਾ ਵੀ ਲਗਾਈ ਸੀ।



## ਸਫ਼ਾ 1 ਦਾ ਬਾਕੀ

### ਗੁਰਸਿੱਖ ਪੰਜਾਬਣ ਸਾਹਿਬ ਕੌਰ ਧਾਲੀਵਾਲ ...

ਪਬਲਿਕ ਫੋਰਮ ਵਿੱਚ ਗੰਭੀਰ ਮੁੱਦਿਆਂ 'ਤੇ ਚਰਚਾ ਕੀਤੀ। ਸਵਿਟਜ਼ਰਲੈਂਡ ਵਿਖੇ ਚਾਰ ਦਿਨ ਚੱਲੀ ਇਸ ਵਿਸ਼ਾਲ ਬੈਠਕ ਦੌਰਾਨ ਦੁਨੀਆਂ ਭਰ ਤੋਂ ਰਾਜਦੂਤਾਂ, ਡਿਪਲੋਮੈਟਾਂ, ਮਾਹਰਾਂ, ਅੰਤਰਰਾਸ਼ਟਰੀ ਵਪਾਰ ਵਿੱਚ ਪ੍ਰੈਕਟੀਸ਼ਨਰਾਂ ਅਤੇ ਪ੍ਰਸਿੱਧ ਅਕਾਦਮੀਆਂ ਨੇ ਸ਼ਮੂਲੀਅਤ ਕੀਤੀ। ਸਾਹਿਬ ਕੌਰ ਧਾਲੀਵਾਲ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਸਮਾਜਿਕ-ਸੱਭਿਆਚਾਰਕ ਮਾਪ, ਜਲਵਾਯੂ ਪਰਿਵਰਤਨ, ਭੋਜਨ ਸੁਰੱਖਿਆ, ਆਮਦਨੀ ਅਸਮਾਨਤਾ ਅਤੇ ਭੂ-ਰਾਜਨੀਤਿਕ ਟਕਰਾਅ ਸਮੇਤ ਕਈ ਹੋਰ ਮੁੱਦੇ, ਜਿਵੇਂ ਕਿ ਭੋਜਨ ਅਤੇ ਪਾਣੀ ਦੀ ਸੁਰੱਖਿਆ, ਤਕਨੀਕੀ ਅਸਮਾਨਤਾਵਾਂ, ਅਤੇ ਸਿੱਖਿਆ ਦੀ ਅਸਮਰਥਤਾ ਸੰਸਾਰ ਪੱਧਰ ਤੇ ਵੱਡੀ ਚੁਣੌਤੀ ਹਨ। ਇਸ ਦੌਰਾਨ ਕੈਨੇਡਾ ਭਰ ਦੇ ਆਦਿਵਾਸੀ ਭਾਈਚਾਰਿਆਂ ਨੂੰ ਰੋਜ਼ਾਨਾ ਸਮਾਜਿਕ-ਆਰਥਿਕ ਅਨਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਹਿਬ ਕੌਰ ਅਨੁਸਾਰ ਵੱਡੀ ਫਿਕਰਮੰਦ ਦੀ ਵਾਲੀ ਗੱਲ ਇਹ ਹੈ ਕਿ ਸੰਸਾਰ ਦੇ 1.5 ਬਿਲੀਅਨ ਲੋਕਾਂ ਨੂੰ ਅਤਿਅੰਤ ਗਰੀਬੀ ਤੋਂ ਬਾਹਰ ਕੱਢਣ ਵਿੱਚ ਅੰਤਰਰਾਸ਼ਟਰੀ ਵਪਾਰ ਦੀ ਸਹਾਇਤਾ ਦੇ ਬਾਵਜੂਦ, ਵਪਾਰ ਦੇ ਲਾਭ ਨਹੀਂ ਹੋਏ ਹਨ। ਸਾਹਿਬ ਕੌਰ ਦਾ ਮੰਨਣਾ ਹੈ ਕਿ ਅਜਿਹੀਆਂ ਕੌਮਾਂਤਰੀ ਬੈਠਕਾਂ ਰਾਹੀਂ ਹੀ ਲੋਕ ਪੱਖੀ ਰਣਨੀਤੀ ਦੁਆਰਾ ਆਰਥਿਕ, ਵਾਤਾਵਰਣ, ਰਾਜਨੀਤਿਕ ਅਤੇ ਵਿਆਪਕ ਵਿਸ਼ਵ ਸੰਕਟਾਂ ਨਾਲ ਨਜਿੱਠਣ ਦਾ ਮੌਕਾ ਹਾਸਲ ਹੋ ਸਕਦਾ ਹੈ। ਪੰਜਾਬ ਤੋਂ ਜ਼ਿਲਾ ਲੁਧਿਆਣਾ ਦੇ ਪਿੰਡ ਲੱਖਾ ਨਾਲ ਸਬੰਧਿਤ ਸਿੱਖ ਵਿਦਵਾਨ ਭਾਈ ਹਰਪਾਲ ਸਿੰਘ ਲੱਖਾ ਦੀ ਪੋਤਰੀ ਅਤੇ ਮੀਡੀਆ ਸ਼ਖਸੀਅਤ ਡਾ. ਗੁਰਵਿੰਦਰ ਸਿੰਘ ਧਾਲੀਵਾਲ ਦੀ ਹੋਣਹਾਰ ਧੀ ਸਾਹਿਬ ਕੌਰ ਨੇ ਕੈਨੇਡਾ ਦੀ ਪਾਰਲੀਮੈਂਟ ਵਿੱਚ ਪੇਜ ਸੁਪਰਵਾਈਜ਼ਰ ਵੱਲੋਂ ਸੇਵਾਵਾਂ ਨਿਭਾਈਆਂ ਹਨ। ਯੂਐਨਓ ਦੇ ਦੌਰੇ ਦੌਰਾਨ ਸਾਹਿਬ ਕੌਰ ਨੇ ਜਿੱਥੇ ਯੂਟੀਓ ਬਾਰੇ ਵਿਚਾਰਾਂ ਦੀ ਸਾਂਝ ਪਾਈ, ਉੱਥੇ ਯੂਐਨਓ ਦੇ ਮੰਚ ਤੋਂ ਮਨੁੱਖੀ ਅਧਿਕਾਰਾਂ ਦੇ ਖੇਤਰ 'ਚ ਸੰਸਾਰ ਪੱਧਰ 'ਤੇ ਆ ਰਹੀਆਂ ਚੁਣੌਤੀਆਂ ਅਤੇ ਦੱਬਿਆਂ-ਕੁਚਲਿਆਂ ਦੇ ਹੱਕ ਵਿੱਚ ਦ੍ਰਿੜਤਾ ਨਾਲ ਆਵਾਜ਼ ਉਠਾਉਣ ਦਾ ਵੀ ਅਹਿਦ ਕੀਤਾ।

### ਕੈਨੇਡਾ ਤੋਂ ਅਮਰੀਕਾ ਗ਼ੈਰ-ਕਾਨੂੰਨੀ ਢੰਗ ...

ਤਰੀਕਿਆਂ ਨਾਲ ਪ੍ਰਚਾਰ ਕਰਨਾ ਸ਼ੁਰੂ ਕੀਤਾ ਗਿਆ ਹੈ ਅਤੇ ਅਜਿਹੇ ਦਰਜਨਾਂ ਖਾਤੇ ਵੱਖ ਵੱਖ ਸ਼ੋਸ਼ਲ ਮੀਡੀਆ 'ਤੇ ਮੌਜੂਦ ਹਨ। ਸ਼ੁਰੂਆਤੀ ਜਾਂਚ ਵਿੱਚ ਪਤਾ ਲੱਗਿਆ ਹੈ ਕਿ ਅਜਿਹੇ ਕਈ ਖਾਤੇ ਭਾਰਤ ਤੋਂ ਆਏ ਟੈਂਪੋਰੈਰੀ ਰੈਜ਼ੀਡੈਂਟਸ ਨੂੰ ਨਿਸ਼ਾਨਾ ਬਣਾ ਰਹੇ ਹਨ।

ਇਥੋਂ ਤੱਕ ਕਿ ਇਨ੍ਹਾਂ ਖਾਤਿਆਂ 'ਚ ਦਰਜਨਾਂ ਵੀਡੀਓਜ ਵੀ ਹਨ, ਮੌਂਟਰੀਅਲ ਤੋਂ ਅਮਰੀਕਾ ਪਹੁੰਚਾਉਣ ਦਾ ਵਾਅਦਾ ਕੀਤਾ ਜਾ ਰਿਹਾ ਹੈ ਅਤੇ ਇੱਕ ਟਿਕਟੌਕ ਖਾਤੇ ਦੇ 360,000 ਤੋਂ ਵੱਧ ਫਾਲੋਅਰ ਵੀ ਹਨ, ਜੋ ਮੁੱਖ ਤੌਰ 'ਤੇ ਕੈਨੇਡਾ ਵਿੱਚ ਰਹਿੰਦੇ ਵਿਦਿਆਰਥੀਆਂ ਨੂੰ ਟਾਰਗੇਟ ਕਰਦਾ ਹੈ। ਇਨ੍ਹਾਂ ਵੀਡੀਓਜ਼ ਵਿੱਚ ਕਈ ਗਾਹਕ ਜਿਨ੍ਹਾਂ ਨੇ ਕ੍ਰਾਸਿੰਗ ਪੂਰੀ ਕੀਤੀ ਹੈ, ਪੰਜਾਬੀ ਭਾਸ਼ਾ ਵਿੱਚ ਤਸਕਰਾਂ ਦੀਆਂ ਸਰਵਿਸਾਂ ਦੀ ਤਾਰੀਫ਼ ਕਰਦੇ ਹੋਏ ਸਾਫ਼ ਸੁਣੇ ਜਾ ਸਕਦੇ ਹਨ।

ਜ਼ਿਕਰਯੋਗ ਹੈ ਕਿ ਦੱਖਣੀ ਕਿਊਬੈਕ ਦੇ ਸਵਾਂਟਨ ਸੈਕਟਰ ਦੇ ਬਾਰਡਰ ਪਾਰ ਕਰਨ ਦੇ ਕੇਸਾਂ ਵਿੱਚ ਹਾਲ ਦੇ ਮਹੀਨਿਆਂ ਵਿੱਚ ਬੇਹਦ ਵਾਧਾ ਹੋਇਆ ਹੈ। ਜਨਵਰੀ ਤੋਂ ਲੈ ਕੇ ਹੁਣ ਤਕ, ਕਰੀਬ 13,000 ਵਿਅਕਤੀਆਂ ਨੂੰ ਅਮਰੀਕੀ ਅਧਿਕਾਰੀਆਂ ਨੇ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿੱਚ ਜ਼ਿਆਦਾਤਰ ਭਾਰਤ ਅਤੇ ਬੰਗਲਾਦੇਸ਼ ਦੇ ਨਾਗਰਿਕ ਹਨ, ਜੋ ਕੈਨੇਡਾ ਦੇ ਸਟੂਡੈਂਟ ਜਾਂ ਵਿਜ਼ਿਟਰ ਵੀਜ਼ੇ ਉੱਤੇ ਰਹਿ ਰਹੇ ਸਨ। ਇਹ ਗਿਣਤੀ 2022 ਦੀ ਤੁਲਨਾ ਵਿੱਚ 526% ਵਧ ਗਈ ਹੈ।

ਕਈ ਮਾਹਿਰਾਂ ਦਾ ਕਹਿਣਾ ਹੈ ਕਿ ਕੈਨੇਡਾ ਭਾਰਤੀ ਲੋਕਾਂ ਲਈ ਅਮਰੀਕਾ ਤੱਕ ਪਹੁੰਚਣ ਲਈ ਇੱਕ ਤੇਜ਼ ਅਤੇ ਆਸਾਨ ਰਸਤਾ ਹੈ। ਉਹਨਾਂ ਨੇ ਕਿਹਾ ਕਿ ਕੈਨੇਡੀਅਨ ਵੀਜ਼ਾ ਪ੍ਰਾਪਤ ਕਰਨਾ ਅਮਰੀਕਾ ਦੇ ਮੁਕਾਬਲੇ ਸੌਖਾ ਹੈ ਅਤੇ ਇਸ ਕਾਰਨ ਕਈ ਤਸਕਰਾਂ ਨੇ ਇਸ ਨੂੰ ਆਪਣਾ ਆਧਾਰ ਬਣਾ ਲਿਆ ਹੈ। ਕੈਨੇਡਾ ਵਿੱਚ ਪੀਆਰ ਮਿਲਣ ਦੀ ਉਮੀਦ ਘੱਟ ਹੋਣ ਕਰਕੇ ਕਈ ਭਾਰਤੀ ਵਿਦਿਆਰਥੀ ਅਤੇ ਅਸਥਾਈ ਲੋਕ ਅਮਰੀਕਾ ਜਾਣ ਨੂੰ ਤਰਜੀਹ ਦੇ ਰਹੇ ਹਨ।

ਪੈਨਸ਼ਨ ਦੇ ਮੁੱਦੇ 'ਤੇ ਕੰਜ਼ਰਵੇਟਿਵ ਪਾਰਟੀ ਖੁਦ ਹੀ ਘਿਰੀ

# ਪੀਅਰ ਪੌਲੀਐਵ 65 ਸਾਲ ਦੀ ਉਮਰ 'ਚ ਸਭ ਤੋਂ ਵੱਧ ਪੈਨਸ਼ਨ ਲੈਣ ਵਾਲੇ ਕੈਨੇਡੀਅਨ ਨੇਤਾ ਬਣੇ



ਸਰੀ, (ਪਰਮਜੀਤ ਸਿੰਘ): ਬੀਤੇ ਹਫ਼ਤੇ ਜਦੋਂ ਜਗਮੀਤ ਸਿੰਘ ਨੇ ਲਿਬਰਲ ਪਾਰਟੀ ਤੋਂ ਆਪਣਾ ਸਮਰਥਣ ਵਾਪਸ ਲਿਆ ਸੀ ਤਾਂ ਕੰਜ਼ਰਵੇਟਿਵ ਲੀਡਰ ਪੀਅਰ ਪੌਲੀਐਵ ਨੇ ਐਨਡੀਪੀ ਲੀਡਰ ਜਗਮੀਤ ਸਿੰਘ 'ਤੇ ਤੰਜ ਕਸੇ ਸਨ ਕਿ ਉਹ ਫਰਵਰੀ ਤੱਕ ਸਰਕਾਰ ਦੀ ਸਮਰਥਨਾ ਕਰਦੇ ਰਹਿਣਗੇ ਤਾਂ ਜੋ ਉਹ ਸੰਸਦ ਮੈਂਬਰ ਦੀ ਪੈਨਸ਼ਨ ਲਈ ਯੋਗ ਹੋ ਸਕਣ। ਹਾਲਾਂਕਿ, ਹੁਣ ਪੌਲੀਐਵ ਖੁਦ ਆਪ ਹੀ ਆਪਣੀ ਇਸ ਬਿਆਨਬਾਜ਼ੀ ਕਾਰਨ 'ਚ ਘਿਰਦੇ ਨਜ਼ਰ ਆ ਰਹੇ ਹਨ। ਕਿਉਂਕਿ ਮਾਹਿਰਾਂ ਦਾ ਅੰਦਾਜ਼ਾ ਹੈ ਕਿ ਪੌਲੀਐਵ ਦੀ ਆਪਣੀ ਪੈਨਸ਼ਨ ਜਗਮੀਤ ਸਿੰਘ ਦੀ ਪੈਨਸ਼ਨ ਨਾਲੋਂ ਤਿੰਨ ਗੁਣਾ ਅਤੇ ਆਉਣ ਵਾਲੇ ਸਮੇਂ 'ਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਵੀ ਪਹਿਲਾਂ ਮਿਲੇਗੀ ਜਦੋਂ ਕਿ ਜਸਟਿਨ ਟਰੂਡੋ ਨੂੰ 67 ਸਾਲ ਦੀ ਉਮਰ 'ਚ $230,000 ਹੋਵੇਗੀ।

ਜਾਣਕਾਰੀ ਅਨੁਸਾਰ ਪੌਲੀਐਵ 65 ਸਾਲ ਦੀ ਉਮਰ 'ਚ ਪੈਨਸ਼ਨ ਵਜੋਂ ਸਾਲਾਨਾ $230,000 ਤੋਂ ਵੱਧ ਪ੍ਰਾਪਤ ਕਰਗੇ ਅਤੇ ਇਹ ਰਕਮ ਅਗਲੀ ਫੈਡਰਲ ਚੋਣਾਂ 'ਚ ਪ੍ਰਧਾਨ ਮੰਤਰੀ ਬਣਨ ਦੀ ਸਥਿਤੀ 'ਚ ਹੋਰ ਵੀ ਵਧ ਸਕਦੀ ਹੈ। ਇਸਦੇ ਦੂਜੇ ਪਾਸੇ ਜੇ ਜਗਮੀਤ ਸਿੰਘ ਪੈਨਸ਼ਨ ਲਈ ਯੋਗ ਹੋ ਜਾਂਦੇ ਹਨ, ਤਾਂ ਉਹ 65 ਸਾਲ ਦੀ ਉਮਰ 'ਚ ਸਿਰਫ਼ ਸਾਲਾਨਾ $66,000 ਪ੍ਰਾਪਤ ਸਕਦੇ ਹਨ।

ਗ੍ਰੀਨ ਪਾਰਟੀ ਦੀ ਲੀਡਰ ਐਲਿਜ਼ਬੇਥ ਮੇ ਨੇ ਪੌਲੀਐਵ ਦੀ ਜਗਮੀਤ ਸਿੰਘ 'ਤੇ ਕੀਤੀ ਗਈ ਆਲੋਚਨਾ ਨੂੰ ਗਲਤ ਦੱਸਦੇ ਹੋਏ ਕਿਹਾ, " ਪੌਲੀਐਵ ਦਾ ਸਿੰਘ 'ਤੇ ਪੈਨਸ਼ਨ ਲਈ ਹਮਲਾ ਕਰਨਾ ਗਲਤ ਹੈ, ਜਿਸ ਦਾ ਪੌਲੀਐਵ ਨੂੰ ਪਛਤਾਵਾ ਹੋਵੇਗਾ।"

ਮਾਹਰਾਂ ਦੇ ਮੁਤਾਬਕ, ਇਸ ਸਮੇਂ ਜਦੋਂ ਸਾਰੇ ਲੀਡਰਾਂ ਦੀਆਂ ਪੈਨਸ਼ਨਾਂ ਦੀ ਗਿਣਤੀ ਕੀਤੀ ਗਈ, ਤਾਂ ਪੁਆਲੀਏਵ ਦੀ ਪੈਨਸ਼ਨ ਜਸਟਿਨ ਟਰੂਡੋ ਤੋਂ ਬਾਅਦ ਦੂਜੇ ਨੰਬਰ 'ਤੇ ਆਉਂਦੀ ਹੈ। ਟਰੂਡੋ ਨੂੰ ਪ੍ਰਧਾਨ ਮੰਤਰੀ ਹੋਣ ਕਾਰਨ ਵੱਧ ਪੈਨਸ਼ਨ ਮਿਲਦੀ ਹੈ।


HOMELAND MORTGAGE CORP.

ਜੇ ਮੌਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।


- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ



Kuldip Panesar
Mortgage Consultant
Cell :604-308-6839

PROFESSIONAL AND EXPERIENCED
Ph.: 604-593-6622, Fax : 604-593-6615
#201-7928 128St. (York Business Centre) Surrey BC V3W 4E8
Website : www.homelandmortgage.ca
E-mail : homelandmortgage@hotmail.com

YOUR NEIGHBOURHOOD LAYER



RISHI LAW CORPORATION

Criminal Law
» Assault Charges
» Drug Charges
» Theft/Fraud
» Uttering Threats
» Driving Offences

Real Estate
» Purchase/ Sale of Property
» Mortgage / Line of Credit

Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa

Divorces Probate
All kind of Notary Services

NARINDER RISHI
Barrister, Solicitor & Notary Public

Services offered in Punjabi, Hindi & English

Vancouver
6625, Fraser Street
604-322-5515
Email : nkrishi@yahoo.com

Two Locations to serve you

Surrey
604-505-6454
(By appointments only)



NEWTON DENTURE CLINIC INC.
Web: www.newtondentures.ca | Email: newtondentures@gmail.com

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ

"Over 20 years experience as Denturist"

- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)





# ਸਿੱਖ ਧਰਮ ਆਪਣੇ ਆਪ ਵਿਚ ਧਰਮ ਹੈ ਤੇ ਇਹ ਕੋਈ ਵਾਦ ਨਹੀਂ : ਹਰਿੰਦਰ ਸਿੰਘ



ਸਰੀ, (ਹਰਦਮ ਮਾਨ): ਵਿਦਵਾਨ ਲੇਖਕ ਤੇ ਸਪੀਕਰ ਹਰਿੰਦਰ ਸਿੰਘ ਬੀਤੇ ਦਿਨ ਐਤਵਾਰ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਚ ਸਟੇਜ ਤੋਂ ਸੰਗਤ ਦੇ ਰੂਬਰੂ ਹੋਏ। ਉਨ੍ਹਾਂ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਉਤੇ ਆਪਣੇ ਬਚਨਾਂ ਤੇ ਸਲਾਈਡ ਸ਼ੋਅ ਰਾਹੀਂ ਗਿਆਨ ਭਰਪੂਰ ਰੌਸ਼ਨੀ ਪਾਈ। ਨਿਤਾਪ੍ਰਤੀ ਜੀਵਨ ਵਿਚ ਵਰਤੇ ਜਾਣ ਵਾਲੇ ਸੰਕੇਤਕ ਸ਼ਬਦ ਅਤੇ ਸਿੱਖ ਅਸੂਲਾਂ ਬਾਰੇ ਆਪਣੇ ਵਿਚਾਰ ਵੀ ਸੰਗਤ ਨਾਲ ਸਾਂਝੇ ਕੀਤੇ। ਉਨ੍ਹਾਂ ਇਹ ਵੀ ਦੱਸਿਆ ਕਿ ਸਿੱਖ ਧਰਮ ਆਪਣੇ ਆਪ ਵਿਚ ਧਰਮ ਹੈ ਤੇ ਇਹ ਕੋਈ ਵਾਦ ਨਹੀਂ ਹੈ ਅਤੇ ਸਿੱਖਇਜ਼ਮ ਸ਼ਬਦ ਸਾਡੇ 'ਤੇ ਥੋਪਿਆ ਜਾ ਰਿਹਾ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਬਰੁੱਕਸਈਡ ਦੀ ਸ੍ਰਪਰੱਸਤ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੀ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾ ਭੇਟ ਕਰ ਕੇ ਹਰਿੰਦਰ ਸਿੰਘ ਦਾ ਮਾਣ ਸਤਿਕਾਰ ਕੀਤਾ ਗਿਆ। ਚਾਹਵਾਨ ਸੱਜਨਾਂ ਨੇ ਇਸ ਪੁਸਤਕ ਨੂੰ ਖਰੀਦ ਕੇ ਲੇਖਕ ਦਾ ਉਤਸ਼ਾਹ ਵਧਾਇਆ। ਵਰਨਣਯੋਗ ਹੈ ਕਿ ਹਰਿੰਦਰ ਸਿੰਘ ਇਨ੍ਹਾਂ ਦਿਨਾਂ ਵਿਚ ਕੈਨੇਡਾ, ਅਮਰੀਕਾ ਵਿਚ ਆਪਣੀ ਇਕ ਪੁਸਤਕ "ਝਾਇਲਸ ਡਰੋਮ ਸ਼ਿਕਹ ਸਿਦੋਮ" ਸਿੱਖ ਸੰਗਤ ਨਾਲ ਸਾਂਝੀ ਕਰ ਰਹੇ ਸਨ। ਇਸੇ ਪੁਸਤਕ ਦੇ ਸੰਬੰਧ ਵਿਚ ਉਹ 'ਹਰਪ੍ਰੀਤ ਸਿੰਘ ਟੀ.ਵੀ. ਸ਼ੋਅ' 'ਤੇ ਦਰਸ਼ਕਾਂ ਦੇ ਸਨਮੁੱਖ ਵੀ ਹੋਏ।

# ਸਰੀ 'ਚੋਂ ਦੋ ਨੌਜਵਾਨ ਹੋਏ ਲਾਪਤਾ



ਸਰੀ : ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਦੇ ਸਰੀ ਸ਼ਹਿਰ ਨਾਲ ਸਬੰਧਤ ਵਿਸ਼ਾਲ ਬਜਾਜ ਦੀ ਭਾਲ ਵਿਚ ਜੁਟੀ ਪੁਲਸ ਵੱਲੋਂ ਲੋਕਾਂ ਤੋਂ ਮਦਦ ਮੰਗੀ ਜਾ ਰਹੀ ਹੈ। ਵਿਸ਼ਾਲ ਬਜਾਜ 13 ਸਤੰਬਰ ਨੂੰ ਦੇਰ ਸ਼ਾਮ ਤਕਰੀਬਨ ਪੌਣੇ ਨੌਂ ਵਜੇ ਘਰੋਂ ਰਵਾਨਾ ਹੋਇਆ ਪਰ ਇਸ ਮਗਰੋਂ ਹੁਣ ਤੱਕ ਉਸ ਸਬੰਧੀ ਕੋਈ ਜਾਣਕਾਰੀ ਨਹੀਂ ਹੈ।ਵਿਸ਼ਾਲ ਬਜਾਜ ਵੈਨਕੂਵਰ ਵਿਖੇ ਕੰਮ ਕਰਦਾ ਸੀ ਅਤੇ 15 ਸਤੰਬਰ ਨੂੰ ਸਰੀ ਪੁਲਸ. ਨੂੰ ਇਤਲਾਹ ਮਿਲੀ ਕਿ ਉਹ ਆਪਣੇ ਕੰਮ ਵਾਲੀ ਥਾਂ 'ਤੇ ਨਹੀਂ ਪਹੁੰਚਿਆ। 15 ਸਤੰਬਰ ਨੂੰ ਹੀ ਵਿਸ਼ਾਲ ਬਜਾਜ ਦਾ ਬੈਕਪੈਕ ਅਲੈਕਸ ਫਰੇਜ਼ਰ ਬ੍ਰਿਜ 'ਤੇ ਪੈਦਲ ਮੁਸਾਫਰਾਂ ਲਈ ਬਣੇ ਵਾਕਵੇਅ ਤੋਂ ਬਰਾਮਦ ਕੀਤਾ ਗਿਆ। ਸਰੀ ਪੁਲਸ ਨੇ ਵਿਸ਼ਾਲ ਬਜਾਜ ਦਾ ਹੁਲੀਆ ਜਾਰੀ ਕਰਦਿਆਂ ਦੱਸਿਆ ਕਿ ਉਸ ਦੀ ਉਮਰ 27 ਸਾਲ, ਕੱਦ 5 ਫੁੱਟ 7 ਇੰਚ ਅਤੇ ਵਜ਼ਨ ਤਕਰੀਬਨ 64 ਕਿਲੋ ਹੈ। ਉਸ ਦੇ ਵਾਲ ਛੋਟੇ ਅਤੇ ਅੱਖਾਂ ਭੂਰੀਆਂ ਹਨ। ਸਰੀ ਪੁਲਸ. ਦੀ ਮੀਡੀਆ ਰਿਲੇਸ਼ਨਜ਼ ਅਫਸਰ ਸਰਬਜੀਤ ਕੌਰ ਸੰਘਾ ਨੇ ਦੱਸਿਆ ਕਿ ਮਿਸਿੰਗ ਪਰਸਨਜ਼ ਯੂਨਿਟ ਮਾਮਲੇ ਦੀ ਪੜਤਾਲ ਕਰ ਰਿਹਾ ਹੈ ਅਤੇ ਪੁਲਸ ਵੱਲੋਂ ਵਿਸ਼ਾਲ ਦੇ ਦੋਸਤਾਂ ਜਾਂ ਸਾਥੀਆਂ ਨਾਲ ਸੰਪਰਕ ਕਰ ਕੇ ਉਸ ਦਾ ਪਤਾ-ਟਿਕਾਣਾ ਲੱਭਣ ਦੇ ਯਤਨ ਕੀਤੇ ਜਾ ਰਹੇ ਹਨ। ਵਿਸ਼ਾਲ ਬਜਾਜ ਦਾ ਪਰਵਾਰ ਅਤੇ ਪੁਲਸ ਉਸ ਦੀ ਸੁੱਖ-ਸਾਂਦ ਬਾਰੇ ਬੇਹੱਦ ਚਿੰਤਤ ਹਨ। ਪੁਲਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਵਿਸ਼ਾਲ ਬਾਰੇ ਕੋਈ ਜਾਣਕਾਰੀ ਹੋਵੇ ਤਾਂ 604 599 0502 'ਤੇ ਸੰਪਰਕ ਕਰਦਿਆਂ ਫਾਈਲ 2024-138453 ਦਾ ਜ਼ਿਕਰ ਕੀਤਾ ਜਾਵੇ।

# ਭਾਰਤੀ ਵਿਦਿਆਰਥੀ ਦੀ ਝੀਲ ਵਿੱਚ ਡੁੱਬਣ ਕਾਰਨ ਹੋਈ ਮੌਤ

ਟੋਰਾਂਟੋ, (ਰਾਜ ਗੋਗਨਾ): ਬੀਤੇਂ ਦਿਨ ਕੈਨੇਡਾ ਵਿੱਚ ਭਾਰਤ ਦੇ ਸ਼ਹਿਰ ਹੈਦਰਾਬਾਦ ਦੇ ਇੱਕ ਨੌਜਵਾਨ ਵਿਦਿਆਰਥੀ ਦੀ ਡੁੱਬਣ ਨਾਲ ਦਰਦਨਾਕ ਮੌਤ ਹੋ ਗਈ ਹੈ। ਪਿਛਲੇ ਸਮੇਂ ਤੋਂ ਅਸੀਂ ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਬਾਰੇ ਕਈ ਤਰ੍ਹਾਂ ਦੀਆਂ ਦੁਖਦਾਈ ਖ਼ਬਰਾਂ ਸੁਣਦੇ ਆ ਰਹੇ ਹਾਂ।ਅਤੇ ਇਹ ਇੱਕ ਹੋਰ ਦਿਲ ਦਹਿਲਾ ਦੇਣ ਵਾਲੀ ਘਟਨਾ ਵਿੱਚ ਹੈਦਰਾਬਾਦ ਦੇ ਨਾਲ ਪਿਛੋਕੜ ਰੱਖਣ ਵਾਲਾ ਇੱਕ ਵਿਦਿਆਰਥੀ ਦੀ ਕੈਨੇਡਾ ਵਿੱਚ ਇੱਕ ਝੀਲ ਵਿੱਚ ਡੁੱਬਣ ਨਾਲ ਮੌਤ ਹੋ ਗਈ। ਵੇਰਵਿਆਂ ਦੇ ਅਨੁਸਾਰ, ਪੀੜਤ ਪ੍ਰਨੀਤ, ਹੈਦਰਾਬਾਦ ਦੇ ਮੀਰਪੇਟ ਖੇਤਰ ਦਾ ਰਹਿਣ ਵਾਲਾ ਸੀ ਅਤੇ ਕੈਨੇਡਾ ਵਿੱਚ ਆਪਣੀ ਮਾਸਟਰ ਡਿਗਰੀ ਕਰ ਰਿਹਾ ਸੀ। ਉਹ ਬੀਤੇਂ ਦਿਨ ਆਪਣੇ ਵੱਡੇ ਭਰਾ ਦੇ ਜਨਮ ਦਿਨ ਦੀ ਪਾਰਟੀ ਵਿੱਚ ਸ਼ਾਮਲ ਹੋਣ ਲਈ ਗਿਆ ਸੀ।ਅਤੇ ਜਸ਼ਨ ਦੇ ਹਿੱਸੇ ਵਜੋਂ, ਦੋਸਤਾਂ ਦੇ ਇੱਕ ਸਮੂਹ ਨੇ ਟੋਰਾਂਟੋ ਵਿੱਚ ਇੱਕ ਨੇੜਲੀ ਝੀਲ ਤੇ ਗਏ। ਝੀਲ 'ਚ ਤੈਰਾਕੀ ਕਰਨ ਗਿਆ ਪ੍ਰਨੀਤ ਬਦਕਿਸਮਤੀ ਨਾਲ ਡੂੰਘੇ ਪਾਣੀ ਦੇ ਵਹਾਅ ਦੇ ਕਾਰਨ ਡੁੱਬ ਕੇ ਆਪਣੀ ਜਾਨ ਗੁਆ ਬੈਠਾ। ਉਸ ਦੇ ਨਾਲ ਮੌਜੂਦ ਦੋਸਤ ਇਸ ਦੁਖਦਾਈ ਘਟਨਾ ਤੋਂ ਸਦਮੇ ਵਿੱਚ ਹਨ।

# ਸਰੀ ਨਾਰਥ ਤੋਂ ਕੰਜ਼ਰਵੇਟਿਵ ਉਮੀਦਵਾਰ ਮਨਦੀਪ ਧਾਲੀਵਾਲ ਨੇ ਕੀਤਾ ਆਪਣੇ ਸਮਰਥਕਾਂ ਦਾ ਵੱਡਾ ਇਕੱਠ

## ਡੇਵਿਡ ਈਬੀ ਸਰਕਾਰ ਦੀ ਗਲਤ ਨੀਤੀਆਂ ਤੋਂ ਲੋਕ ਬਹੁਤ ਦੁਖੀ – ਜੌਹਨ ਰਸਟੈਡ

ਸਰੀ, (ਹਰਦਮ ਮਾਨ): ਬੀ.ਸੀ. ਅਸੈਂਬਲੀ ਦੀਆਂ ਚੋਣਾਂ ਵਿਚ ਇਕ ਮਹੀਨਾ ਰਹਿ ਗਿਆ ਹੈ ਅਤੇ ਮੈਦਾਨ ਵਿਚ ਉੱਤਰੇ ਉਮੀਦਵਾਰਾਂ ਵੱਲੋਂ ਆਪੋ ਆਪਣੇ ਹਲਕਿਆਂ ਵਿਚ ਵੋਟਰਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਅਤੇ ਆਪਣੇ ਸਮਰਥਕਾਂ ਦੇ ਇਕੱਠ ਕਰ ਕੇ ਸ਼ਕਤੀ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਸਰੀ ਨਾਰਥ ਤੋਂ ਬੀ ਸੀ ਕੰਸਰਵੇਟਿਵ ਉਮੀਦਵਾਰ ਮਨਦੀਪ ਧਾਲੀਵਾਲ ਵੱਲੋਂ ਵੀ ਬੀਤੇ ਦਿਨ ਬੇਅਰ ਕਰੀਕ ਪਾਰਕ ਸਰੀ ਵਿਖੇ 'ਮੀਟ ਗਰੀਟ ਪ੍ਰੋਗਰਾਮ' ਕਰਵਾਇਆ ਗਿਆ ਜਿਸ ਵਿਚ ਬੀ.ਸੀ. ਕੰਸਰਵੇਟਿਵ ਆਗੂ ਜੌਹਨ ਰਸਟੈਡ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਮਨਦੀਪ ਧਾਲੀਵਾਲ ਨੇ ਆਪਣੇ ਸਮਰਥਕਾਂ ਤੇ ਬੀ ਸੀ ਕੰਸਰਵੇਟਿਵ ਨੂੰ ਹੁੰਗਾਰਾ ਦੇਣ ਵਾਲੇ ਲੋਕਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਬੀ.ਸੀ. ਦੇ ਲੋਕਾਂ ਲਈ ਇਹ ਸੁਨਹਿਰੀ ਮੌਕਾ ਹੈ ਕਿ ਲੋਕਾਂ ਪ੍ਰਤੀ ਸੇਵਾ ਭਾਵਨਾ ਰੱਖਣ ਅਤੇ ਭਾਈਚਾਰੇ ਦੀ ਬਿਹਤਰੀ ਲਈ ਯੋਗਦਾਨ ਪਾਉਣ ਵਾਲੇ ਆਗੂਆਂ ਦੀ ਪਛਾਣ ਕੀਤੀ ਜਾਵੇ। ਉਹਨਾਂ ਕਿਹਾ ਕਿ ਆਪਣੇ ਆਸ ਪਾਸ ਹੋ ਰਹੇ ਗ਼ਲਤ ਵਰਤਾਰੇ ਅਤੇ ਸਰਕਾਰੀ ਨਾਕਾਮੀਆਂ ਦੇਖ ਕੇ ਉਹਨਾਂ ਬੀ.ਸੀ. ਰਾਜਨੀਤੀ ਵਿਚ ਆਉਣ ਦਾ ਫੈਸਲਾ ਕੀਤਾ ਹੈ ਤਾਂ ਜੋ ਭਾਈਚਾਰੇ ਵਿਚ ਚੰਗੇਰੇ ਕਾਰਜਾਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਸਾਡਾ ਪਹਿਲਾ ਕਾਰਜ ਸਕੂਲੀ ਸਿੱਖਿਆ ਵਿਚ ਸੁਧਾਰ ਕਰਨਾ ਹੋਵੇਗਾ, ਸਕੂਲਾਂ ਵਿਚ ਸਾਇੰਸ, ਮੈਥ ਦੀਆਂ ਲੈਬਾਰਟਰੀਆਂ ਬਣਾਉਣ ਅਤੇ ਖੇਡ ਗਰਾਊਂਡ ਬਣਾਉਣ 'ਤੇ ਧਿਆਨ ਕੇਂਦਰ ਕਰਾਂਗੇ। ਉਹਨਾਂ ਆ ਰਹੀਆਂ ਅਸੈਂਬਲੀ ਚੋਣਾਂ ਵਿਚ ਬੀ.ਸੀ. ਕੰਸਰਵੇਟਿਵ ਉਮੀਦਵਾਰਾਂ ਦਾ ਸਾਥ ਦੇਣ ਦੀ ਅਪੀਲ ਕੀਤੀ।




ਇਸ ਮੌਕੇ ਬੀ ਸੀ ਕੰਸਰਵੇਟਿਵ ਆਗੂ ਜੌਹਨ ਰਸਟੈਡ ਨੇ ਕਿਹਾ ਕਿ ਲੋਕ ਡੇਵਿਡ ਈਬੀ ਸਰਕਾਰ ਦੀ ਗਲਤ ਨੀਤੀਆਂ ਤੋਂ ਬਹੁਤ ਦੁਖੀ ਹਨ। ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਲੋਕਾਂ ਨੂੰ ਹਰ ਪੱਧਰ 'ਤੇ ਦੁਸ਼ਵਾਰੀਆਂ ਸਹਿਣੀਆਂ ਪੈ ਰਹੀਆਂ ਹਨ। ਸਰੀ ਵਿਚ ਸਿਹਤ ਸਹੂਲਤਾਂ ਦੀ ਤਰਸਯੋਗ ਹਾਲਤ ਦਾ ਜ਼ਿਕਰ ਰਕਦਿਆਂ ਉਨ੍ਹਾਂ ਕਿਹਾ ਕਿ ਐਨ.ਡੀ.ਪੀ. ਸਰਕਾਰ ਨੇ ਸਰੀ ਮੈਮੋਰੀਅਲ ਹਸਪਤਾਲ ਦੇ ਡਾਕਟਰਾਂ ਵੱਲੋਂ ਚਿਤਾਵਨੀ ਦੇਣ ਦੇ ਬਾਵਜੂਦ ਵੀ ਕੋਈ ਉਜਰ ਨਹੀਂ ਕੀਤਾ। ਨਵਾਂ ਹਸਪਤਾਲ ਸਿਰਫ ਐਲਾਨਾਂ ਤੀਕ ਹੀ ਸਮੀਤ ਰਹਿ ਗਿਆ ਅਤੇ ਅਜੇ ਤੱਕ ਅਮਲੀ ਰੂਪ ਵਿਚ ਕੁਝ ਵੀ ਨਜ਼ਰ ਨਹੀਂ ਆ ਰਿਹਾ। ਕਾਰਬਨ ਟੈਕਸ ਰਾਹੀਂ ਲੋਕਾਂ ਉੱਪਰ ਆਰਥਿਕ ਬੋਝ ਪਾਇਆ ਗਿਆ ਹੈ। ਉਹਨਾਂ ਕਿਹਾ ਕਿ ਬੀ ਸੀ ਕੰਸਰਵੇਟਿਵ ਦੀ ਸਰਕਾਰ ਆਉਣ 'ਤੇ ਸਿਹਤ, ਸਿੱਖਿਆ ਤੇ ਛੋਟੇ ਕਾਰੋਬਾਰਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਉਹਨਾਂ ਸਰੀ ਦੇ ਸਾਰੇ ਬੀਸੀ ਕੰਸਰਵੇਟਿਵ ਉਮੀਦਵਾਰਾਂ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਦੀ ਅਪੀਲ ਕੀਤੀ।

ਇਸ ਮੌਕੇ ਸਰੀ ਨਿਊਟਨ ਤੋਂ ਉਮੀਦਵਾਰ ਤੇਗਜੋਤ ਬੱਲ, ਸਰੀ ਗਿਲਫੋਰਡ ਤੋਂ ਉਮੀਦਵਾਰ ਹੋਣਵੀਰ ਸਿੰਘ ਰੰਧਾਵਾ, ਸਰੀ ਫਲੀਟਵੁੱਡ ਤੋਂ ਉਮੀਦਵਾਰ ਅਵਤਾਰ ਗਿੱਲ, ਸਰੀ ਨਿਊਟਨ ਤੋਂ ਫੈਡਰਲ ਕੰਸਰਵੇਟਿਵ ਉਮੀਦਵਾਰ ਹਰਜੀਤ ਸਿੰਘ ਗਿੱਲ, ਰਾਜਵੀਰ ਸਿੰਘ ਢਿੱਲੋਂ, ਅਜਮੇਰ ਸਿੰਘ ਢਿੱਲੋਂ ਸਾਬਕਾ ਚੇਅਰਮੈਨ, ਪ੍ਰਸਿੱਧ ਗੀਤਕਾਰ ਰਾਜ ਕਾਕੜਾ, ਰਿੱਕੀ ਬਾਜਵਾ, ਨਵਰੂਪ ਸਿੰਘ, ਅਤੇ ਹੋਰ ਕਈ ਸ਼ਖ਼ਸੀਅਤਾਂ ਹਾਜ਼ਰ ਸਨ। ਅੰਤ ਵਿਚ ਮਨਦੀਪ ਧਾਲੀਵਾਲ ਨੇ ਸਾਰੇ ਸਮਰਥਕਾਂ ਦਾ ਧੰਨਵਾਦ ਕੀਤਾ।

Guru Nanak's Free Kitchen
LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170

ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ

SANJHA PUNJAB SINCE 1997

ਸਾਂਝਾ ਪੰਜਾਬ ਸਵੀਟਸ

ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤ੍ਰਿਆਰ ਬਰ ਤਿਆਰ ਮਿਲਦੇ ਹਨ।

100% Vegitarian

Special Rates for Gurdwara & Mandir



CONTACT : SATJINDER SAMRA

604-930-9099

E-mail : sanjhapunjabsweets@gmail.com | Website : www.sanjhapunjabsweets.com

1-B 12830 96 Ave, Surrey, BC V3V 6A8

# ਸੰਤਾਲੀ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?

ਲਿਖਤ : ਗੁਰਪ੍ਰੀਤ ਸਿੰਘ ਮੰਡਿਆਣੀ

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਉਸਨੇ ਆਜ਼ਾਦ ਦੇ ਸੁਝਾਅ ਦਾ ਹੁੰਗਾਰਾ ਤਾਂ ਭਰਿਆ ਪਰ ਨਹਿਰੂ ਤੇ ਪਟੇਲ ਦਾ ਘੂਰਿਆ ਹੋਇਆ ਗਾਂਧੀ ਇਸ ਸੁਝਾਅ 'ਤੇ ਕੋਈ ਉਤਸ਼ਾਹ ਨਾ ਦਿਖਾ ਸਕਿਆ।

25. ਵੰਡਾਰਾ ਤਜਵੀਜ਼ ਦੀਆਂ ਮੁੱਖ ਗੱਲਾਂ: ਮੁਸਲਮਾਨ ਬਹੁਗਿਣਤੀ ਵਾਲੇ ਸੂਬੇ ਪਾਕਿਸਤਾਨ ਵਿਚ ਜਾਣਗੇ ਜਦਕਿ ਹਿੰਦੂ ਬਹੁਗਿਣਤੀ ਵਾਲੇ ਸੂਬੇ ਹਿੰਦੁਸਤਾਨ ਵਿਚ ਰਹਿਣਗੇ। ਪੰਜਾਬ ਅਤੇ ਬੰਗਾਲ ਵਿਧਾਨ ਸਭਾਵਾਂ ਵਿਚਲੇ ਹਿੰਦੂ-ਸਿੱਖ ਅਤੇ ਮੁਸਲਮਾਨ ਬਹੁਗਿਣਤੀ ਵਾਲੇ (1941 ਦੀ ਮਰਦਮਸ਼ੁਮਾਰੀ ਮੁਤਾਬਕ) ਜ਼ਿਲ੍ਹਿਆਂ ਦੇ ਮੈਂਬਰ ਵੱਖੋ-ਵੱਖਰੇ ਇਜਲਾਸਾਂ ਵਿਚ ਬੈਠਣਗੇ। ਜੇ ਇਕ ਹਿੱਸਾ ਵੰਡ ਨੂੰ ਸਹਿਮਤੀ ਦੇ ਦਿੰਦਾ ਹੈ ਤਾਂ ਸੂਬੇ ਦੀ ਵੰਡ ਕਰ ਦਿੱਤੀ ਜਾਵੇਗੀ। ਹਿੰਦੁਸਤਾਨੀ ਰਿਆਸਤਾਂ ਬਰਤਾਨਵੀ ਸਰਕਾਰ ਨਾਲ ਹੋਈਆਂ ਸੰਧੀਆਂ ਤੋਂ ਆਜ਼ਾਦ ਹੋ ਜਾਣਗੀਆਂ। ਭਾਵ ਉਹ ਜਿਧਰ ਮਰਜੀ ਜਾਣ ਜਾਂ ਆਜ਼ਾਦ ਰਹਿਣ ਇਹ ਉਨ੍ਹਾਂ ਦੀ ਮਨਸ਼ਾ ਹੈ। ਜੇ ਪੰਜਾਬ ਜਾਂ ਬੰਗਾਲ ਦੀ ਵੰਡ ਕਰਨੀ ਪਵੇ ਤਾਂ ਇਸ ਲਈ ਇਕ ਹੱਦਬੰਦੀ ਕਮਿਸ਼ਨ ਬਣਾਇਆ ਜਾਵੇਗਾ। ਇਕ ਕੇਂਦਰੀ ਵੰਡਾਰਾ ਕੌਂਸਲ ਬਣੇਗੀ ਜੋ ਕਿ ਦੋਵਾਂ ਮੁਲਕਾਂ ਵਿਚ ਅਸਾਸਿਆਂ ਦੀ ਵੰਡ ਤੋਂ ਇਲਾਵਾ ਹੋਰ ਮਸਲਿਆਂ ਦਾ ਹੱਲ ਕਰੇਗੀ। ਵਾਇਸਰਾਏ ਇਸਦਾ ਚੇਅਰਮੈਨ ਹੋਵੇਗਾ ਤੇ ਦੋਵਾਂ ਧਿਰਾਂ ਦੇ ਬਰਾਬਰ ਦੇ ਨੁਮਾਇੰਦੇ ਹੋਣਗੇ। ਇਸੇ ਤਰ੍ਹਾਂ ਪੰਜਾਬ ਅਤੇ ਬੰਗਾਲ ਲਈ ਗਵਰਨਰ ਦੀ ਅਗਵਾਈ ਵਿਚ ਵੰਡਾਰਾ ਕੌਂਸਲ ਬਣੇਗੀ।

ਕਿਉਂਕਿ ਹਿੰਦੁਸਤਾਨ ਦੀ ਸਰਕਾਰ ਗਵਰਨਮੈਂਟ ਆਫ ਇੰਡੀਆ ਐਕਟ 1935 ਦੇ ਤਹਿਤ ਕੰਮ ਕਰਦੀ ਸੀ ਸੋ ਦੋਵਾਂ ਮੁਲਕਾਂ ਦੇ ਹੋਂਦ ਵਿਚ ਆਉਣ ਅਤੇ ਉਥੇ ਨਵੀਆਂ ਸਰਕਾਰਾਂ ਕਾਇਮ ਕਰਨ ਲਈ 1935 ਵਾਲੇ ਐਕਟ ਨੂੰ ਖਤਮ ਕਰਨਾ ਜ਼ਰੂਰੀ ਸੀ। 3 ਜੂਨ ਦੀ ਤਜਵੀਜ਼ ਨੂੰ ਮਨਜ਼ੂਰੀ ਮਿਲਣ ਤੋਂ ਬਾਅਦ ਬਰਤਾਨਵੀ ਪਾਰਲੀਮੈਂਟ ਨੇ 1935 ਵਾਲੇ ਐਕਟ ਦੀ ਥਾਂ 'ਤੇ ਇਕ ਨਵਾਂ ਇੰਡੀਅਨ ਇੰਡੀਪੈਂਡੈਂਸ ਐਕਟ 1947 ਬਣਾ ਕੇ ਹਿੰਦੁਸਤਾਨ ਦੇ ਵੰਡਾਰੇ ਨੂੰ ਕਾਨੂੰਨੀ ਸ਼ਕਲ ਦਿੰਦਿਆਂ ਨਵੀਂਆਂ ਸਰਕਾਰਾਂ ਨੂੰ ਕਾਨੂੰਨ ਦੁਆਰਾ ਮਾਨਤਾ ਦੇ ਦਿੱਤੀ। ਇਸ ਵਿਚ 15 ਅਗਸਤ 1947 ਨੂੰ ਦੋ ਮੁਲਕ ਹੋਂਦ ਵਿਚ ਆਉਣ ਦਾ ਜ਼ਿਕਰ ਸੀ। ਇਹ ਵੀ ਕਿਹਾ ਗਿਆ ਕਿ ਇਹ ਨਵਾਂ ਐਕਟ 3 ਜੂਨ 1947 ਤੋਂ ਹੀ ਅਮਲ ਵਿਚ ਸਮਝਿਆ ਜਾਵੇ।

26. ਪੰਜਾਬ ਤੇ ਬੰਗਾਲ ਦੇ ਵੰਡਾਰੇ ਲਈ ਵਿਧਾਨ ਸਭਾ 'ਚ ਵੋਟਿੰਗ ਹੋਈ: 3 ਜੂਨ ਦੀ ਪਲਾਨ ਦੇ ਪਹਿਰਾ ਨੰਬਰ 9 ਵਿਚ ਇਹ ਦਰਜ ਸੀ ਕਿ ਬੰਗਾਲ ਅਤੇ ਪੰਜਾਬ ਦੀਆਂ ਵਿਧਾਨ ਸਭਾਵਾਂ ਦੀ ਮੀਟਿੰਗਾਂ ਦੋ-ਦੋ ਹਿੱਸਿਆਂ ਵਿਚ ਹੋਣਗੀਆਂ। ਇਕ ਹਿੱਸੇ ਵਿਚ ਮੁਸਲਮਾਨ ਬਹੁ ਸੰਮਤੀ ਵਾਲੇ ਜ਼ਿਲ੍ਹਿਆਂ ਤੇ ਮੈਂਬਰ ਬੈਠਣਗੇ ਜਦਕਿ ਦੂਜੇ ਹਿੱਸੇ ਵਿਚ ਗੈਰ ਮੁਸਲਿਮ ਬਹੁ ਗਿਣਤੀ ਜ਼ਿਲ੍ਹਿਆਂ ਦੇ ਮੈਂਬਰ ਬੈਠਣਗੇ। ਦੋਨੇ ਹਿੱਸੇ ਇਹ ਫੈਸਲਾ ਕਰਨਗੇ ਕਿ ਉਹ ਸੂਬੇ ਦਾ ਵੰਡਾਰਾ ਚਾਹੁੰਦੇ ਹਨ ਕਿ ਨਹੀਂ, ਜੇ ਇੱਕ ਹਿੱਸੇ ਨੇ ਵੰਡਾਰੇ ਦੇ ਹੱਕ ਵਿੱਚ ਮਤਾ ਪਾਸ ਕਰ ਦਿੱਤਾ ਤਾਂ ਵੰਡਾਰਾ ਹੋ ਜਾਵੇਗਾ। ਵੰਡਾਰੇ ਦੀ ਸੂਰਤ ਵਿੱਚ ਉਨ੍ਹਾਂ ਨੂੰ ਇਹ ਦੱਸਣਾ ਪੈਣਾ ਸੀ ਕਿ ਉਹ ਪਾਕਿਸਤਾਨ ਵਿਚ ਜਾਣਾ ਚਾਹੁੰਦੇ ਹਨ ਜਾਂ ਹਿੰਦੁਸਤਾਨ ਵਿਚ ਰਹਿਣਾ ਚਾਹੁੰਦੇ ਨੇ। ਇਸੇ ਮੁਤਾਬਕ ਪੰਜਾਬ ਵਿਧਾਨ ਸਭਾ 23 ਜੂਨ 1947 ਦੋ ਹਿੱਸਿਆਂ ਵਿਚ ਬੈਠੀ। ਮੁਸਲਮਾਨ ਬਹੁ ਗਿਣਤੀ ਵਾਲੇ ਜ਼ਿਲ੍ਹਿਆਂ ਦੇ ਐਮ.ਐਲ.ਏਜ਼ ਨੇ ਮਤਾ ਪਾ ਕੇ ਪਾਕਿਸਤਾਨ ਵਿਚ ਜਾਣ ਦੀ ਇੱਛਾ ਜਾਹਰ ਕੀਤੀ। ਜਦਕਿ ਦੂਜੇ ਹਿੱਸਿਆਂ ਨੇ ਭਾਰਤ ਵਿਚ ਰਹਿਣ ਦਾ ਐਲਾਨ ਕੀਤਾ। ਇਸੇ ਤਰ੍ਹਾਂ ਬੰਗਾਲ ਦੀ ਵੰਡ ਹੋਈ। ਸੋ ਇਸ ਤਰ੍ਹਾਂ ਦੋਵੇਂ ਸੂਬਿਆਂ ਦੀ ਵੰਡ ਅਮਲ ਵਿਚ ਆਈ।

27. ਵੰਡ ਲਈ ਰਸਮੀ ਕਾਰਵਾਈ: ਨਵੇਂ ਐਕਟ ਮੁਤਾਬਕ ਵਾਇਸਰਾਏ ਨੇ ਕੇਂਦਰੀ ਵੰਡਾਰਾ ਕੌਂਸਲ ਕਾਇਮ ਕੀਤੀ ਇਸੇ ਤਰ੍ਹਾਂ ਪੰਜਾਬ ਅਤੇ ਬੰਗਾਲ ਲਈ ਸੂਬਾਈ ਵੰਡਾਰਾ ਕੌਂਸਲਾਂ ਕਾਇਮ ਹੋਈਆਂ। ਪੰਜਾਬ ਲਈ ਵੰਡਾਰਾ ਕੌਂਸਲ ਦੇ ਮੈਂਬਰਾਂ ਵਿਚ ਪੱਛਮੀ ਪੰਜਾਬ ਵਾਲੇ ਪਾਸਿਓਂ ਮੁਮਤਾਜ਼ ਦੌਲਤਾਨਾ ਅਤੇ ਜ਼ਹੀਰ ਹੁਸੈਨ ਮੈਂਬਰ ਲਏ ਗਏ ਜਦਕਿ ਪੂਰਬੀ ਪੰਜਾਬ ਵਲੋਂ ਡਾ. ਗੋਪੀ ਚੰਦ ਭਾਰਗਵ ਅਤੇ ਸ. ਸਰਵਨ ਸਿੰਘ ਮੈਂਬਰ ਬਣੇ। ਪੰਜਾਬ ਦਾ ਗਵਰਨਰ ਮਿਸਟਰ ਜੈਕਸਨ ਇਸਦਾ ਚੇਅਰਮੈਨ ਸੀ। ਇਸ ਕਮੇਟੀ ਜ਼ਿੰਮੇ ਸੂਬੇ ਦੇ ਪ੍ਰਸ਼ਾਸਨ ਨੂੰ ਦੋ ਹਿੱਸਿਆਂ ਵਿਚ ਵੰਡਣ ਦਾ ਜ਼ਿੰਮਾ ਸੀ ਅਤੇ ਖਜ਼ਾਨਾ, ਦੇਣਦਾਰੀਆਂ, ਲੈਣਦਾਰੀਆਂ ਅਤੇ ਹੋਰ ਜਾਇਦਾਦ ਦੇ ਵੰਡਾਰੇ ਨੂੰ ਵੀ ਇਸ ਕਮੇਟੀ ਨੂੰ ਸਹੀ ਤਰੀਕੇ ਨਾਲ ਸਰਅੰਜ਼ਾਮ ਦੇਣਾ ਸੀ। ਇਸ ਕਮੇਟੀ ਦੀ ਪਹਿਲੀ ਮੀਟਿੰਗ 1 ਜੁਲਾਈ 1947 ਨੂੰ ਹੋਈ। ਓਸ ਵਿਚ ਪੰਜਾਬ ਸਰਕਾਰ ਦੇ ਸਾਰੇ ਮੁਲਾਜ਼ਮਾਂ ਨੂੰ ਪੁੱਛਿਆ ਗਿਆ ਕਿ ਉਹ ਆਪਣੀ ਇੱਛਾ ਮੁਤਾਬਕ ਜਿਹੜੇ ਪਾਸੇ ਜਾਣਾ ਚਾਹੁਣ ਜਾ ਸਕਦੇ ਨੇ। ਕਮੇਟੀ ਨੇ 1941 ਦੀ ਮਰਦਮਸ਼ੁਮਾਰੀ ਮੁਤਾਬਕ ਮੋਟੇ ਤੌਰ 'ਤੇ ਪੰਜਾਬ ਨੂੰ ਮੁਸਲਿਮ ਅਤੇ ਗੈਰ ਮੁਸਲਿਮ ਇਲਾਕਿਆਂ ਮੁਤਾਬਕ ਜ਼ਿਲ੍ਹਾਵਾਰ ਵੰਡ 'ਤੇ ਸਹਿਮਤੀ ਕਰ ਲਈ। ਗੁਰਦਾਸਪੁਰ, ਅੰਮ੍ਰਿਤਸਰ ਅਤੇ ਲਾਹੌਰ ਵਿਵਾਦ ਵਾਲੇ ਜ਼ਿਲ੍ਹੇ ਮੰਨੇ ਗਏ। ਇਨ੍ਹਾਂ ਜ਼ਿਲ੍ਹਿਆਂ ਵਿਚ ਡਿਪਟੀ ਕਮਿਸ਼ਨਰ ਅਤੇ ਪੁਲਿਸ ਮੁਖੀ ਅੰਗਰੇਜ਼ ਨਿਯੁਕਤ ਕਰ ਦਿੱਤੇ ਗਏ। ਇਹ ਫੈਸਲਾ ਕੀਤਾ ਗਿਆ ਕਿ ਪੰਜਾਬ ਦਾ ਸਾਂਝਾ ਸਿਵਲ ਸਕੱਤਰੇਤ 10 ਅਗਸਤ ਨੂੰ ਬੰਦ ਹੋ ਜਾਵੇਗਾ ਅਤੇ ਫੇਰ ਜਦੋਂ ਇਹ ਖੁੱਲ੍ਹੇਗਾ ਤਾਂ ਦੋ ਵੱਖ ਵੱਖ ਹਿੱਸਿਆਂ ਵਿਚ ਹੀ ਖੁੱਲ੍ਹੇਗਾ। ਪੂਰਬੀ ਪੰਜਾਬ ਦੇ ਸਕੱਤਰੇਤ ਨੂੰ ਸ਼ਿਮਲੇ ਤਬਦੀਲ ਕਰਨ ਦਾ ਫੈਸਲਾ ਹੋਇਆ।



28. ਸਾਲਸੀ ਅਦਾਲਤ (ਆਰਬੀਟਰਲ ਟ੍ਰਿਬਿਊਨਲ): 3 ਜੂਨ ਦੇ ਪਲਾਨ ਮੁਤਾਬਕ ਇਕ ਸਾਲਸੀ ਅਦਾਲਤ ਕਾਇਮ ਕੀਤੀ ਗਈ। ਜਿਸਦੀ ਜ਼ਿੰਮੇਵਾਰੀ ਇਹ ਸੀ ਕਿ ਜਿਹੜੇ ਝਗੜਿਆਂ ਦਾ ਨਬੇੜਾ ਵੰਡਾਰਾ ਕੌਂਸਲ ਨਹੀਂ ਕਰ ਸਕੇਗੀ ਉਸਦਾ ਫੈਸਲਾ ਬਾਅਦ ਵਿਚ ਸਾਲਸੀ ਅਦਾਲਤ ਕਰਦੀ ਰਹੇਗੀ। ਜਿਸਦਾ ਮਨੋਰਥ ਇਹ ਸੀ ਕਿ ਝਗੜਿਆਂ ਦਾ ਹੱਲ ਨਾ ਹੋਣਾ ਮੁਲਕ ਦੀ ਆਜ਼ਾਦੀ ਵਿਚ ਦੇਰੀ ਨਾ ਬਣੇ। ਇਸਦੀ ਮੁਨਿਆਦ 1 ਦਸੰਬਰ 1947 ਮਿੱਥੀ ਗਈ। ਪ੍ਰਧਾਨ ਦੀ ਇਜਾਜ਼ਤ ਨਾਲ ਇਕ ਮਹੀਨਾ ਹੋਰ ਵਧਾਇਆ ਜਾ ਸਕਦਾ ਹੈ। ਇਸ ਅਦਾਲਤ ਦੀ ਕਾਇਮੀ ਲਈ ਹੁਕਮ 12 ਅਗਸਤ 1947 ਨੂੰ ਜਾਰੀ ਹੈ। ਇਸ ਵਿਚ ਭਾਰਤ ਵਾਲੇ ਪਾਸਿਓਂ ਜਸਟਿਸ ਕਾਨਿਆ ਅਤੇ ਪਾਕਿਸਤਾਨ ਵਲੋਂ ਜਸਟਿਸ ਮੁਹੰਮਦ ਇਸਮਾਇਲ ਨਿਯੁਕਤ ਹੋਏ।

29. ਪੰਜਾਬ ਤੇ ਬੰਗਾਲ ਹੱਦਬੰਦੀ ਕਮਿਸ਼ਨ ਦੀ ਨਿਯੁਕਤੀ: ਮੁਲਕ ਦੇ ਵੰਡਾਰੇ ਦਾ ਆਖਰੀ ਮਰਹਲਾ ਹੱਦਬੰਦੀ ਕਮਿਸ਼ਨ ਦੀ ਕਾਇਮੀ ਸੀ। 3 ਜੂਨ ਪਲਾਨ ਮੁਤਾਬਕ ਇਨ੍ਹਾਂ ਦੋਵੇਂ ਸੂਬਿਆਂ ਦੀ ਵੰਡ ਸੂਬਾਈ ਵੰਡਾਰਾ ਕਮੇਟੀਆਂ ਨੇ ਮੋਟੇ ਤੌਰ 'ਤੇ ਕਰ ਲੈਣੀ ਸੀ। ਵਿਵਾਦ ਵਾਲੇ ਜ਼ਿਲ੍ਹਿਆਂ ਲਈ ਇਕ ਹੱਦਬੰਦੀ ਕਮਿਸ਼ਨ ਕਾਇਮ ਹੋਣਾ ਸੀ, ਜਿਸਦੇ ਫੈਸਲੇ ਨੂੰ ਮੰਨਣ ਲਈ ਦੋਵੇਂ ਧਿਰਾਂ ਨੇ ਲਿਖਤੀ ਬਚਨ ਦਿੱਤਾ ਸੀ। ਪੂਰਬੀ ਬੰਗਾਲ ਦੇ ਨਾਲ ਲੱਗਦੇ ਸੂਬੇ ਵਿਚ ਇਕ ਸਿਲਹਟ ਜ਼ਿਲ੍ਹਾ ਐਸਾ ਸੀ ਜੋ ਕਿ ਬੰਗਾਲੀ ਭਾਸ਼ੀ ਮੁਸਲਮਾਨਾਂ ਦਾ ਸੀ। ਇਸ ਬਾਰੇ ਫੈਸਲਾ ਹੋਇਆ ਸੀ ਕਿ ਇਥੇ ਰਾਇਸ਼ੁਮਾਰੀ ਕਰਾਈ ਜਾਵੇਗੀ, ਜਿਸ ਰਾਹੀਂ ਇਹ ਜ਼ਿਲ੍ਹਾ ਜਿਧਰ ਜਾਣਾ ਚਾਹੇਗਾ ਉਧਰ ਭੇਜ ਦਿੱਤਾ ਜਾਵੇਗਾ। ਰਾਇਸ਼ੁਮਾਰੀ ਪੂਰਬੀ ਬੰਗਾਲ ਦੇ ਹੱਕ ਵਿਚ ਨਿਕਲੀ ਇਸ ਕਰਕੇ ਇਹ ਪੂਰਬੀ ਬੰਗਾਲ ਦੇ ਨਾਲ ਨਾਲ ਹੀ ਪਾਕਿਸਤਾਨ ਵਿਚ ਚਲਿਆ ਗਿਆ। ਪੰਜਾਬ ਦੀ ਵੰਡਾਰਾ ਕਮੇਟੀ ਨੇ ਹੱਦਬੰਦੀ ਕਮਿਸ਼ਨ ਲਈ ਆਪਣੇ ਵਲੋਂ ਇਹ ਨਾਂਅ ਪੇਸ਼ ਕੀਤੇ ਜਿਨ੍ਹਾਂ ਵਿਚੋਂ ਜਸਟਿਸ ਦੀਨ ਮੁਹੰਮਦ ਅਤੇ ਜਸਟਿਸ ਮੁਹੰਮਦ ਮੁਨੀਰ ਪੱਛਮੀ ਪੰਜਾਬ ਵਲੋਂ ਸਨ। ਜਸਟਿਸ ਮੇਹਰ ਚੰਦ ਮਹਾਜਨ ਅਤੇ ਜਸਟਿਸ ਤੇਜਾ ਸਿੰਘ ਪੂਰਬੀ ਪੰਜਾਬ ਦੇ ਨੁਮਾਇੰਦਿਆਂ ਵਜੋਂ ਸਨ। ਇਸੇ ਤਰੀਕੇ ਨਾਲ ਬੰਗਾਲ ਦੀ ਵੰਡ ਲਈ ਵੱਖਰਾ ਹੱਦਬੰਦੀ ਕਮਿਸ਼ਨ ਕਾਇਮ ਹੋਇਆ।

30. ਹੱਦਬੰਦੀ ਕਮਿਸ਼ਨ ਦੇ ਚੇਅਰਮੈਨ ਦੀ ਨਿਯੁਕਤੀ: ਹੱਦਬੰਦੀ ਕਮਿਸ਼ਨ ਦੇ ਚੇਅਰਮੈਨ ਵਜੋਂ ਮੁਹੰਮਦ ਅਲੀ ਜਿਨਾਹ ਨੇ ਬ੍ਰਿਟਸ਼ ਬਾਰ ਕੌਂਸਲ ਦੇ ਵਾਇਸ ਚੇਅਰਮੈਨ ਸਰ ਸੀਰਿਲ ਰੈੱਡਕਲਿਫ ਦਾ ਨਾਂਅ ਪੇਸ਼ ਕੀਤਾ। ਜੋ ਕਿ ਬੰਗਾਲ ਅਤੇ ਪੰਜਾਬ ਦੇ ਹੱਦਬੰਦੀ ਕਮਿਸ਼ਨਾਂ ਦਾ ਸਾਂਝਾ ਚੇਅਰਮੈਨ ਹੋਣਾ ਸੀ। ਸੈਕਟਰੀ ਆਫ ਸਟੇਟ ਫਾਰ ਇੰਡੀਆ ਨੇ ਸਰ ਸੀਰਿਲ ਰੈੱਡਕਲਿਫ ਦੇ ਨਾਂ ਦੀ ਪ੍ਰੋੜ੍ਹਤਾ ਕੀਤੀ ਅਤੇ ਉਸ ਬਾਰੇ ਲਿਖਆ ਕਿ ਉਹ "ਇਕ ਬਹੁਤ ਹੀ ਈਮਾਨਦਾਰ, ਕਾਨੂੰਨ ਦੇ ਮਾਹਰ ਅਤੇ ਭਾਰੀ ਤਜ਼ਰਬਾ ਰੱਖਣ ਵਾਲੇ ਵਿਅਕਤੀ ਹਨ।" ਸਰ ਸੀਰਿਲ ਰੈੱਡਕਲਿਫ (ਜੋ ਬਾਅਦ ਵਿਚ ਲਾਰਡ ਰੈੱਡਕਲਿਫ ਹੋ ਗਏ) ਦੀ ਨਿਯੁਕਤੀ ਦੀ ਰਸਮੀ ਤਜਵੀਜ਼ ਲਾਰਡ ਮਾਊਂਟਬੈਟਨ ਨੇ 26 ਜੂਨ ਨੂੰ ਇਕ ਨੋਟ ਦੇ ਰੂਪ ਵਿਚ ਪੇਸ਼ ਕੀਤੀ, ਜਿਸ ਨੂੰ 27 ਜੂਨ 1947 ਨੂੰ ਕੇਂਦਰੀ ਬਟਵਾਰਾ ਕੌਂਸਲ ਦੀ ਪਹਿਲੀ ਮੀਟਿੰਗ ਵਿਚ ਸਰਬਸੰਮਤੀ ਨਾਲ ਮਨਜ਼ੂਰ ਕਰ ਲਿਆ ਗਿਆ। ਇਸ ਕੌਂਸਲ ਵਿਚ ਦੋਵੇਂ ਧਿਰਾਂ ਦੇ ਬਰਾਬਰ ਦੇ ਨੁਮਾਇੰਦੇ ਸਨ। ਕੇਂਦਰੀ ਵੰਡਾਰਾ ਕੌਂਸਲ ਨੇ ਹੀ ਫੈਸਲਾ ਕੀਤਾ ਕਿ ਕਮਿਸ਼ਨ ਦਾ ਚੇਅਰਮੈਨ ਅੰਗਰੇਜ਼ ਹੀ ਹੋਣਾ ਚਾਹੀਦਾ ਹੈ। ਇਹ ਦੇਖ ਕੇ ਕਿ ਕਮਿਸ਼ਨ ਦੇ ਮੁਸਲਮਾਨ ਅਤੇ ਗੈਰ ਮੁਸਲਮਾਨ ਮੈਂਬਰਾਂ ਦੀ ਗਿਣਤੀ ਇਕੋ ਜਿਹੀ ਹੋਣ ਕਰਕੇ ਆਖਰੀ ਫੈਸਲੇ ਦਾ ਅਖਤਿਆਰ ਚੇਅਰਮੈਨ ਕੋਲ ਹੋਵੇ। ਜਿਸ ਕਰਕੇ ਇੰਡੀਅਨ ਇੰਡੀਪੈਂਡਿਸ ਐਕਟ 1947 ਦੀ ਧਾਰਾ 4 ਵਿਚ ਤਰਮੀਮ ਕਰਕੇ ਇਹ ਗੱਲ ਬਕਾਇਦਾ ਦਰਜ ਕੀਤੀ ਗਈ। ਇਹ ਗੱਲ ਵੀ ਕੇਂਦਰੀ ਬਟਵਾਰਾ ਕੌਂਸਲ ਦੀ ਸਹਿਮਤੀ ਨਾਲ ਕੀਤੀ ਗਈ। 22 ਜੁਲਾਈ 1947 ਨੂੰ ਵਾਇਸਰਾਇ ਨੇ ਕੌਂਸਲ ਦੇ ਦੋਵਾਂ ਧਿਰਾਂ ਦੇ ਮੈਂਬਰਾਂ ਤੋਂ ਇਹ ਬਚਨ ਵੀ ਲਿਆ ਗਿਆ ਕਿ ਜੇ ਕਮਿਸ਼ਨ ਸਰਬਸੰਮਤੀ ਨਾਲ ਕੋਈ ਫੈਸਲਾ ਨਾ ਕਰ ਸਕਿਆ ਤਾਂ ਇਸਦਾ ਚੇਅਰਮੈਨ ਜੋ ਵੀ ਫੈਸਲਾ ਕਰੇਗਾ ਉਹ ਦੋਵਾਂ ਧਿਰਾਂ ਨੂੰ ਹਰ ਹਾਲਤ ਵਿਚ ਮਨਜ਼ੂਰ ਹੋਵੇਗਾ।

31. ਹੱਦਬੰਦੀ ਕਮਿਸ਼ਨ ਦੇ ਕੰਮ ਦਾ ਤਰੀਕਾ: ਕਮਿਸ਼ਨ ਨੇ ਹੱਦਬੰਦੀ ਕਰਨ ਦੇ ਆਮ ਲੋਕਾਂ ਅਤੇ ਸਿਆਸੀ ਧਿਰਾਂ ਦੇ ਲਾਹੌਰ ਰਹਿ ਕੇ ਵਿਚਾਰ ਸੁਣੇ। 31 ਜੁਲਾਈ 1947 ਮਗਰੋਂ ਕਮਿਸ਼ਨ ਸ਼ਿਮਲੇ ਚਲਾ ਗਿਆ। 3 ਅਗਸਤ 1947 ਨੂੰ ਜਸਟਿਸ ਮੇਹਰ ਚੰਦ ਮਹਾਜਨ ਨੇ ਆਪਣੀ ਰਿਪੋਰਟ ਪੇਸ਼ ਕੀਤੀ। 4 ਅਗਸਤ ਨੂੰ ਜਸਟਿਸ ਤੇਜਾ ਸਿੰਘ ਨੇ ਆਪਣੀ ਰਿਪੋਰਟ ਪੇਸ਼ ਕੀਤੀ। 5 ਅਗਸਤ ਨੂੰ ਜਸਟਿਸ ਦੀਨ ਮੁਹੰਮਦ ਅਤੇ 6 ਅਗਸਤ ਨੂੰ ਜਸਟਿਸ ਮੁਹੰਮਦ ਮੁਨੀਰ ਨੇ ਆਪਣੀ ਰਿਪੋਰਟ ਪੇਸ਼ ਕੀਤੀ। ਇਹ ਦੋਵੇਂ ਧਿਰਾਂ ਦੀਆਂ ਰਿਪੋਰਟਾਂ ਆਮ ਸਹਿਮਤੀ ਦੇ ਨੇੜੇ ਤੇੜੇ ਨਹੀਂ ਸਨ। ਕਮਿਸ਼ਨ ਦੀ ਆਖਰੀ ਮੀਟਿੰਗ ਸਰਵਿਸ ਕਲੱਬ ਸ਼ਿਮਲਾ ਵਿਖੇ ਹੋਈ। ਜਿਸ ਵਿਚ ਬੋਲਦਿਆਂ ਹੋਇਆਂ ਚੇਅਰਮੈਨ ਸਰ ਰੈੱਡਕਲਿਫ ਨੇ ਕਿਹਾ ਕਿ ਭਾਈ ਸਾਹਿਬ ਤੁਸੀਂ, ਹੱਦਬੰਦੀ 'ਤੇ ਆਪਸ ਵਿਚ ਕੋਈ ਸਹਿਮਤੀ ਨਹੀਂ ਬਣਾ ਸਕੇ ਜਿਸ ਕਰਕੇ ਮੇਰਾ ਇਹ ਫਰਜ਼ ਬਣਦਾ ਹੈ ਕਿ ਕਾਨੂੰਨ ਮੁਤਾਬਕ ਮਿਲੇ ਹੋਈ ਅਖਤਿਆਰਾਂ ਦੀ ਵਰਤੋਂ ਕਰਕੇ ਮੈਂ ਆਪਣਾ ਆਖਰੀ ਫੈਸਲਾ ਦੇਵਾਂ, ਜੋ ਕਿ ਮੈਂ ਬਾਅਦ ਵਿਚ ਦੇਵਾਂਗਾ।

32. ਹੱਦਬੰਦੀ ਕਮਿਸ਼ਨ ਦਾ ਫੈਸਲਾ: ਕਮਿਸ਼ਨ ਦੇ ਚੇਅਰਮੈਨ ਨੇ ਆਖਰੀ ਫੈਸਲੇ ਵਿਚ ਆਬਾਦੀ ਵਾਲੇ ਸਿਧਾਂਤ ਤੋਂ ਇਲਾਵਾ ਹੋਰ ਗੱਲਾਂ ਨੇ ਧਿਆਨ ਵਿਚ ਰੱਖਣ ਦੀ ਮਿਲੀ ਹਦਾਇਤ ਨੂੰ ਮੁੱਖ ਰੱਖਦਿਆਂ ਮਿਸਾਲ ਦੇ ਤੌਰ 'ਤੇ ਮੁਸਲਿਮ ਆਬਾਦੀ ਵਾਲੇ ਫਿਰੋਜ਼ਪੁਰ ਜ਼ਿਲ੍ਹੇ ਨੂੰ ਭਾਰਤ ਨੂੰ ਦਿੱਤਾ ਜਦਕਿ ਗੁਰਦਾਸਪੁਰ ਜ਼ਿਲ੍ਹੇ ਦੀ ਤਹਿਸੀਲ ਸ਼ੱਕਰਗੜ੍ਹ ਪਾਕਿਸਤਾਨ ਨੂੰ ਦਿੱਤੀ। ਇਸ ਨਾਲ ਹਰੀਕੇ ਅਤੇ ਹੁਸੈਨੀਵਾਲਾ ਹੈੱਡਵਰਕਸ ਹਿੰਦੁਸਤਾਨ ਨੂੰ ਮਿਲ ਸਕੇ। ਕਮਿਸ਼ਨ ਨੇ ਦਰਿਆਈ ਪਾਣੀਆਂ ਦੀ ਵੰਡ ਅਤੇ ਆਵਾਜਾਈ ਦੇ ਸਾਧਨਾਂ ਨੂੰ ਵੀ ਧਿਆਨ ਵਿਚ ਰੱਖਿਆ। ਹੱਦਬੰਦੀ ਦੇ ਕਮਿਸ਼ਨ ਦੇ ਫੈਸਲੇ ਦਾ ਐਲਾਨ ਹੋਣ ਸਾਰ ਹੀ ਪਾਕਿਸਤਾਨੀ ਧਿਰ ਨੇ ਇਸਦੀ ਤਿੱਖੀ ਨੁਕਤਾਚੀਨੀ ਕੀਤੀ ਜਿਸ ਵਿਚ ਫਿਰੋਜ਼ਪੁਰ ਅਤੇ ਗੁਰਦਾਸਪੁਰ ਮੁਸਲਮਾਨ ਬਹੁਗਿਣਤੀ ਵਾਲੇ ਜ਼ਿਲ੍ਹੇ ਹੋਣ ਦੇ ਬਾਵਜੂਦ ਵੀ ਭਾਰਤ ਨੂੰ ਦੇਣ ਦੀ ਗੱਲ ਸੀ। ਇਸੇ ਤਰ੍ਹਾਂ ਸਿੱਖਾਂ ਨੇ ਇਸ ਫੈਸਲੇ ਦੀ ਇਹ ਕਹਿਕੇ ਨੁਕਤਾਚੀਨੀ ਕੀਤੀ ਕਿ ਇਸ ਨਾਲ ਸਿੱਖਾਂ ਦੇ ਇਤਿਹਾਸਕ ਗੁਰਦੁਆਰੇ ਪਾਕਿਸਤਾਨ ਵਿਚ ਰਹਿ ਗਏ ਹਨ। ਵਾਇਸਰਾਇ ਲਾਰਡ ਮਾਊਂਟਬੈਟਨ ਇਸਦੇ ਜੁਆਬ ਵਿਚ ਕਿਹਾ ਕਿ ਫੈਸਲੇ ਨਾਲ ਦੋਵੇਂ ਧਿਰਾਂ ਦੀ ਬਰਾਬਰ ਸੰਤੁਸ਼ਟੀ ਤਾਂ ਸੰਭਵ ਨਹੀਂ ਸੀ ਪਰ ਕਿਉਂਕਿ ਦੋਵੇਂ ਧਿਰਾਂ ਬਰਾਬਰ ਦੀਆਂ ਅਸੰਤੁਸ਼ਟ ਨੇ ਇਸ ਕਰਕੇ ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਕਮਿਸ਼ਨ ਦਾ ਫੈਸਲਾ ਠੀਕ ਹੈ। ਵਾਇਸਰਾਏ ਨੇ ਆਪਣੇ ਵੱਲੋਂ ਕੋਈ ਅਜਿਹੀ ਗੱਲ ਨਹੀਂ ਕੀਤੀ, ਜਿਸ ਨਾਲ ਇਹ ਗੱਲ ਜਾਪਦੀ ਕਿ ਉਸ ਵੱਲੋਂ ਕਮਿਸ਼ਨ 'ਤੇ ਆਪਣੇ ਰਸੂਖ ਦੀ ਵਰਤੋਂ ਕੀਤੀ ਜਾ ਰਹੀ ਹੈ। ਪ੍ਰਸਿੱਧ ਇਹਿਤਾਸਕਾਰ ਡਾ.ਕਿਰਪਾਲ ਸਿੰਘ ਆਪਣੀ ਕਿਤਾਬ "ਪੰਜਾਬ ਦਾ ਬਟਵਾਰਾ" ਦੇ ਸਫ਼ਾ ਨੰ: 92 'ਤੇ ਲਿਖਦੇ ਹਨ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਮਿਲਦਾ ਕਿ ਵਾਇਸਰਾਏ ਨੇ ਹੱਦਬੰਦੀ ਕਮਿਸ਼ਨ ਦੇ ਕਾਰਜ-ਸੰਚਾਲਨ ਵਿੱਚ ਕੋਈ ਦਖ਼ਲ ਦਿੱਤਾ ਹੋਵੇ। ਇਸ ਦੇ ਉਲਟ ਏਲਨ ਕੈਂਪਬੈਲ ਜਾਹਨਸਨ ਲਿਖਦਾ ਹੈ, "ਮਾਊਂਟਬੈਟਨ ਨੇ ਸ਼ੁਰੂ ਵਿੱਚ ਹੀ ਆਪਣੇ ਅਮਲੇ ਨੂੰ ਬਹੁਤ ਹੀ ਸਪੱਸ਼ਟ ਹਦਾਇਤਾਂ ਦੇ ਦਿੱਤੀਆਂ ਸਨ ਕਿ ਉਹ ਉਸ ਸਮੇਂ ਲਈ ਰੈਡਕਲਿਫ਼ ਨਾਲ ਕਿਸੇ ਪ੍ਰਕਾਰ ਦਾ ਵੀ ਕੋਈ ਸੰਬੰਧ ਨਾ ਰੱਖਣ, ਜਦੋਂ ਤੱਕ ਕਿ ਉਹ ਹੱਦਬੰਦੀ ਦੇ ਔਕੜਪੂਰਣ ਅਤੇ ਨਾਜ਼ੁਕ ਕਾਰਜ ਵਿੱਚ ਰੁਝਿਆ ਰਹੇ ਅਤੇ ਉਹ ਆਪ ਵੀ ਉਸ ਨੂੰ ਪਹਿਲੀ ਵਾਰ-ਜੀ ਆਇਆ ਆਖਣ ਤੋਂ ਉਪਰੰਤ ਉਸ ਤੋਂ ਦੂਰ ਹੀ ਰਿਹਾ। ਇਸੇ ਪ੍ਰਕਾਰ ਬਰੈਸ਼ਰ ਲਿਖਦਾ ਹੈ, "ਲੇਖਕ ਨੂੰ ਕਈ ਵਿਅਕਤੀਆਂ ਨੇ ਦੱਸਿਆ ਕਿ ਕਮਿਸ਼ਨ ਦੇ ਸਮੁੱਚੇ ਸਮੇਂ ਦੌਰਾਨ ਮਾਊਂਟਬੈਟਨ ਅਤੇ ਰੈਡਕਲਿਫ਼ ਵਿਚਕਾਰ ਕੋਈ ਪੱਤਰ-ਵਿਵਹਾਰ ਨਹੀਂ ਹੋਇਆ। ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਨੇ ਲੇਖਕ ਨੂੰ ਦੱਸਿਆ ਕਿ ਸਿੱਖਾਂ ਦੇ ਹੱਕ ਵਿੱਚ ਮੇਜਰ ਸ਼ਰਟ ਦੀ ਦਲੀਲਬਾਜ਼ੀ ਕਾਰਣ ਹੀ ਹੱਦਬੰਦੀ ਫੈਸਲਾ ਭਾਰਤ ਲਈ ਲਾਹੇਵੰਦ ਰਿਹਾ। ਇਹ ਗੱਲ ਸਹੀ ਪ੍ਰਤੀਤ ਨਹੀਂ ਹੁੰਦੀ ਕਿਉਂਕਿ ਮੇਜਰ ਸ਼ਾਰਟ ਕਿਸੇ ਉੱਚ ਪੱਦਵੀ 'ਤੇ ਨਿਯੁਕਤ ਨਹੀਂ ਸੀ ਜੋ ਕਿ ਅਜਿਹੀਆਂ ਘਟਨਾਵਾਂ ਤੇ ਅੰਸਰ ਅੰਦਾਜ਼ ਹੋ ਸਕਦਾ। ਇਹ ਗੱ ਲ ਉਸਨੇ ਲੇਖਕ ਨਾਲ ਗੱਲਬਾਤ ਦੇ ਦੌਰਾਨ ਆਪ ਮੰਨੀ ਹੈ। ਜੁਲਾਈ 1947 ਦੇ ਤੀਜੇ ਸਪਤਾਹ ਵਿੱਚ ਉਸ ਨੂੰ ਲਾਰਡ ਮਾਊਂਟਬੈਟਨ ਦੇ ਚੀਫ਼ ਆਫ਼ ਦੀ ਸਟਾਫ਼ ਲਾਰਡ ਇਸਮੇ ਦਾ ਪੀ.ਏ ਨਿਯੁਕਤ ਕੀਤਾ ਗਿਆ ਸੀ।

33. ਵੰਡ ਦੀ ਲਕੀਰ ਦਾ ਐਲਾਨ 17 ਅਗਸਤ ਨੂੰ ਹੋਇਆ: ਇਹ ਬੜੀ ਦਿਲਚਸਪ ਗੱਲ ਹੈ ਕਿ ਪਾਕਿਸਤਾਨ 14 ਅਗਸਤ ਨੂੰ ਆਜ਼ਾਦ ਹੋਇਆ ਅਤੇ ਭਾਰਤ 15 ਅਗਸਤ ਨੂੰ ਪਰ ਪੰਜਾਬ ਦੀ ਵੰਡ ਵਾਲੀ ਲਕੀਰ 17 ਅਗਸਤ ਨੂੰ ਖਿੱਚੀ ਗਈ। ਇਸ ਬਾਰੇ ਸਿਆਸੀ ਆਗੂਆਂ ਨੂੰ ਤਾਂ ਭਾਵੇਂ 16 ਅਗਸਤ ਸ਼ਾਮ ਨੂੰ ਦਸ ਦਿੱਤਾ ਗਿਆ ਸੀ ਪਰ ਇਸਦਾ ਰਸਮੀ ਐਲਾਨ 17 ਅਗਸਤ ਨੂੰ ਕੀਤਾ ਗਿਆ। ਇਸਦੇ ਦੋ ਕਾਰਨ ਸਨ। ਪਹਿਲਾ ਇਹ ਸੀ ਕਿ ਅੰਗਰੇਜ਼ ਸਰਕਾਰ ਇਸ ਗੱਲੋਂ ਡਰਦੀ ਸੀ ਕਿ ਇਹ ਨਾ ਹੋਵੇ ਕਿ ਵੰਡਾਰਾ ਕਮਿਸ਼ਨ ਦੇ ਫੈਸਲੇ ਨੂੰ ਲੈ ਕੇ ਰੌਲਾ ਐਨਾ ਵਧ ਜਾਵੇ ਕਿ ਦੋਵਾਂ ਮੁਲਕਾਂ ਨੂੰ ਆਜ਼ਾਦੀ ਦੇਣ ਦੀ ਧਰੀ-ਧਰਾਈ ਸਕੀਮ ਵਿਚੇ ਰਹਿ ਜਾਵੇ। ਦੂਜਾ ਕਾਰਨ ਇਹ ਸੀ ਕਿ ਕਮਿਸ਼ਨ ਦੇ ਫੈਸਲੇ ਨਾਲ ਦੋਵਾਂ ਧਿਰਾਂ ਦਾ ਮਨ ਖਰਾਬ ਹੋਣਾ ਹੈ ਜਿਸ ਕਰਕੇ ਇਨ੍ਹਾਂ ਦੇ 14 ਅਤੇ 15 ਅਗਸਤ ਨੂੰ ਹੋਣ ਵਾਲੇ ਆਜ਼ਾਦੀ ਦੇ ਜਸ਼ਨਾਂ ਵਿਚ ਕਿਰਕ ਨਾ ਪਵੇ। ਸੋ ਇਵੇਂ ਹੋਇਆ ਭਾਰਤ ਦਾ ਵੰਡਾਰਾ।

ਦੇਸ਼ ਦੇ ਆਮ ਲੋਕਾਂ ਨੂੰ ਇਓਂ ਜਾਪਦਾ ਹੈ ਕਿ ਅੰਗਰੇਜ਼ ਇਥੋਂ ਜਾਣ ਮੌਕੇ ਚੁੱਪ-ਚਾਪ ਦੇਸ਼ ਦੀ ਵੰਡੀ ਕਰਕੇ ਤੁਰਦੇ ਬਣੇ।ਇਸ ਗੱਲ ਵਿਚ ਅੰਗਰੇਜ਼ਾਂ ਦਾ ਪੱਖ ਦੱਸਣ ਵਾਲੀ ਕੋਈ ਧਿਰ ਭਾਰਤ ਵਿਚ ਮੌਜੂਦ ਨਾ ਹੋਣ ਕਰਕੇ ਅੰਗਰੇਜ਼ਾਂ ਸਿਰ ਵੰਡ ਦਾ ਦੋਸ਼ ਪੱਕੇ ਪੈਰੀਂ ਹੁੰਦਾ ਗਿਆ। – ਚਲਦਾ

# ਸਿੱਖਾਂ ਨੇ ਅਮਰੀਕਾ 'ਤੇ 11 ਸਤੰਬਰ ਦੇ ਹਮਲੇ ਦੇ ਯਾਦਗਾਰੀ ਸਮਾਰੋਹ 'ਚ ਕੀਤੀ ਸ਼ਮੂਲੀਅਤ

ਨਿਊਯਾਰਕ, (ਰਾਜ ਗੋਗਨਾ): ਬੀਤੇ ਦਿਨੀਂ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਡੇਟਨ ਦੇ ਸਿੱਖ ਭਾਈਚਾਰੇ ਨੇ ਸੈਂਕੜੇ ਹੋਰ ਸਥਾਨਕ ਅਮਰੀਕਨਾਂ ਨਾਲ 11 ਸਤੰਬਰ, 2001 ਨੂੰ ਨਿਉਯਾਰਕ ਵਿਖੇ ਵਰਲਡ ਟਰੇਡ ਸੈਂਟਰ ਦੇ ਟਾਵਰਾਂ ਅਤੇ ਪੈਂਟਾਗਨ 'ਤੇ ਹੋਏ ਅੱਤਵਾਦੀ ਹਮਲਿਆਂ ਦੀ 23ਵੀਂ ਵਰ੍ਹੇਗੰਢ ਸੰਬੰਧੀ ਬੀਵਰਕ੍ਰੀਕ ਸ਼ਹਿਰ ਦੇ 9/11 ਮੈਮੋਰੀਅਲ ਵਿਖੇ ਸ਼ਰਧਾਂਜਲੀ ਦਿੱਤੀ। ਇਹ ਸਲਾਨਾ ਯਾਦਗਾਰੀ ਸਮਾਗਮ ਸ਼ਹਿਰ ਦੇ ਪੁਲੀਸ ਅਤੇ ਫਾਇਰ ਵਿਭਾਗ ਵੱਲੋਂ ਆਯੋਜਿਤ ਕੀਤਾ ਗਿਆ ਸੀ, ਜੋ ਵਰਲਡ ਟਰੇਡ ਸੈਂਟਰ ਵਿਖੇ ਮਾਰੇ ਗਏ 26000 ਤੋਂ ਵੱਧ ਲੋਕਾਂ, ਪੈਂਟਾਗਨ ਵਿੱਚ 184, ਅਤੇ ਪੈਨਸਿਲਵੇਨੀਆ ਵਿੱਚ ਜਹਾਜ਼ ਦੀ ਦੁਰਘਟਨਾ ਦੇ 40 ਪੀੜਤਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ।ਸਮਾਰੋਹ ਵਿੱਚ ਝੰਡਾ ਨੀਵਾਂ ਕੀਤਾ ਗਿਆ, ਫੌਜ ਦੇ ਜਵਾਨਾਂ ਵਲੋਂ ਫੁੱਲ ਚੜਾਏ ਗਏ, ਰਾਸ਼ਟਰੀ ਗੀਤ ਗਾਇਆ ਗਿਆ ਅਤੇ ਸਵੇਰ ਦੇ 8:46 ਵਜੇ ਇੱਕ ਰਸਮੀ ਘੰਟੀ ਵਜਾਈ ਗਈ, ਜੱਦ ਪਹਿਲਾ ਜਹਾਜ਼ ਟਾਵਰ ਨਾਲ ਟਕਰਾਇਆ ਸੀ। ਬੀਵਰਕ੍ਰੀਕ ਦੇ ਮੇਅਰ ਡੋਨ ਐਡਮਜ਼ ਨੇ ਸ਼ਰਧਾਂਜਲੀ ਸੰਦੇਸ਼ ਦਿੱਤਾ।ਸਮਾਰੋਹ ਵਿੱਚ ਸ਼ਾਮਲ ਹੋਏ ਸਿੱਖ ਭਾਈਚਾਰੇ ਦੇ ਕਾਰਕੁਨ ਅਤੇ ਸਿੱਖ ਸੋਸਾਇਟੀ ਆਫ ਡੇਟਨ ਦੇ ਮੈਂਬਰ ਸਮੀਪ ਸਿੰਘ ਗੁਮਟਾਲਾ ਨੇ ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ, "ਅਸੀਂ ਇਸ ਸਮਾਰੋਹ ਵਿੱਚ ਉਨ੍ਹਾਂ ਸਭਨਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਠੇ ਹੋਏ, ਜਿਨ੍ਹਾਂ ਨੇ ਇਹਨਾਂ ਹਮਲਿਆਂ ਵਿੱਚ ਆਪਣੀ ਜਾਣ ਗੁਆ ਦਿੱਤੀ। ਇਸ ਵਿੱਚ ਪੁਲਿਸ ਅਧਿਕਾਰੀ, ਅੱਗ ਬੁਝਾਊ, ਤੇ ਮੈਡੀਕਲ ਸੇਵਾਵਾਂ ਦੇ ਅਮਲੇ ਦੇ ਮੈਂਬਰ ਵੀ ਸ਼ਾਮਲ ਸਨ।ਗੁਮਟਾਲਾ ਨੇ ਦੱਸਿਆ ਕਿ ਇਸ ਸਲਾਨਾ ਯਾਦਗਾਰੀ ਸਮਾਰੋਹ ਦਾ ਆਯੋਜਨ ਬੀਵਰਕ੍ਰੀਕ ਦੇ 9/11 ਮੈਮੋਰੀਅਲ ਵਿਖੇ ਕੀਤਾ ਜਾਂਦਾ ਹੈ ਜਿੱਥੇ ਸਟੀਲ ਦਾ ਇੱਕ 25-ਫੁੱਟ ਉੱਚਾ ਮੁੜਿਆ ਹੋਇਆ ਪਿਲਰ ਸਥਾਪਿਤ ਕੀਤਾ ਗਿਆ ਹੈ, ਜੋ ਹਮਲੇ ਤੋਂ ਪਹਿਲਾਂ ਵਰਲਡ ਟਰੇਡ ਸੈਂਟਰ ਦੇ ਉੱਤਰੀ ਟਾਵਰ ਦੀਆਂ 101ਵੀਂ ਅਤੇ 105ਵੀਂ ਮੰਜ਼ਿਲਾਂ ਦੇ ਵਿਚਕਾਰ ਲੱਗਾ ਹੋਇਆ ਸੀ। ਇਸ ਟੁਕੜੇ ਨੂੰ ਦੋ ਅੱਗ ਬੁਝਾਉ ਦਸਤਿਆਂ ਦੁਆਰਾ ਬੀਵਰਕ੍ਰੀਕ ਵਿੱਚ ਲਿਆਂਦਾ ਗਿਆ ਸੀ ਜੋ ਓਹੀਓ ਟਾਸਕ ਫੋਰਸ ਵਨ ਦਾ ਹਿੱਸਾ ਸਨ ਅਤੇ ਇਹਨਾਂ ਨੇ ਨਿਊਯਾਰਕ ਵਿੱਚ ਗਰਾਊਂਡ ਜ਼ੀਰੋ ਵਿਖੇ ਬਚਾਅ ਕਾਰਜਾਂ ਵਿੱਚ ਸਹਾਇਤਾ ਕੀਤੀ ਸੀ।ਇਸ ਸਮਾਰੋਹ ਵਿੱਚ ਭਾਗ ਲੈਣ ਵਾਲੇ ਸਿੱਖ ਸੋਸਾਇਟੀ ਆਫ ਡੇਟਨ ਦੇ ਮੈਂਬਰਾਂ ਵਿੱਚ ਡਾ. ਚਰਨਜੀਤ ਸਿੰਘ ਗੁਮਟਾਲਾ, ਅਵਤਾਰ ਸਿੰਘ ਸਪਰਿੰਗਫੀਲਡ, ਡਾ. ਦਰਸ਼ਨ ਸਿੰਘ ਸਹਿਬੀ ਅਤੇ ਡਾ. ਸਿਮਰਨ ਕੌਰ ਸਹਿਬੀ ਵੀ ਸ਼ਾਮਲ ਸਨ।ਹਰ ਸਾਲ ਸਿੱਖ ਭਾਈਚਾਰੇ ਵਲੋਂ ਬਲਬੀਰ ਸਿੰਘ ਸੋਢੀ ਨੂੰ ਵੀ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੂੰ ਇਸ ਹਮਲੇ ਤੋਂ ਚਾਰ ਦਿਨ ਬਾਅਦ ਉਹਨਾਂ ਦੇ ਮੀਸਾ, ਐਰੀਜ਼ੋਨਾ ਗੈਸ ਸਟੇਸ਼ਨ ਦੇ ਬਾਹਰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਦੱਸਣਯੋਗ ਹੈ ਕਿ ਉਸ ਸਮੇਂ ਹਮਲਾਵਰ 11 ਸਤੰਬਰ ਦੇ ਹਮਲਿਆਂ ਦਾ ਬਦਲਾ ਲੈਣ ਲਈ "ਮੁਸਲਮਾਨਾਂ ਨੂੰ ਮਾਰਨਾ" ਚਾਹੁੰਦਾ ਸੀ। ਇਹ 9/11 ਦੇ ਹਮਲੇ ਤੋਂ ਬਾਦ ਦਾ ਪਹਿਲਾ ਘਾਤਕ ਨਫ਼ਰਤੀ ਅਪਰਾਧ ਸੀ।ਇੱਥੇ ਇਹ ਦੱਸਣਾ ਵਰਨਣਯੋਗ ਹੈ ਕਿ ਵਰਲਡ ਟਰੇਡ ਸੈਂਟਰ ਦੇ ਬਹੁਤ ਸਾਰੇ ਇਹਨਾਂ ਪਿਲਰਾਂ ਨੂੰ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਬਣਾਈਆਂ ਯਾਦਗਾਰਾਂ 'ਤੇ ਸਥਾਪਿਤ ਕੀਤਾ ਗਿਆ ਹੈ ਜਿੱਥੇ ਲੋਕ ਕਿਸੇ ਵੀ ਸਮੇਂ ਸ਼ਰਧਾਂਜਲੀ ਭੇਂਟ ਕਰ ਸਕਦੇ ਹਨ।



# ਅੰਮ੍ਰਿਤਸਰ 'ਚ 35 ਕਰੋੜ ਦੀ ਹੈਰੋਇਨ ਸਮੇਤ ਇੱਕ ਤਸਕਰ ਕਾਬੂ

ਅੰਮ੍ਰਿਤਸਰ ਦਿਹਾਤੀ ਪੁਲਿਸ ਨੇ 35 ਕਰੋੜ ਦੀ ਹੈਰੋਇਨ ਸਮੇਤ ਇੱਕ ਤਸਕਰ ਨੂੰ ਗ੍ਰਿਫ਼ਤਾਰ ਕੀਤਾ ਹੈ। ਆਰੋਪੀ ਦੀ ਕਾਲੀ ਕਮਾਈ ਨਾਲ ਬਣਾਈ ਜਾਇਦਾਦ ਨੂੰ ਵੀ ਸਰਚ ਕੀਤਾ ਜਾ ਰਿਹਾ ਹੈ। ਫ਼ਿਲਹਾਲ ਪੁਲਿਸ ਉਸ ਦੇ ਪਿਛੜੇ ਅਤੇ ਅਗਲੇ ਲਿੰਕਾਂ ਦੀ ਜਾਂਚ ਕਰ ਰਹੀ ਹੈ। ਥਾਣਾ ਲੋਪੋਕੇ ਦੇ ਮੁੱਖ ਅਫਸਰ ਨੂੰ ਸੂਚਨਾ ਮਿਲੀ ਸੀ ਕਿ ਜਗਰੂਪ ਸਿੰਘ ਉਰਫ ਜੁਗਨੂੰ ਵਾਸੀ ਡਾਲਾ ਵੱਡੀ ਪੱਧਰ 'ਤੇ ਹੈਰੋਇਨ ਵੇਚਣ ਦਾ ਧੰਦਾ ਕਰਦਾ ਹੈ। ਜਿਸ 'ਤੇ ਥਾਣਾ ਲੋਪੋਕੇ ਦੇ ਮੁੱਖ ਅਫਸਰ ਨੇ ਤੁਰੰਤ ਕਾਰਵਾਈ ਕਰਦੇ ਹੋਏ ਆਪਣੀ ਪੁਲਸ ਪਾਰਟੀ ਨੂੰ ਬਾਰੀਕੀ ਨਾਲ ਜਾਣਕਾਰੀ ਦਿੱਤੀ ਅਤੇ ਟੀਮ ਤਿਆਰ ਕੀਤੀ। ਜਿਸ ਤੋਂ ਬਾਅਦ ਦੋਸ਼ੀ ਜਗਰੂਪ ਸਿੰਘ ਉਰਫ ਜੁਗਨੂੰ ਨੂੰ ਉਸ ਸਮੇਂ ਦਬੋਚ ਲਿਆ ਗਿਆ ਜਦੋਂ ਉਹ ਹੈਰੋਇਨ ਸਪਲਾਈ ਕਰਨ ਜਾ ਰਿਹਾ ਸੀ।

ਜਗਰੂਪ ਸਿੰਘ ਨੂੰ ਪਿੰਡ ਕਮਾਸਕੇ ਤੋਂ ਥੋੜ੍ਹਾ ਪਹਿਲਾਂ ਪੀਰ ਬਾਬਾ ਦੇ ਸਥਾਨ ਨੇੜਿਓਂ ਫੜਿਆ ਗਿਆ ਹੈ। ਮੌਕੇ 'ਤੇ ਆਰੋਪੀ ਕੋਲੋਂ 5 ਕਿਲੋ ਹੈਰੋਇਨ, ਦੋ ਮੋਬਾਈਲ ਫ਼ੋਨ ਅਤੇ ਇੱਕ ਸਪਲੈਂਡਰ ਬਰਾਮਦ ਕੀਤਾ ਗਿਆ। ਮੁਲਜ਼ਮ ਖ਼ਿਲਾਫ਼ ਥਾਣਾ ਲੋਪੋਕੇ ਵਿਖੇ ਐਨਡੀਪੀਐਸ ਐਕਟ ਤਹਿਤ ਕੇਸ ਦਰਜ ਕਰਕੇ ਜਾਂਚ ਕੀਤੀ ਜਾ ਰਹੀ ਹੈ।

ਉਕਤ ਗ੍ਰਿਫ਼ਤਾਰ ਕੀਤੇ ਗਏ ਆਰੋਪੀ ਤੋਂ ਬਾਰੀਕੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਜਿਸ ਦੀ ਵੀ ਸ਼ਮੂਲੀਅਤ ਸਾਹਮਣੇ ਆਈ। ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਫੜੇ ਗਏ ਮੁਲਜ਼ਮਾਂ ਦੀ ਕਾਲੀ ਕਮਾਈ ਤੋਂ ਬਣੀ ਜਾਇਦਾਦ ਦੀ ਵੀ ਪੜਤਾਲ ਕੀਤੀ ਜਾਵੇਗੀ ਅਤੇ ਜੇਕਰ ਅਜਿਹੀ ਕੋਈ ਜਾਇਦਾਦ ਪਾਈ ਜਾਂਦੀ ਹੈ ਤਾਂ ਉਸ ਨੂੰ ਤੁਰੰਤ ਜ਼ਬਤ ਕਰ ਲਿਆ ਜਾਵੇਗਾ।

ਦੱਸ ਦੇਈਏ ਕਿ ਇਸ ਤੋਂ ਇਲਾਵਾ ਡੀ.ਐਸ.ਪੀ ਰਾਜਾਸਾਂਸੀ ਦੀ ਨਿਗਰਾਨੀ ਹੇਠ ਮੁੱਖ ਥਾਣਾ ਅਫਸਰ ਲੋਪੋਕੇ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਪਿੰਡ ਮੰਝ ਵਿਖੇ ਸਮਸ਼ੇਰ ਸਿੰਘ ਵਾਸੀ ਸਾਰੰਗੜਾ ਦੀ ਜ਼ਮੀਨ ਅਤੇ ਬਖਸ਼ੀਸ਼ ਸਿੰਘ ਦੀ ਮੋਟਰ ਵਿਚਕਾਰ ਜ਼ਮੀਨ 'ਤੇ ਮੋਟਰ ਸ਼ੈੱਡ ਬਣਾਇਆ ਹੋਇਆ ਹੈ। ਸ਼ੈੱਡ ਨੇੜੇ ਝੋਨੇ ਦੀ ਫ਼ਸਲ ਵਿੱਚ ਡਰੋਨ ਵਰਗੀ ਭਾਰੀ ਵਸਤੂ ਡਿੱਗੀ ਹੈ। ਇਸ ਤੋਂ ਬਾਅਦ ਤੁਰੰਤ ਕਾਰਵਾਈ ਕਰਦੇ ਹੋਏ ਥਾਣਾ ਲੋਪੋਕੇ ਦੇ ਮੁੱਖ ਅਫਸਰ ਨੇ ਆਪਣੀ ਸਰਚ ਪਾਰਟੀ ਸਮੇਤ ਉਕਤ ਜਗ੍ਹਾ 'ਤੇ ਤਲਾਸ਼ੀ ਮੁਹਿੰਮ ਚਲਾਈ। ਤਲਾਸ਼ੀ ਮੁਹਿੰਮ ਦੌਰਾਨ ਪੀਲੀ ਟੇਪ ਨਾਲ ਲਪੇਟਿਆ ਇੱਕ ਡਰੋਨ ਅਤੇ ਇੱਕ ਵੱਡਾ ਪਾਰਸਲ ਬਰਾਮਦ ਹੋਇਆ। ਜਾਂਚ ਕਰਨ 'ਤੇ 5 ਕਿਲੋ ਹੈਰੋਇਨ ਦੇ 5 ਪੈਕਟ ਬਰਾਮਦ ਹੋਏ। ਜਿਸ ਸਬੰਧੀ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ। ਥਾਣਾ ਲੋਪੋਕੇ ਵਿਖੇ ਦਰਜ ਕਰਕੇ ਤਫ਼ਤੀਸ਼ ਕੀਤੀ ਜਾ ਰਹੀ ਹੈ।


TRIPLE N BERRY FARM LTD

ਸਾਨੂੰ ਬੇਰੀ ਤੋੜਨ ਵਾਲੇ

ਵਰਕਰਾਂ ਦੀ ਲੋੜ ਹੈ।



- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਦਿੱਤੀ ਜਾਵੇਗੀ।
- ਫਾਰਮ ਸਾਫ਼ ਸੁਥਰੇ ਅਤੇ ਸਰੀ, ਕਲੋਵਰਡੇਲ ਅਤੇ ਰਿਚਮੰਡ ਵਿੱਚ ਹਨ।

-: ਸੰਪਰਕ ਕਰੋ :-

604-594-0616

# ਕਦੇ ਸਰਕਾਰ-ਏ-ਖ਼ਾਲਸਾ ਦਾ ਮਜ਼ਬੂਤ ਅੰਗ ਸੀ ਕਸ਼ਮੀਰ

ਕਸ਼ਮੀਰ ਸੰਸਾਰ ਦੀਆਂ ਸਭ ਤੋਂ ਸੋਹਣੀਆਂ ਧਰਤੀਆਂ ਵਿਚੋਂ ਇਕ ਹੈ। ਕਸ਼ਮੀਰ ਦਾ ਇਤਿਹਾਸ 6 ਹਜ਼ਾਰ ਸਾਲ ਪੁਰਾਣਾ ਹੈ। ਕਸ਼ਮੀਰ ਦੀ ਇਹ ਸ਼ਾਹੀ ਵਾਦੀ 56 ਕੋਹ ਲੰਮੀ ਤੇ 16 ਕੋਹ ਚੌੜੀ ਇਕ ਝੀਲ ਸੀ, ਜਿਸ ਨੂੰ ਚਾਰੇ ਪਾਸਿਉਂ ਉੱਚੇ ਪਹਾੜਾਂ ਨੇ ਘੇਰਿਆ ਹੋਇਆ ਸੀ। ਕਸ਼ਮੀਰ ਦੇ ਅਰਥ ਪੁਰਾਣੀ ਸੰਸਕ੍ਰਿਤ ਵਿਚ ਉਸ ਜ਼ਮੀਨ ਨੂੰ ਕਹਿੰਦੇ ਹਨ, ਜਿਥੋਂ ਪਾਣੀ ਹਟਾ ਕੇ ਧਰਤੀ ਸੁਕਾਈ ਗਈ ਹੋਵੇ। 'ਕਾ' ਦਾ ਅਰਥ ਪਾਣੀ ਅਤੇ 'ਸਮੀਰ' ਦਾ ਅਰਥ ਸੁਕਾਈ ਗਈ ਜ਼ਮੀਨ ਤੋਂ ਹੈ। ਪੁਰਾਤਨ ਸਮੇਂ ਇਸ ਝੀਲ ਦੇ ਆਸੇ-ਪਾਸੇ ਪਹਾੜਾਂ ਦੀਆਂ ਚੋਟੀਆਂ 'ਤੇ ਲੋਕ ਵਸਦੇ ਸਨ। ਦੱਸਿਆ ਜਾਂਦਾ ਹੈ ਕਿ ਕਸ਼ਮੀਰ ਦੇ ਕਈ ਪਹਾੜਾਂ ਦੀਆਂ ਉਚਾਈਆਂ 'ਤੇ ਅੱਜ ਤੱਕ ਉਸ ਝੀਲ ਦੀਆਂ ਨਿਸ਼ਾਨੀਆਂ ਮੌਜੂਦ ਹਨ। ਕਸ਼ਮੀਰ ਦੀ ਇਸ ਝੀਲ ਦਾ ਪਾਣੀ ਦਰਿਆ ਜੇਹਲਮ ਰਾਹੀਂ ਪਹਾੜਾਂ ਤੋਂ ਮੈਦਾਨੀ ਇਲਾਕੇ ਵੱਲ ਨਿਕਲ ਆਇਆ। ਹਜ਼ਾਰਾਂ ਸਾਲ ਤੋਂ ਤਪਸਵੀ, ਰਿਸ਼ੀ, ਮੁਨੀ, ਸਾਧ, ਸੰਤ, ਵਿਦਵਾਨ ਕਸ਼ਮੀਰ ਦੇ ਇਨ੍ਹਾਂ ਪਹਾੜਾਂ 'ਤੇ ਤਪ ਕਰਦੇ ਰਹੇ। ਸੰਸਾਰ ਦੇ ਕਈ ਵਿਦਵਾਨਾਂ ਨੇ ਇਸ ਨੂੰ ਦੇਵਤਿਆਂ ਦਾ ਸਵਰਗ ਆਖਿਆ ਹੈ।

ਮੁਗ਼ਲ ਸਮਰਾਟ ਅਕਬਰ ਤੋਂ ਲੈ ਕੇ 18ਵੀਂ ਸਦੀ ਦੇ ਅੱਧ ਤੱਕ ਕਸ਼ਮੀਰ ਮੁਗ਼ਲ ਹਕੂਮਤ ਦੇ ਮੁੱਖ ਸੂਬਿਆਂ ਵਿਚ ਗਿਣਿਆ ਜਾਂਦਾ ਰਿਹਾ ਹੈ, ਜਿਸ ਦੇ ਸੂਬੇਦਾਰ ਭਰਪੂਰ ਰਾਜਸੀ ਤਾਕਤਾਂ ਦੇ ਮਾਲਕ ਹੁੰਦੇ ਸਨ। ਕਸ਼ਮੀਰ ਦੇ ਨਾਲ ਸਿੱਖ ਗੁਰੂ ਸਾਹਿਬਾਨ ਦਾ ਵੀ ਗੂੜ੍ਹਾ ਸਬੰਧ ਰਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਆਪਣੀਆਂ ਯਾਤਰਾਵਾਂ ਸਮੇਂ ਕਸ਼ਮੀਰ ਗਏ ਸਨ। ਔਰੰਗਜ਼ੇਬ ਦੀ ਮੌਤ ਤੋਂ ਬਾਅਦ ਮੁਗ਼ਲ ਹਕੂਮਤ ਡਾਵਾਂਡੋਲ ਹੋ ਗਈ। ਨਾਦਰਸ਼ਾਹ ਦੇ ਹਮਲੇ ਤੋਂ ਬਾਅਦ ਕਸ਼ਮੀਰ ਅਤੇ ਦਿੱਲੀ ਵਿਚਕਾਰ ਸਬੰਧ ਵਿਗੜ ਗਏ। ਅਹਿਮਦ ਸ਼ਾਹ ਅਬਦਾਲੀ ਨੇ 1750 ਈ: ਨੂੰ ਕਸ਼ਮੀਰ 'ਤੇ ਕਬਜ਼ਾ ਕਰ ਲਿਆ ਅਤੇ 1819 ਈ: ਤੱਕ 69 ਸਾਲ ਕਸ਼ਮੀਰ ਅਫ਼ਗਾਨਾਂ ਦੇ ਕਬਜ਼ੇ ਹੇਠ ਰਿਹਾ। ਅਫ਼ਗਾਨੀ ਰਾਜ ਸਮੇਂ ਕਸ਼ਮੀਰ ਵਿਚਲੇ ਪੰਡਿਤਾਂ ਨੂੰ ਬੜੇ ਤਸੀਹੇ ਝੱਲਣੇ ਪਏ। ਉਨ੍ਹਾਂ ਦੀ ਜਾਨ ਮਾਲ ਵੀ ਸੁਰੱਖਿਅਤ ਨਹੀਂ ਸੀ। ਅਸਦ ਖ਼ਾਨ ਇਕ ਘੁਮੰਡੀ ਸ਼ਾਸਕ ਸੀ। ਪੰਡਤਾਂ ਨੂੰ ਤਿਲਕ ਲਗਾਉਣ, ਪੱਗ ਬੰਨ੍ਹਣ, ਮੁੱਛਾਂ ਰੱਖਣ ਦੀ ਇਜਾਜ਼ਤ ਨਹੀਂ ਸੀ। ਜਿਸ ਸਮੇਂ 1819 ਈ: ਨੂੰ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਕਸ਼ਮੀਰ ਸਰਕਾਰ-ਏ-ਖ਼ਾਲਸਾ ਵਿਚ ਸ਼ਾਮਿਲ ਕੀਤਾ ਗਿਆ, ਉਸ ਸਮੇਂ ਤੋਂ ਬਾਅਦ ਕਸ਼ਮੀਰੀਆਂ ਨੂੰ ਸੁੱਖ ਦਾ ਸਾਹ ਆਇਆ।

ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਨੂੰ ਜਿੱਤਣ ਲਈ 1812 ਤੇ 1814 ਈ: ਵਿਚ ਕੋਸ਼ਿਸ਼ ਕੀਤੀ ਪਰ ਸਫਲਤਾ ਨਾ ਮਿਲੀ। ਇਨ੍ਹਾਂ ਦੋਵਾਂ ਹਮਲਿਆਂ ਸਮੇਂ ਜਿਥੇ ਅਫ਼ਗਾਨੀਆਂ ਦਾ ਨੁਕਸਾਨ ਹੋਇਆ, ਉਥੇ ਸਿੱਖ ਫ਼ੌਜਾਂ ਨੂੰ ਵੀ ਨੁਕਸਾਨ ਉਠਾਉਣਾ ਪਿਆ। ਇਨ੍ਹਾਂ ਹਮਲਿਆਂ ਸਮੇਂ ਸ: ਫਤਹਿ ਸਿੰਘ ਕਾਹਲੀ, ਜੀਵਨ ਮੱਲ ਮੁਨਸ਼ੀ, ਭੀਤ ਸਿੰਘ ਪਠਾਣੀਆਂ, ਗੁਰਬਖ਼ਸ਼ ਸਿੰਘ ਧਾਰੀ, ਮਾਨਕੌਰ ਸਿੰਘ ਧਾਰੀ ਵਰਗੇ ਬਹਾਦਰ ਜਰਨੈਲ ਮਾਰੇ ਗਏ ਅਤੇ ਸਾਰੇ ਹਾਲਾਤ ਨੂੰ ਦੇਖਦਿਆਂ ਹੋਇਆਂ ਮਹਾਰਾਜਾ ਰਣਜੀਤ ਸਿੰਘ ਨੂੰ ਕੁਝ ਸਮਾਂ ਸਾਰੀ ਯੋਜਨਾ ਬਣਾਉਣ ਲਈ ਉਡੀਕ ਕਰਨੀ ਪਈ।

ਲਾਹੌਰ ਦਰਬਾਰ ਦੀਆਂ ਸਿੱਖ ਫ਼ੌਜਾਂ ਨੇ 1818 ਈ: ਨੂੰ ਮੁਲਤਾਨ 'ਤੇ ਜਿੱਤ ਹਾਸਲ ਕੀਤੀ। ਇਸ ਜਿੱਤ ਦੇ ਨਾਲ ਸਿੱਖ ਫ਼ੌਜਾਂ ਦੇ ਹੌਸਲੇ ਬੁਲੰਦ ਹੋਏ। ਉਧਰ ਕਸ਼ਮੀਰ ਇਕ ਸਰਹੱਦੀ ਇਲਾਕਾ ਸੀ, ਜਿਸ ਦੀ ਫ਼ੌਜੀ ਲਿਹਾਜ਼ ਨਾਲ ਬਹੁਤ ਮਹੱਤਤਾ ਸੀ ਅਤੇ ਨਾਲ ਹੀ ਕਸ਼ਮੀਰ ਘਾਟੀ ਵਿਚ ਹਿੰਦੂ ਸਿੱਖਾਂ ਉਪਰ ਦੁਰਾਨੀਆਂ ਵਲੋਂ ਜੋ ਜ਼ੁਲਮ ਢਾਏ ਜਾ ਰਹੇ ਸਨ, ਉਨ੍ਹਾਂ ਘਟਨਾਵਾਂ ਬਾਰੇ ਸਾਰੀਆਂ ਰਿਪੋਰਟਾਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਪਹੁੰਚ ਰਹੀਆਂ ਸਨ। ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ 'ਤੇ ਹਮਲਾ ਕਰਨ ਲਈ ਪੂਰੀ ਤਿਆਰੀ ਕੀਤੀ। ਲਾਹੌਰ ਦਰਬਾਰ ਦੀਆਂ ਫ਼ੌਜਾਂ ਨੂੰ ਪਹਾੜਾਂ ਵਿਚ ਜ਼ਰੂਰਤ ਦਾ ਸਾਮਾਨ ਤੱਕ ਅਤੇ ਤੁਰੰਤ ਭੇਜਣ ਵਾਸਤੇ ਸਿਆਲਕੋਟ ਅਤੇ ਜੰਮੂ ਵਿਚ ਵੱਡੇ-ਵੱਡੇ ਫ਼ੌਜੀ ਕੇਂਦਰ ਸਥਾਪਤ ਕੀਤੇ। ਸਰਕਾਰ-ਏ-ਖ਼ਾਲਸਾ ਵਲੋਂ ਤਿਆਰ ਕਰਵਾਈਆਂ ਛੋਟੀਆਂ ਅਤੇ ਹਲਕੀਆਂ ਤੋਪਾਂ ਦੀ ਆਵਾਜਾਈ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ। ਹੁਣ ਮਹਾਰਾਜਾ ਰਣਜੀਤ ਸਿੰਘ ਫ਼ੌਜਾਂ ਦੀ ਖ਼ੁਦ ਅਗਵਾਈ ਕਰ ਰਿਹਾ ਸੀ। ਇਸ ਵਾਰ ਸਾਰੇ ਹਾਲਾਤ ਲਾਹੌਰ ਦਰਬਾਰ ਦੇ ਹੱਕ ਵਿਚ ਬਣ ਚੁੱਕੇ ਸਨ। ਅਫ਼ਗਾਨਿਸਤਾਨ ਵਿਚ ਸੰਨ 1818 ਦੇ ਅਖੀਰਲੇ ਮਹੀਨਿਆਂ ਵਿਚ ਉੱਤਰਾਧਿਕਾਰੀ ਦਾ ਝਗੜਾ ਸ਼ੁਰੂ ਹੋ ਚੁੱਕਾ ਸੀ, ਜਿਸ ਕਰਕੇ ਖ਼ਾਨਾਜੰਗੀ ਦੇ ਹਾਲਾਤ ਬਣ ਗਏ ਸਨ। ਇਸ ਸਮੇਂ ਸ਼ਾਹ ਮਹਿਮੂਦ ਦੇ ਪੁੱਤਰ ਸ਼ਹਿਜ਼ਾਦਾ ਕਾਮਰਾਨ ਨੇ ਫ਼ਤਹਿ ਖ਼ਾਨ ਨੂੰ ਮਰਵਾ ਦਿੱਤਾ ਅਤੇ ਇਸ ਘਟਨਾ ਦੇ ਵਾਪਰਨ ਕਾਰਨ ਫਤਹਿ ਖ਼ਾਨ ਦੇ ਬਾਰਕਜ਼ਈ ਕਬੀਲੇ ਦੇ ਲੋਕਾਂ ਨੇ ਕਾਮਰਾਨ ਦੇ ਵਿਰੁੱਧ ਬਗ਼ਾਵਤ ਕਰ ਦਿੱਤੀ। ਅਜਿਹੇ ਭਿਆਨਕ ਹਾਲਾਤ ਕਰਕੇ ਕਸ਼ਮੀਰ ਦੇ ਹਾਕਮ ਆਜ਼ਮ ਖਾਂ ਨੇ ਆਪਣੀ ਥਾਂ ਜਾਬਰ ਖਾਂ ਨੂੰ ਨਿਯੁਕਤ ਕਰਕੇ ਆਪਣੇ ਨਾਲ ਕੁਝ ਫ਼ੌਜੀ ਜਵਾਨਾਂ ਨੂੰ ਨਾਲ ਲਿਆ ਅਤੇ ਅਫ਼ਗਾਨਿਸਤਾਨ ਵੱਲ ਚਾਲੇ ਪਾ ਦਿੱਤੇ। ਦੂਸਰੀ ਘਟਨਾ ਅਨੁਸਾਰ ਕਸ਼ਮੀਰ ਦੇ ਹਾਲਾਤ ਮਹਾਰਾਜਾ ਰਣਜੀਤ ਸਿੰਘ ਦੇ ਹੱਕ ਵਿਚ ਹੋਰ ਹੋ ਗਏ। ਕਸ਼ਮੀਰ ਦਾ ਸੂਝਵਾਨ ਮੰਤਰੀ ਬੀਰਬਲ ਧਰ ਆਪਣੇ ਮਾਲਕ ਜਾਬਰ ਖ਼ਾਨ ਨਾਲ ਝਗੜਾ ਕਰਕੇ ਲਾਹੌਰ 'ਸਰਕਾਰ-ਏ-ਖ਼ਾਲਸਾ' ਦੀ ਸ਼ਰਨ ਆ ਗਿਆ। ਉਸ ਨੇ ਕਸ਼ਮੀਰ ਵਿਚ ਅਫ਼ਗਾਨ ਫ਼ੌਜੀਆਂ ਦੀ ਤਾਇਨਾਤੀ, ਗਿਣਤੀ ਅਤੇ ਉਥੋਂ ਦੇ ਰਸਤਿਆਂ ਸਬੰਧੀ ਵੱਡਮੁੱਲੇ ਭੇਤਾਂ ਤੋਂ ਜਾਣੂ ਕਰਵਾਇਆ। ਬੀਰਬਲ ਧਰ ਦੇ ਚਲੇ ਜਾਣ ਤੋਂ ਬਾਅਦ ਕਸ਼ਮੀਰ ਦੇ ਹਾਕਮਾਂ ਨੇ ਬੀਰਬਲ ਧਰ ਦਾ ਪਰਿਵਾਰ ਤਬਾਹ ਕਰ ਦਿੱਤਾ ਅਤੇ ਘਰ-ਬਾਰ ਸਾੜ ਦਿੱਤਾ।


(1) ਮਹਾਰਾਜਾ ਰਣਜੀਤ ਸਿੰਘ (2) ਗਵਰਨਰ ਕਸ਼ਮੀਰ ਸ: ਹਰੀ ਸਿੰਘ ਨਲਵਾ ਭੂਮੀਹੀਣ ਕਸ਼ਮੀਰੀਆਂ ਨੂੰ ਭੂਮੀ ਵਾਹੁਣ ਦੇ ਪਟੇ ਦਿੰਦੇ ਹੋਏ। (3) ਹਰੀ ਸਿੰਘ ਨਲਵਾ



ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਸਿੱਖ ਫ਼ੌਜਾਂ ਜਿਨ੍ਹਾਂ ਦੀ ਗਿਣਤੀ 30 ਹਜ਼ਾਰ ਸੀ, 20 ਅਪ੍ਰੈਲ, 1819 ਈ: ਨੂੰ ਲਾਹੌਰ ਤੋਂ ਕਸ਼ਮੀਰ ਵੱਲ ਚਲ ਪਈਆਂ। ਵਜ਼ੀਰਾਬਾਦ ਪਹੁੰਚ ਕੇ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਫ਼ੌਜ ਨੂੰ ਤਿੰਨ ਭਾਗਾਂ ਵਿਚ ਵੰਡ ਦਿੱਤਾ। ਪਹਿਲੇ ਭਾਗ ਵਿਚ ਮਿਸਰ ਦੀਵਾਨ ਚੰਦ, ਸ: ਸ਼ਾਮ ਸਿੰਘ ਅਟਾਰੀਵਾਲਾ, ਸ: ਹੁਕਮ ਸਿੰਘ ਚਿਮਨੀ ਦੀ ਦੇਖ-ਰੇਖ ਵਿਚ ਭਿੰਮਰ, ਝੰਗੜ, ਰਾਜੌਰੀ ਦੇ ਰਸਤੇ ਤੋਂ ਅੱਗੇ ਪੀਰ ਪੰਚਾਲ ਵੱਲ ਨੂੰ ਜਾਣ ਦਾ ਹੁਕਮ ਦਿੱਤਾ। ਦੂਜੇ ਭਾਗ ਨੂੰ ਸ਼ਹਿਜ਼ਾਦਾ ਖੜਕ ਸਿੰਘ, ਅਕਾਲੀ ਫੂਲਾ ਸਿੰਘ, ਸ: ਹਰੀ ਸਿੰਘ ਨਲਵਾ ਅਤੇ ਸ੍ਰੀ ਰਾਮ ਦਿਆਲ ਦੀ ਕਮਾਂਡ ਹੇਠ ਵਜ਼ੀਰਾਬਾਦ ਤੋਂ ਭਿੰਮਰ ਝੰਗੜ ਦੇ ਰਸਤੇ ਤੋਂ ਰਾਜੌਰੀ ਪਹੁੰਚਣ ਦਾ ਹੁਕਮ ਹੋਇਆ ਅਤੇ ਤੀਜੇ ਭਾਗ ਦਾ ਕੰਟਰੋਲ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਭਿੰਮਰ ਨਗਰ ਤੋਂ ਖ਼ੁਦ ਕੀਤਾ। ਇਸ ਸਮੇਂ ਮਹਾਰਾਜੇ ਕੋਲ 10 ਹਜ਼ਾਰ ਤਿਆਰ-ਬਰ-ਤਿਆਰ ਫ਼ੌਜ ਸੀ ਤਾਂ ਜੋ ਦੋ ਪਾਸਿਆਂ ਤੋਂ ਚੜ੍ਹਾਈ ਵਿਚ ਜਿਧਰ ਵੀ ਲੋੜ ਪਵੇ ਫ਼ੌਜ ਤੁਰੰਤ ਪਹੁੰਚ ਸਕਦੀ ਸੀ। ਜਦੋਂ ਸਿੱਖ ਫ਼ੌਜਾਂ ਰਾਜੌਰੀ ਨਗਰ ਪਹੁੰਚੀਆਂ ਤਾਂ ਇਥੋਂ ਦਾ ਰਾਜਾ ਅਸਗਰ ਖ਼ਾਨ ਭੇਸ ਵਟਾ ਕੇ ਭੱਜ ਗਿਆ। ਕਿਉਂਕਿ ਕੁਝ ਸਮੇਂ ਤੋਂ ਇਹ ਰਾਜਾ ਲਾਹੌਰ ਦਰਬਾਰ ਤੋਂ ਬਾਗ਼ੀ ਹੋ ਕੇ ਕੋਈ ਨਜ਼ਰਾਨਾ ਵਗੈਰਾ ਨਹੀਂ ਸੀ ਭੇਜ ਰਿਹਾ ਤੇ ਪਿਛਲੀ ਦਫ਼ਾ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਲੰਮੇ ਰਸਤੇ ਵੱਲ ਜਾਣ ਦੀ ਗ਼ਲਤ ਸਲਾਹ ਦਿੱਤੀ ਸੀ। ਪਰ ਉਸ ਦੇ ਭਰਾ ਰਹੀਮ-ਉੱਲਾ-ਯਾਰ ਖ਼ਾਨ ਨੇ ਪੂਰੀ ਤਰ੍ਹਾਂ ਸਮਝਦਾਰੀ ਤੋਂ ਕੰਮ ਲੈਂਦੇ ਹੋਏ ਸ਼ਹਿਜ਼ਾਦਾ ਖੜਕ ਸਿੰਘ ਤੇ ਮਿਸਰ ਦੀਵਾਨ ਚੰਦ ਨੂੰ ਰਾਜੌਰੀ ਦੇ ਸ਼ਾਹੀ ਬਾਗ਼ ਵਿਚ ਆ ਕੇ ਮਿਲਿਆ ਅਤੇ ਆਪਣੀ ਫ਼ੌਜ ਨੂੰ ਦਰਬਾਰ ਦੀਆਂ ਫ਼ੌਜਾਂ ਨਾਲ ਭੇਜਣ ਦਾ ਯਕੀਨ ਦਿਵਾਇਆ ਅਤੇ ਸਹੀ ਰਸਤੇ ਵਗੈਰਾ ਵੀ ਦੱਸ ਦਿੱਤੇ। ਉਸ ਤੋਂ ਬਾਅਦ ਸ਼ਹਿਜ਼ਾਦਾ ਖੜਕ ਸਿੰਘ ਨੇ ਰਹੀਮ-ਉੱਲਾ-ਯਾਰ ਖ਼ਾਨ ਨੂੰ ਸ਼ੇਰ-ਏ-ਪੰਜਾਬ ਵੱਲ ਭਿੰਮਰ ਪੇਸ਼ ਹੋਣ ਲਈ ਭੇਜ ਦਿੱਤਾ। ਰਹੀਮ-ਉੱਲਾ-ਯਾਰ ਖ਼ਾਨ ਦੀ ਦਿਆਨਤਦਾਰੀ ਤੋਂ ਪ੍ਰਸੰਨ ਹੋਕੇ ਸ਼ੇਰ-ਏ-ਪੰਜਾਬ ਨੇ ਉਸ ਨੂੰ ਰਾਜੌਰੀ ਦਾ ਰਾਜਾ ਮੁਕੱਰਰ ਕਰ ਦਿੱਤਾ

ਸਿੱਖ ਫ਼ੌਜਾਂ ਰਾਜੌਰੀ ਤੋਂ ਪੁਣਛ ਤੇ ਫਿਰ ਬੇਹਰਾਮ ਗੱਲਾਂ ਪਹੁੰਚ ਗਈਆਂ। ਉਸ ਸਮੇਂ ਕਸ਼ਮੀਰ ਦਾ ਹਾਕਮ ਮੁਹੰਮਦ ਜ਼ਬਾਰ ਖ਼ਾਨ ਸੀ, ਜਿਸ ਨੇ ਖ਼ਾਲਸਾ ਫ਼ੌਜਾਂ ਨਾਲ ਟੱਕਰ ਲੈਣ ਲਈ ਬਹੁਤ ਸਾਰੀਆਂ ਤੋਪਾਂ ਤੇ ਵੱਡੀ ਗਿਣਤੀ ਵਿਚ ਫ਼ੌਜ ਇਕੱਠੀ ਕਰ ਲਈ ਸੀ। ਬੇਹਰਾਮ ਗੱਲਾਂ ਦਰੇ ਵਿਚ ਪਹੁੰਚਣ ਤੋਂ ਬਾਅਦ ਸ਼ਹਿਜ਼ਾਦਾ ਖੜਕ ਸਿੰਘ ਅਤੇ ਮਿਸਰ ਦੀਵਾਨ ਚੰਦ ਨੇ ਆਪਣੀਆਂ ਫ਼ੌਜਾਂ ਨੂੰ ਮੁੜ ਤਰਤੀਬ ਦੇ ਕੇ ਤਿੰਨ ਭਾਗਾਂ ਵਿਚ ਵੰਡ ਦਿੱਤਾ ਅਤੇ 3 ਜੁਲਾਈ, 1819 ਈ: ਨੂੰ ਪੀਰ ਪੰਚਾਲ ਤੋਂ ਉੱਤਰ ਕੇ ਜ਼ਬਰ ਖ਼ਾਨ ਦੀ ਫ਼ੌਜ ਉੱਪਰ ਜੋ ਸੋਪਈਆ ਨਸਰ ਵਿਚ ਪਹਿਲਾਂ ਹੀ ਇਕੱਠੀ ਕੀਤੀ ਹੋਈ ਸੀ, ਤਿੰਨ ਵੱਖ-ਵੱਖ ਥਾਵਾਂ 'ਤੇ ਧਾਵਾ ਬੋਲ ਦਿੱਤਾ। ਇਸ ਥਾਂ 'ਤੇ ਦੋਵਾਂ ਧਿਰਾਂ ਵਿਚਕਾਰ ਜ਼ਬਰਦਸਤ ਮੁਕਾਬਲਾ ਹੋਇਆ। ਕਿਉਂਕਿ ਦੌਰਾਨੀ ਫ਼ੌਜੀਆਂ ਨੇ ਪਹਿਲਾਂ ਹੀ ਮੋਰਚੇ ਪੁੱਟ ਕੇ ਤਿਆਰ ਕੀਤੇ ਹੋਏ ਸਨ। ਇਸ ਸਮੇਂ ਲਾਹੌਰ ਦਰਬਾਰ ਦੀਆਂ ਆਪਣੀਆਂ ਬਣਾਈਆਂ ਤੋਪਾਂ ਨੇ ਬਹੁਤ ਕੰਮ ਕੀਤਾ। ਸ: ਹਰੀ ਸਿੰਘ ਨਲਵਾ, ਅਕਾਲੀ ਫੂਲਾ ਸਿੰਘ ਅੱਗੇ ਹੋ ਕੇ ਲੜ ਰਹੇ ਸਨ। ਨਵਾਬ ਜ਼ਬਰ ਖ਼ਾਨ ਹਾਕਮ ਕਸ਼ਮੀਰ ਆਪਣੀ ਅਫ਼ਗਾਨ ਫ਼ੌਜ ਦੀ ਆਪਸ ਅਗਵਾਈ ਕਰਦਾ ਹੋਇਆ ਸ: ਹਰੀ ਸਿੰਘ ਨਲਵਾ ਦੇ ਸਾਹਮਣੇ ਆ ਗਿਆ। ਤਲਵਾਰ ਨਾਲ ਦੋਵਾਂ ਨੇ ਇਕ-ਦੂਜੇ ਦਾ ਟਾਕਰਾ ਕੀਤਾ ਪਰ ਜ਼ਬਾਰ ਖ਼ਾਨ ਦਾ ਤਲਵਾਰ ਵਾਲਾ ਹੱਥ ਹਰੀ ਸਿੰਘ ਨਲਵੇ ਦੇ ਹਮਲੇ ਨਾਲ ਵੱਢਿਆ ਗਿਆ ਤੇ ਉਹ ਜਾਨ ਬਚਾ ਕੇ ਪਹਾੜਾਂ ਅਤੇ ਜੰਗਲਾਂ ਵਿਚੋਂ ਹੁੰਦਾ ਹੋਇਆ ਮੁਜ਼ਫਰਾਬਾਦ ਦੇ ਰਸਤੇ ਕਾਬਲ ਜਾ ਪਹੁੰਚਿਆ। ਇਸ ਪਿੱਛੋਂ ਅਫ਼ਗਾਨ ਫ਼ੌਜਾਂ ਦੇ ਹੌਸਲੇ ਟੁੱਟ ਗਏ। ਇਸ ਘਮਸਾਨ ਦੀ ਜੰਗ ਵਿਚ ਖ਼ਾਲਸੇ ਦੀ ਜਿੱਤ ਹੋਈ ਤੇ ਸਾਰੇ ਕਸ਼ਮੀਰ 'ਤੇ ਕਬਜ਼ਾ ਹੋ ਗਿਆ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸੁਚੱਜੀ ਵਿਉਂਤ ਅਨੁਸਾਰ 500 ਸਾਲ ਵਿਦੇਸ਼ੀ ਗੁਲਾਮੀ ਵਿਚ ਰਹਿਣ ਪਿਛੋਂ ਕਸ਼ਮੀਰ ਆਜ਼ਾਦ ਹੋ ਗਿਆ। ਇਸ ਲੜਾਈ ਵਿਚ ਸਰਦਾਰ ਅਮੀਰ ਦਿਲ ਅਤੇ ਸਰਦਾਰ ਸਮਦ ਖ਼ਾਨ ਵਰਗੇ ਅਫ਼ਗਾਨੀ ਲੜਾਕੇ ਮਾਰੇ ਗਏ ਅਤੇ ਕਾਫ਼ੀ ਮਾਤਰਾ ਵਿਚ ਫ਼ੌਜੀ ਸਾਮਾਨ ਤੇ ਕਾਬਲੀ ਘੋੜੇ ਸਿੱਖ ਫ਼ੌਜਾਂ ਦੇ ਹੱਥ ਲੱਗੇ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀਆਂ ਜੇਤੂ ਫ਼ੌਜਾਂ 5 ਜੁਲਾਈ, 1819 ਈ: ਨੂੰ ਸ੍ਰੀਨਗਰ ਵਿਚ ਦਾਖਲ ਹੋ ਗਈਆਂ। ਸ਼ਹਿਜ਼ਾਦਾ ਖੜਕ ਸਿੰਘ ਨੇ ਸ੍ਰੀਨਗਰ ਸ਼ਹਿਰ ਵਿਚ ਮੁਨਾਦੀ ਕਰਵਾ ਦਿੱਤੀ ਕਿ ਹੁਣ ਕਿਸੇ ਦੀ ਜਾਨ ਜਾਂ ਮਾਲ ਨੂੰ ਕੋਈ ਖਤਰਾ ਨਹੀਂ। ਕਸ਼ਮੀਰ ਦੇ ਲੋਕ ਆਜ਼ਾਦ ਹਨ ਤੇ ਖ਼ਾਲਸਾ ਦਰਬਾਰ ਦੀਆਂ ਫ਼ੌਜਾਂ ਉਨ੍ਹਾਂ ਦੇ ਸੁਖ-ਆਰਾਮ ਲਈ ਹਰ ਯਤਨ ਕਰਨਗੀਆਂ। ਇਸ ਤੋਂ ਪਹਿਲਾਂ ਹਮੇਸ਼ਾ ਸ੍ਰੀਨਗਰ ਫਤਹਿ ਕਰਨ ਵਾਲੇ ਲੁੱਟ-ਮਾਰ ਕਰਿਆ ਕਰਦੇ ਸਨ ਪਰ ਖ਼ਾਲਸਾ ਫ਼ੌਜ ਨੇ ਕੋਈ ਲੁੱਟ-ਮਾਰ ਨਾ ਕੀਤੀ। ਸ੍ਰੀਨਗਰ ਦੇ ਲੋਕਾਂ ਨੇ ਪਹਿਲੀ ਵਾਰ ਫ਼ੌਜ ਦਾ ਪਿਆਰ ਭਰਿਆ ਵਰਤਾਓ ਦੇਖਿਆ।

ਮਹਾਰਾਜਾ ਰਣਜੀਤ ਸਿੰਘ ਨੂੰ ਜਦ ਕਸ਼ਮੀਰ ਫਤਹਿ ਕਰਨ ਦੀ ਖ਼ਬਰ ਮਿਲੀ ਤਾਂ ਉਹ ਸਿੱਧੇ ਕੂਚ ਕਰਕੇ ਅੰਮ੍ਰਿਤਸਰ ਪਹੁੰਚੇ। ਸ੍ਰੀ ਦਰਬਾਰ ਸਾਹਿਬ ਅਕਾਲ ਪੁਰਖ ਵਾਹਿਗੁਰੂ ਦਾ ਧੰਨਵਾਦ ਕਰਦੇ ਹੋਏ ਅਰਦਾਸ ਕੀਤੀ ਅਤੇ ਸ੍ਰੀ ਦਰਬਾਰ ਸਾਹਿਬ ਸੋਨੇ ਦੀ ਸੇਵਾ ਲਈ ਮਾਇਆ ਭੇਟ ਕੀਤੀ। ਲਾਹੌਰ ਅਤੇ ਅੰਮ੍ਰਿਤਸਰ ਦੇ ਸ਼ਹਿਰਾਂ ਵਿਚ ਖ਼ਾਲਸਾ ਸਰਕਾਰ ਵਲੋਂ ਲਗਾਤਾਰ ਤਿੰਨ ਰਾਤਾਂ ਦੀਪਮਾਲਾ ਕੀਤੀ ਗਈ। ਲਾਹੌਰ ਸ਼ਹਿਰ ਦੇ ਹਰ ਮੰਦਰ ਅਤੇ ਮਸੀਤ ਨੂੰ ਸਰਕਾਰ-ਏ-ਖ਼ਾਲਸਾ ਵਲੋਂ ਮਾਇਆ ਭੇਟ ਕੀਤੀ ਗਈ। ਪੈਸੇ ਦੇ ਲਿਹਾਜ਼ ਨਾਲ ਕਸ਼ਮੀਰ ਲਾਹੌਰ ਦਰਬਾਰ ਲਈ ਇਕ ਵਡਮੁੱਲੀ ਜਿੱਤ ਸੀ।

ਕਸ਼ਮੀਰ ਵਿਚ ਪਹਿਲਾਂ ਕੁਝ ਦਿਨ ਤਾਂ ਫ਼ੌਜੀ ਪ੍ਰਬੰਧ ਰਿਹਾ। ਸ: ਹਰੀ ਸਿੰਘ ਨਲਵਾ ਨੂੰ ਮੁੱਖ ਫ਼ੌਜੀ ਪ੍ਰਬੰਧਕ ਨਿਯੁਕਤ ਕੀਤਾ ਗਿਆ। ਕੁਝ ਸਮੇਂ ਬਾਅਦ ਜਦੋਂ ਕਸ਼ਮੀਰ ਦਾ ਸਾਰਾ ਪ੍ਰਬੰਧ ਸੁਧਰ ਗਿਆ ਤਾਂ ਦੀਵਾਨ ਮੋਤੀ ਰਾਮ ਨੂੰ ਕਸ਼ਮੀਰ ਦਾ ਪਹਿਲਾ ਗਵਰਨਰ ਨਿਯੁਕਤ ਕੀਤਾ ਗਿਆ। ਅਜੇ ਇਕ ਸਾਲ ਪੂਰਾ ਨਹੀਂ ਹੋਇਆ ਸੀ ਕਿ ਮੋਤੀ ਰਾਮ ਦਾ ਛੋਟਾ ਬੇਟਾ ਰਾਮ ਦਿਆਲ ਪੱਛਮੀ ਕਸ਼ਮੀਰ ਦੀਆਂ ਪਹਾੜੀਆਂ ਵਿਚ ਗੰਧਗੜੀਆਂ ਨਾਲ ਲੜਦਾ ਹੋਇਆ ਮਾਰਿਆ ਗਿਆ। ਦੀਵਾਨ ਮੋਤੀ ਰਾਮ ਪੁੱਤਰ ਦੀ ਮੌਤ ਉਪਰੰਤ ਕਸ਼ਮੀਰ ਤੋਂ ਲਾਹੌਰ ਵਾਪਸ ਆ ਗਿਆ। ਦੀਵਾਨ ਮੋਤੀ ਰਾਮ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਸ: ਹਰੀ ਸਿੰਘ ਨਲਵੇ ਨੂੰ ਕਸ਼ਮੀਰ ਦਾ ਗਵਰਨਰ ਲਾਇਆ। ਸ: ਹਰੀ ਸਿੰਘ ਨਲਵਾ ਨੇ ਕਸ਼ਮੀਰ ਦੇ ਸਾਰੇ ਬਾਗ਼ੀ ਕਾਬੂ ਕਰ ਲਏ ਤੇ ਕਸ਼ਮੀਰ ਰਾਜ ਆਰਥਿਕ ਤੌਰ 'ਤੇ ਬੜਾ ਉਨਤ ਹੋਇਆ। ਇਸ ਤੋਂ ਖ਼ੁਸ਼ ਹੋ ਕੇ ਮਹਾਰਾਜਾ ਰਣਜੀਤ ਸਿੰਘ ਨੇ ਸ: ਹਰੀ ਸਿੰਘ ਨਲਵਾ ਨੂੰ ਆਪਣੇ ਨਾਂਅ ਦਾ ਸਿੱਕਾ ਚਲਾਉਣ ਦਾ ਅਧਿਕਾਰ ਦਿੱਤਾ। ਸ: ਨਲਵਾ ਨੇ ਕਸ਼ਮੀਰ ਵਿਚ ਜੋ ਸਿੱਕਾ ਜਾਰੀ ਕੀਤਾ ਉਸ ਨੂੰ ਆਮ ਤੌਰ 'ਤੇ 'ਹਰੀ ਸਿੰਘੀ' ਕਰਕੇ ਜਾਣਿਆ ਜਾਂਦਾ ਸੀ।

ਸਿੱਖ ਰਾਜ ਦੇ ਸਮੇਂ ਮੁਜ਼ਫਰਾਬਾਦ ਦੇ ਬਾਜ਼ਾਰ ਵਿਚ ਜਿਣਸਾਂ ਦੇ ਭਾਅ ਪ੍ਰਤੀ ਇਕ (ਰੁਪਿਆ) ਰੁਪਏ ਅਨੁਸਾਰ ਸੀ। ਕਣਕ ਦਾ ਆਟਾ 16 ਸੇਰ, ਆਟਾ ਮੱਕੀ 20 ਸੇਰ, ਲੂਣ 4 ਸੇਰ, ਮੱਖਣ 3 ਸੇਰ, ਚਾਵਲ 10 ਸੇਰ, ਘਿਓ 2 ਸੇਰ, ਦੁੱਧ 16 ਸੇਰ ਅਤੇ ਖੰਡ ਦੇਸੀ 4 ਸੇਰ ਸੀ।

ਸਿੱਖ ਰਾਜ ਸਮੇਂ ਕਸ਼ਮੀਰ ਦੇ ਗਵਰਨਰ ਦੀਵਾਨ ਮੋਤੀ ਰਾਮ (1819 ਤੋਂ 1820), ਸ: ਹਰੀ ਸਿੰਘ ਨਲਵਾ (1820-1821), ਦੀਵਾਨ ਮੋਤੀ ਰਾਮ ਦੂਜੀ ਵਾਰ (1821-1824), ਦੀਵਾਨ ਚੂਨੀ ਲਾਲ (1824-1826), ਦੀਵਾਨ ਕਿਰਪਾ ਰਾਮ (1826-1830), ਬੇਰਮਾ ਸਿੰਘ ਅਰਦਲੀ (1830-1831), ਕੰਵਰ ਸ਼ੇਰ ਸਿੰਘ (1831-1834), ਮੀਆਂ ਸਿੰਘ (1834-1841), ਸ਼ੇਖ ਗੁਲਾਮ ਮਹੀਓਦੀਨ (1841-1845), ਸ਼ੇਖ਼ ਈਮਾਮਦੀਨ (1846)। ਸਿੱਖ ਰਾਜ ਸਮੇਂ ਕਸ਼ਮੀਰ ਨੇ ਹਰ ਪੱਖ ਤੋਂ ਪੂਰੀ ਤਰੱਕੀ ਕੀਤੀ। ਵਿਸ਼ੇਸ਼ ਤੌਰ'ਤੇ ਕਸ਼ਮੀਰ ਦੇ ਸ਼ਾਲ ਅਤੇ ਦੋਸ਼ਾਲੇ ਦਾ ਵਪਾਰ ਸਿਖਰ 'ਤੇ ਸੀ।

-ਹਰਵਿੰਦਰ ਸਿੰਘ ਖ਼ਾਲਸਾ

# ਗ਼ਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਨੂੰ ਚੇਤੇ ਕਰਦਿਆਂ...

ਲਿਖਤ : ਲਿਖਤ : ਅਜੀਤ ਖੰਨਾ
ਮੋਬਾਈਲ : 85448-54669



ਹਰਨਾਮ ਸਿੰਘ ਟੁੰਡੀਲਾਟ ਦਾ ਜਨਮ 26 ਅਕਤੂਬਰ 1884 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਕੋਟਲਾ ਨੌਧ ਸਿੰਘ ਵਿਖੇ ਹੋਇਆ ਸੀ। ਪਿਤਾ ਗੁਰਦਿੱਤ ਸਿੰਘ ਖੇਤੀਬਾੜੀ ਕਰਦੇ ਸਨ। ਉਹ ਪੰਜਵੀਂ ਜਮਾਤ ਤੱਕ ਦੀ ਸਿੱਖਿਆ ਹੀ ਹਾਸਲ ਕਰ ਸਕੇ ਸਨ ਜੋ ਉਨ੍ਹਾਂ ਨੇ ਪਿੰਡ ਦੇ ਧਰਮਸ਼ਾਲਾ ਸਕੂਲ ਤੋਂ ਹਾਸਲ ਕੀਤੀ ਸੀ।

ਇਸੇ ਦੌਰਾਨ ਉਨ੍ਹਾਂ ਉਰਦੂ ਫ਼ਾਰਸੀ ਤੇ ਗੁਰਮੁਖੀ ਸਿੱਖ ਲਈ ਸੀ। ਅਠਾਈ ਨਵੰਬਰ 1902 ਨੂੰ ਉਹ ਪਿਸ਼ਾਵਰ ਦੇ ਪਲਟੂਨ ਨੰਬਰ 25 ਵਿਚ ਇਕ ਫ਼ੌਜੀ ਵਜੋਂ ਭਰਤੀ ਹੋ ਗਏ। ਦੇਸ਼ ਭਗਤੀ ਦਾ ਜਜ਼ਬਾ ਹੋਣ ਕਰਕੇ ਬਾਅਦ 'ਚ ਉਨ੍ਹਾਂ ਨੌਕਰੀ ਛੱਡ ਦਿੱਤੀ ਅਤੇ 12 ਜੁਲਾਈ 1906 ਨੂੰ ਉਹ ਵੈਨਕੂਵਰ (ਕੈਨੇਡਾ) ਚਲੇ ਗਏ। ਉਸ ਪਿੱਛੋਂ 1909 'ਚ ਕੈਲੀਫੋਰਨੀਆ (ਯੂਐੱਸਏ) ਚਲੇ ਗਏ ਜਿੱਥੇ ਉਨ੍ਹਾਂ ਨੇ ਓਰੇਗਨ ਰਾਜ ਦੇ ਪ੍ਰਸਿੱਧ ਸ਼ਹਿਰ ਪੋਰਟਲੈਂਡ ਕੋਲ ਬ੍ਰਦਲਵਿਲੇ ਦੀ ਇਕ ਲੱਕੜ ਮਿੱਲ 'ਚ ਕੰਮ ਕੀਤਾ ਜਿੱਥੇ ਭਾਰਤੀਆਂ ਨੂੰ ਗ਼ੁਲਾਮ ਸਮਝ ਕੇ ਬੜੀ ਨਫ਼ਰਤ ਕੀਤੀ ਜਾਂਦੀ ਸੀ।

ਇਸ 'ਤੇ ਹਰਨਾਮ ਸਿੰਘ ਨੇ ਜੀਡੀ ਕੁਮਾਰ ਦੇ ਸੱਦੇ 'ਤੇ 1912 ਦੇ ਸ਼ੁਰੂ 'ਚ ਪੋਰਟਲੈਂਡ 'ਚ ਕ੍ਰਾਂਤੀਕਾਰੀਆਂ ਦੀ ਹੋਈ ਬੈਠਕ 'ਚ ਹਿੱਸਾ ਲਿਆ ਅਤੇ ਹਿੰਦੁਸਤਾਨੀ ਮਜ਼ਦੂਰਾਂ ਦਾ ਇਕ ਸੰਗਠਨ ਬਣਾਇਆ। ਇਸ ਦੀ ਪਲੇਠੀ ਬੈਠਕ 31 ਮਾਰਚ 1913 ਨੂੰ ਬ੍ਰੈਡਲਵਿਲੇ 'ਚ ਹੋਈ ਸੀ ਜਿਸ ਵਿਚ ਹਰਨਾਮ ਸਿੰਘ ਨੂੰ ਸਥਾਨਕ ਸ਼ਾਖਾ ਦਾ ਸਕੱਤਰ ਚੁਣਿਆ ਗਿਆ। ਅਪ੍ਰੈਲ 1914 ਵਿਚ ਲਾਲਾ ਹਰਦਿਆਲ ਦੇ ਅਮਰੀਕਾ 'ਚੋਂ ਕੱਢੇ ਜਾਣ ਮਗਰੋਂ ਸਾਨ ਫਰਾਂਸਿਸਕੋ ਵਿਚ ਪਾਰਟੀ ਦੇ ਮੁੱਖ ਦਫ਼ਤਰ ਯੁਗਾਂਤਰ ਆਸ਼ਰਮ ਵਿਚ ਇਸ ਦੇ ਕੰਮ ਦੀ ਪੁਨਰ ਵੰਡ ਕੀਤੀ ਗਈ ਤਾਂ ਗ਼ਦਰੀ ਹਰਨਾਮ ਸਿੰਘ ਟੁੰਡੀਲਾਟ ਨੂੰ 'ਗ਼ਦਰ' ਪਰਚੇ ਦਾ ਸੰਪਾਦਕ ਚੁਣਿਆ ਗਿਆ। ਜਦੋਂ 1914 ਵਿਚ ਇੰਗਲੈਂਡ ਪਹਿਲੇ ਵਿਸ਼ਵ ਯੁੱਧ ਸਮੇਂ ਜਰਮਨੀ ਨਾਲ ਯੁੱਧ ਵਿਚ ਉਲਝਿਆ ਹੋਇਆ ਸੀ ਤਾਂ ਮਾਸਟਰ ਊਧਮ ਸਿੰਘ ਕਸੇਲ ਨੇ ਗ਼ਦਰ ਪਾਰਟੀ ਦੇ ਕਾਰਕੁਨਾਂ ਨੂੰ ਫ਼ੌਜੀ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ।

ਹੀਰਾ ਸਿੰਘ ਦਰਦ ਆਪਣੀ ਕਿਤਾਬ 'ਜੀਵਨ ਦੇਸ਼ ਭਗਤ ਬਾਬਾ ਹਰਨਾਮ ਸਿੰਘ ਟੁੰਡੀਲਾਟ' ਵਿਚ ਲਿਖਦੇ ਹਨ ਕਿ 5 ਜੁਲਾਈ 1914 ਨੂੰ ਕਰਤਾਰ ਸਿੰਘ ਸਰਾਭਾ ਤੇ ਪ੍ਰਿਥਵੀ ਸਿੰਘ ਆਜ਼ਾਦ ਨੂੰ ਬੰਬ ਬਣਾਉਣ ਦੇ ਇਕ ਸਫਲ ਤਜਰਬੇ ਤੋਂ ਬਾਅਦ ਹਰਨਾਮ ਸਿੰਘ ਦਾ ਸੱਜਾ ਹੱਥ ਬਾਂਹ ਤੋਂ ਅਲੱਗ ਹੋ ਗਿਆ ਜਿਸ ਦੇ ਸਿੱਟੇ ਵਜੋਂ ਉਸ ਦੀ ਸੱਜੀ ਬਾਂਹ ਕੂਹਣੀ ਤੋਂ ਉੱਪਰੋਂ ਕੱਟਣੀ ਪਈ। ਇਸ ਮਗਰੋਂ ਇਸ ਦੇ ਸਾਥੀਆਂ ਨੇ ਹਰਨਾਮ ਸਿੰਘ ਦਾ ਨਵਾਂ ਨਾਂ ਟੁੰਡੀਲਾਟ ਰੱਖ ਦਿੱਤਾ।

ਸੰਨ 1914 ਵਿਚ ਜਿਹੜੇ ਗ਼ਦਰੀ ਆਗੂ ਐੱਸ.ਐੱਸ. ਕੋਰੀਆ ਜਹਾਜ਼ ਰਾਹੀਂ ਕਲਕੱਤੇ ਵੱਲੋਂ ਭਾਰਤ ਪਹੁੰਚੇ ਸਨ, ਉਨ੍ਹਾਂ ਨੂੰ ਬੰਦਰਗਾਹ 'ਤੇ ਹੀ ਗ੍ਰਿਫ਼ਤਾਰ ਕਰ ਕੇ ਮਿੰਟਗੁਮਰੀ ਤੇ ਮੁਲਤਾਨ ਦੀਆਂ ਕੇਂਦਰੀ ਜੇਲ੍ਹਾਂ ਵਿਚ ਕੈਦ ਕਰਨ ਦੇ ਹੁਕਮ ਦਿੱਤੇ ਗਏ। ਹਰਨਾਮ ਸਿੰਘ ਅਕਤੂਬਰ ਦੇ ਆਖ਼ਰ ਵਿਚ ਆਪਣੀ ਸੋਚ ਮੁਤਾਬਕ 'ਮਸ਼ੀਮਾ ਮਾਰੂ' ਜਹਾਜ਼ ਰਾਹੀਂ ਕੋਲੰਬੋ, 24 ਦਸੰਬਰ ਨੂੰ ਭਾਰਤ ਤੇ ਮਗਰੋਂ ਪੰਜਾਬ ਵਿਚ ਦਾਖ਼ਲ ਹੋਇਆ।

ਇੱਥੇ ਉਨ੍ਹਾਂ ਗ਼ਦਰ ਪਾਰਟੀ ਵੱਲੋਂ ਪਿਸ਼ਾਵਰ, ਰਾਵਲਪਿੰਡੀ ਅਤੇ ਨੌਸ਼ਹਿਰਾ ਛਾਉਣੀਆਂ ਵਿਚ ਫ਼ੌਜੀ ਸਿਪਾਹੀਆਂ ਦੇ ਦਸਤਿਆਂ ਨਾਲ ਰਾਬਤਾ ਕਾਇਮ ਕੀਤਾ। ਗ਼ਦਰ ਅੰਦੋਲਨ ਨੂੰ ਅਸਫਲ ਕਰਨ ਲਈ ਅੰਗਰੇਜ਼ ਹਕੂਮਤ ਨੇ ਕਿਰਪਾਲ ਸਿੰਘ ਮਾਧੋਕੇ ਗ਼ਦਾਰ ਨੂੰ ਪਾਰਟੀ ਵਿਚ ਜਾਸੂਸ ਬਣਾ ਕੇ ਭੇਜਿਆ। ਦਿਨਾਂ ਵਿਚ ਹੀ ਗ਼ਦਰ ਦੀ ਸਾਰੀ ਖ਼ੁਫ਼ੀਆ ਜਾਣਕਾਰੀ ਪੁਲਿਸ ਅਫ਼ਸਰ ਲਿਆਕਤ ਖਾਂ ਕੋਲ ਪਹੁੰਚ ਗਈ ਤੇ ਕਈ ਗ਼ਦਰੀ ਫੜੇ ਗਏ। ਹਰਨਾਮ ਸਿੰਘ ਟੁੰਡੀਲਾਟ, ਕਰਤਾਰ ਸਿੰਘ ਸਰਾਭਾ, ਤੇ ਜਗਤ ਸਿੰਘ ਸੁਰਸਿੰਘ ਕੁਝ ਦਿਨਾਂ ਵਾਸਤੇ ਅਫ਼ਗਾਨਿਸਤਾਨ ਵੱਲ ਚਲੇ ਗਏ।

ਦੋ ਮਾਰਚ, 1915 ਨੂੰ ਟੁੰਡੀਲਾਟ, ਕਰਤਾਰ ਸਿੰਘ ਸਰਾਭਾ ਤੇ ਜਗਤ ਸਿੰਘ ਗ਼ਦਰ ਅਸਫਲ ਹੋਣ ਮਗਰੋਂ ਸ਼ਾਹਪੁਰ ਜ਼ਿਲ੍ਹਾ ਸਰਗੋਧਾ ਦੇ ਵਿਲਾਸਪੁਰ ਚੱਕ ਨੰਬਰ 5 ਦੇ ਇਕ ਫਾਰਮ 'ਤੇ ਇਕ ਫ਼ੌਜੀ ਪੈਨਸ਼ਨਰ ਰਾਜਿੰਦਰ ਸਿੰਘ ਕੋਲ ਠਹਿਰਨ ਲਈ ਆ ਪਹੁੰਚੇ। ਉਸ ਨੇ ਬੁਲ੍ਹੋਵਾਲ ਥਾਣੇ 'ਚ ਗ਼ਦਰੀਆਂ ਦੇ ਆਉਣ ਦੀ ਸੂਹ ਦੇ ਕੇ ਹਰਨਾਮ ਸਿੰਘ ਟੁੰਡੀਲਾਟ ਤੇ ਉਸ ਦੇ ਦੋ ਸਾਥੀਆਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ।

ਮਗਰੋਂ ਹਰਨਾਮ ਸਿੰਘ 'ਤੇ 'ਪਹਿਲਾ ਲਾਹੌਰ ਸਾਜ਼ਿਸ਼ ਮਕੱਦਮਾ' ਚਲਾਇਆ ਗਿਆ। ਡਿਫੈਂਸ ਆਫ ਇੰਡੀਆ ਐਕਟ 1914 ਤਹਿਤ ਵਿਸ਼ੇਸ਼ ਟ੍ਰਿਬਿਊਨਲ ਰਾਹੀਂ 26 ਅਪ੍ਰੈਲ 1915 ਨੂੰ ਲਗਪਗ 81 ਗ਼ਦਰੀਆਂ 'ਤੇ ਮੁਕੱਦਮਾ ਸ਼ੁਰੂ ਹੋਇਆ। ਹਰਨਾਮ ਸਿੰਘ ਟੁੰਡੀਲਾਟ ਸਮੇਤ 24 ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਗ਼ਦਰੀਆਂ ਵੱਲੋਂ ਮੁਕੱਦਮੇ ਦੀ ਪੈਰਵੀ ਕਰ ਰਹੇ ਵਕੀਲ ਰਘੂਨਾਥ ਸਹਾਏ ਨੇ 24 ਗ਼ਦਰੀਆਂ ਨੂੰ ਫਾਂਸੀ ਦੀ ਸਜ਼ਾ ਦਾ ਮੁੱਦਾ ਵਾਇਸਰਾਏ ਕੌਂਸਲ ਕੋਲ ਉਠਾਇਆ ਤੇ ਕੌਂਸਲ ਦੇ ਮੈਂਬਰ ਸਰ ਅਲੀ ਇਮਾਮ ਦੇ ਕਾਨੂੰਨੀ ਪੈਂਤੜਿਆਂ ਤੋਂ ਬਾਅਦ ਭਾਰਤ ਦੇ ਵਾਇਸਰਾਏ ਚਾਰਲਸ ਹਾਰਡਿੰਗ ਨੇ ਆਪਣੇ ਤੌਰ 'ਤੇ ਇਨ੍ਹਾਂ 'ਚੋਂ 17 ਦੀ ਮੌਤ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਜਿਨ੍ਹਾਂ ਵਿਚ ਟੁੰਡੀਲਾਟ ਵੀ ਸ਼ਾਮਲ ਸੀ।

ਬਾਅਦ ਵਿਚ ਟੁੰਡੀਲਾਟ ਨੇ ਜ਼ਿੰਦਗੀ ਦੇ 6 ਸਾਲ ਕੈਦੀ ਦੇ ਰੂਪ ਵਿਚ ਅੰਡੇਮਾਨ ਦੀ ਜੇਲ੍ਹ ਵਿਚ ਗੁਜ਼ਾਰੇ ਅਤੇ ਬਾਕੀ ਦੇ 9 ਵਰ੍ਹੇ ਮਦਰਾਸ, ਪੂਣੇ, ਮੁੰਬਈ ਅਤੇ ਮਿੰਟਗੁਮਰੀ ਦੀਆਂ ਜੇਲ੍ਹਾਂ ਵਿਚ ਬਤੀਤ ਕੀਤੇ। ਟੁੰਡੀਲਾਟ ਬਾਕੀ ਸਾਥੀਆਂ ਸਣੇ 1945 ਨੂੰ ਜੇਲ੍ਹ ਤੋਂ ਬਾਹਰ ਆਏ। ਅੰਤ 15 ਅਗਸਤ 1947 ਨੂੰ ਮੁਲਕ ਆਜ਼ਾਦ ਹੋ ਗਿਆ ਪਰ ਆਜ਼ਾਦੀ ਦੇ 15 ਸਾਲਾਂ ਪਿੱਛੋਂ 18 ਸਤੰਬਰ 1962 ਨੂੰ 78 ਵਰ੍ਹਿਆਂ ਦੀ ਉਮਰ ਭੋਗ ਕੇ ਭਾਰਤ ਦਾ ਇਹ ਮਹਾਨ ਆਜ਼ਦੀ ਘੁਲਾਟੀਆ ਜਹਾਨੋਂ ਰੁਖ਼ਸਤ ਹੋ ਗਿਆ।

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫ਼ੂਨ ਕਰੋ:
ਦਲਜੀਤ ਸਿੰਘ ਰਾਏ
604-807-1012



ਦਲਜੀਤ ਸਿੰਘ ਰਾਏ

ਲੇਡੀਜ਼ ਸੰਗੀਤ, ਜਾਗੋ, ਮਾਈਆਂ,
ਵਿਆਹ, ਜਨਮਦਿਨ ਜਾਂ ਹੋਰ
ਕਿਸੇ ਵੀ ਖੁਸ਼ੀ ਮੌਕੇ 'ਤੇ
ਪਰਿਵਾਰਕ ਸੱਭਿਆਚਾਰਕ
ਪ੍ਰੋਗਰਾਮਾਂ ਲਈ ਸੰਪਰਕ ਕਰੋ
ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)
306-861-5876
306-891-5441
Email : devicharno35@gmail.com
Follow charanjeet_861



Keep Smiling Denture Clinic
Keep Smiling Denture Clinic
Complete Denture | Implant Denture | Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ
ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ
ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।
ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ,
ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ
ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ
ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ
ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।



Gagan Chahal R.D.
Registered Denturist
SEMCD CERTIFIED CLINICIAN
Book Your Appointment
778-600-0811 | 778-600-0810
13117-67A Ave, Surrey, BC | 2644 Cyril St Abbotsford BC

ਇੰਟਰਨੈਸ਼ਨਲ
**ਪੰਜਾਬੀ ਟ੍ਰਿਬਿਊਨ**

International
**Punjabi Tribune**

• **Rachhpal Singh Gill**
Editor
604-616-2171

Funded by the Government of Canada | Financé par le gouvernement du Canada | Canada

**ADVISORY BOARD**

• **Gurvinder Singh Dhaliwal**
Vancouver,
604-825-1550

• **Brar Bhagta Bhai Ka**
Abbotsford
604-751-1113

• **Hardam Singh Maan**
Surrey
604-308-6663

• **Virpal Singh Bhagta**
News Reporter | Punjab
+91 96532 00226

• **Ekjot Singh**
News Reporter

Ekjot Singh as part of the Local Journalism Initiative.

**Printed & Published in Canada by :**
**International Punjabi Tribune Inc.**

**604-584-5577** (Office)
**punjabitribune**
**iptribune@gmail.com**
**www.punjabitribune.ca**
**punjabitribune**

**NOTICE TO ADVERTISER**

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ਼ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲ਼ੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲ਼ੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।

# ਕੈਨੇਡਾ ਸਰਕਾਰ ਨੇ ਵਿਦਿਆਰਥੀ ਵੀਜ਼ੇ ਨੂੰ ਲੈ ਕੇ ਕੀਤੇ ਐਲਾਨ ਦਾ ਵਿਦਿਆਰਥੀਆਂ ’ਤੇ ਕੀ ਪਵੇਗਾ ਪ੍ਰਭਾਵ

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵਿਦਿਆਰਥੀ ਵੀਜ਼ੇ ਨੂੰ ਲੈ ਕੇ ਅਹਿਮ ਐਲਾਨ ਕੀਤਾ ਹੈ, ਜਿਸ ਨਾਲ ਕੌਮਾਂਤਰੀ ਵਿਦਿਆਰਥੀਆਂ ਦੀ ਮੁਸ਼ਕਲਾਂ ਵਧ ਸਕਦੀਆਂ ਹਨ।

ਉਨ੍ਹਾਂ ਨੇ ਕਿਹਾ ਹੈ ਕਿ ਉਹ ਅਗਲੇ ਸਾਲ ਵਿਦੇਸ਼ੀ ਵਿਦਿਆਰਥੀਆਂ ਦੇ ਵੀਜ਼ਾ ਵਿੱਚ ਹੋਰ ਕਟੌਤੀ ਕਰਨਗੇ।

ਜਸਟਿਨ ਟਰੂਡੋ ਨੇ ਆਪਣੇ ਐਕਸ (ਪਹਿਲਾ ਟਵਿੱਟਰ) ’ਤੇ ਲਿਖ ਕੇ ਜਾਣਕਾਰੀ ਸਾਂਝੀ ਕੀਤੀ ਹੈ ਕਿ ਉਹ ਅਗਲੇ ਸਾਲ ਵਿਦਿਆਰਥੀ ਵੀਜ਼ਾ ਵਿੱਚ ਹੋਰ ਕਟੌਤੀ ਕਰਨ ਜਾ ਰਹੇ ਹਨ।

ਉਨ੍ਹਾਂ ਨੇ ਲਿਖਿਆ ਹੈ, "ਇਸ ਸਾਲ ਅਸੀਂ 35 ਫੀਸਦ ਘੱਟ ਕੌਮਾਂਤਰੀ ਵਿਦਿਆਰਥੀਆਂ ਨੂੰ ਪਰਮਿਟ ਦਿੱਤੇ ਹਨ। ਅਗਲੇ ਸਾਲ ਇਹ ਗਿਣਤੀ 10 ਫੀਸਦ ਹੋਰ ਘਟਾਈ ਜਾਵੇਗੀ।"

ਉਨ੍ਹਾਂ ਨੇ ਅੱਗੇ ਲਿਖਿਆ ਹੈ, "ਇਮੀਗ੍ਰੇਸ਼ਨ ਸਾਡੇ ਅਰਥਚਾਰੇ ਲਈ ਲਾਹੇਵੰਦ ਹੈ ਪਰ ਜਦੋਂ ਬੁਰੇ ਤੱਤ ਪ੍ਰਣਾਲੀ ਦੀ ਦੁਰਵਰਤੋਂ ਕਰਨ ਅਤੇ ਵਿਦਿਆਰਥੀਆਂ ਦਾ ਫਾਇਦਾ ਚੁੱਕਣਗੇ ਤਾਂ ਅਸੀਂ ਕਾਰਵਾਈ ਕਰਾਂਗੇ।"

ਇਸ ਤੋਂ ਇਲਾਵਾ ਟਰੂਡੋ ਨੇ ਇਹ ਵੀ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਘਟਾਉਣ ਲਈ ਵਿਦੇਸ਼ੀ ਕਾਮਿਆਂ ਦੇ ਨਿਯਮਾਂ ਨੂੰ ਸਖ਼ਤ ਕਰੇਗੀ। ਉਨ੍ਹਾਂ ਨੇ ਇੱਕ ਹੋਰ ਟਵੀਟ ਵਿੱਚ ਲਿਖਿਆ ਹੈ, "ਅਸੀਂ ਘੱਟ ਤਨਖਾਹ ਵਾਲੇ, ਅਸਥਾਈ ਵਿਦੇਸ਼ੀ ਕਾਮਿਆਂ ਦੀ ਗਿਣਤੀ ਨੂੰ ਘਟਾ ਰਹੇ ਹਾਂ ਅਤੇ ਉਨ੍ਹਾਂ ਦੇ ਕੰਮ ਦੀਆਂ ਸ਼ਰਤਾਂ ਦੀ ਮਿਆਦ ਨੂੰ ਘਟਾ ਰਹੇ ਹਾਂ।"

"ਅਸੀਂ ਮਹਾਂਮਾਰੀ ਤੋਂ ਬਾਅਦ ਪ੍ਰੋਗਰਾਮ ਨੂੰ ਵਿਵਸਥਿਤ ਕੀਤਾ, ਪਰ ਲੇਬਰ ਮਾਰਕੀਟ ਬਦਲ ਰਹੀ ਹੈ। ਸਾਨੂੰ ਕੈਨੇਡਾ ਦੇ ਕਾਮਿਆਂ ਵਿੱਚ ਨਿਵੇਸ਼ ਕਰਨ ਲਈ ਕਾਰੋਬਾਰਾਂ ਦੀ ਲੋੜ ਹੈ।"

ਹਰ ਸਾਲ ਵੱਡੀ ਗਿਣਤੀ ਵਿੱਚ ਭਾਰਤੀ ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ ਜਾਂਦੇ ਹਨ। ਭਾਰਤੀ ਵਿਦੇਸ਼ ਮੰਤਰਾਲੇ ਦੇ ਇੱਕ ਤਾਜ਼ਾ ਬਿਆਨ ਮੁਤਾਬਕ ਭਾਰਤ ਤੋਂ ਸਭ ਤੋਂ ਜ਼ਿਆਦਾ ਵਿਦਿਆਰਥੀ ਕੈਨੇਡਾ ਪੜ੍ਹਨ ਜਾਂਦੇ ਹਨ। ਅਜਿਹੇ 'ਚ ਕੈਨੇਡਾ ਸਰਕਾਰ ਦਾ ਇਹ ਫ਼ੈਸਲਾ ਉਨ੍ਹਾਂ ਵਿਦਿਆਰਥੀਆਂ ਲਈ ਹੋਰ ਮੁਸ਼ਕਿਲਾਂ ਪੈਦਾ ਕਰ ਸਕਦਾ ਹੈ।

ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ ਸਾਲ 2024 ਵਿੱਚ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ 4,27,000 ਹੈ।

ਦੂਜੇ ਨੰਬਰ ’ਤੇ ਆਉਂਦਾ ਹੈ ਅਮਰੀਕਾ ਜਿੱਥੇ ਇਸ ਸਾਲ 3,37,630 ਵਿਦਿਆਰਥੀ ਉਚੇਰੀ ਸਿੱਖਿਆ ਲਈ ਗਏ ਹਨ। ਤੀਜੇ ਨੰਬਰ ’ਤੇ ਆਉਂਦਾ ਹੈ ਯੂਕੇ, ਜਿੱਥੇ 1,85,000 ਵਿਦਿਆਰਥੀ ਪੜ੍ਹਣ ਲਈ ਗਏ ਹਨ। ਚੌਥੇ ਨੰਬਰ ’ਤੇ 1,22,202 ਵਿਦਿਆਰਥੀਆਂ ਨਾਲ ਆਸਟ੍ਰੇਲੀਆ ਹੈ ਅਤੇ ਪੰਜਵੇ ਨੰਬਰ ’ਤੇ ਜਰਮਨੀ ਹੈ ਜਿੱਥੇ 42,997 ਵਿਦਿਆਰਥੀ ਗਏ ਸਨ।

ਰਾਜ ਸਭਾ ਵਿੱਚ ਜਾਰੀ ਕੀਤੇ ਗਏ ਇਨ੍ਹਾਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਸਾਲ 2019 ਵਿੱਚ 6,75,541 ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਣ ਲਈ ਗਏ ਸਨ ਜਦੋਂ ਕਿ 2024 ਵਿੱਚ 13,35,878 ਵਿਦਿਆਰਥੀ ਹੋਰ ਦੇਸ਼ਾਂ ਪੜ੍ਹਾਈ ਲਈ ਗਏ ਹੈ। ਯਾਨਿ ਤਕਰੀਬਨ ਦੁੱਗਣਾ ਵਾਧਾ ਹੋਇਆ ਹੈ।

ਹਾਲਾਂਕਿ ਮੰਤਰਾਲੇ ਕੋਲ ਸੂਬੇ ਦੇ ਆਧਾਰ 'ਤੇ ਕੋਈ ਡਾਟਾ ਨਹੀਂ ਹੈ ਕਿ ਕਿਸ ਸੂਬੇ ਤੋਂ ਕਿੰਨੇ ਨੌਜਵਾਨ ਪੜ੍ਹਾਈ ਲਈ ਬਾਹਰੇ ਮੁਲਕਾਂ ਵਿੱਚ ਗਏ ਹਨ।

ਕੌਮਾਂਤਰੀ ਵਿਦਿਆਰਥੀਆਂ ਨੂੰ ਔਸਤ ਕੈਨੇਡੀਅਨ ਵਿਦਿਆਰਥੀ ਨਾਲੋਂ ਤਿੰਨ ਗੁਣਾ ਵੱਧ ਫੀਸ ਅਦਾ ਕਰਨੀ ਪੈਂਦੀ ਹੈ।

ਕੈਨੇਡਾ ਸਰਕਾਰ ਦੀ 2022 ਦੀ ਰਿਪੋਰਟ ਅਨੁਸਾਰ



ਕੌਮਾਂਤਰੀ ਵਿਦਿਆਰਥੀਆਂ ਨੇ ਇੱਥੋਂ ਦੀ ਆਰਥਿਕਤਾ ਵਿੱਚ 22 ਅਰਬ ਕੈਨੇਡੀਅਨ ਡਾਲਰ ਦਾ ਯੋਗਦਾਨ ਪਾਇਆ ਹੈ। ਇਸ ਤੋਂ ਇਲਾਵਾ ਲਗਭਗ 2.2 ਲੱਖ ਨਵੀਆਂ ਨੌਕਰੀਆਂ ਪੈਦਾ ਕੀਤੀਆਂ ਹਨ।

## ਕੈਨੇਡਾ ਨੇ ਪਹਿਲੇ ਵੀ ਬਦਲੇ ਹਨ ਨਿਯਮ

ਹਾਲਾਂਕਿ, ਅਜਿਹਾ ਪਹਿਲੀ ਵਾਰ ਨਹੀਂ ਹੈ ਜਦੋਂ ਕੈਨੇਡਾ ਨੇ ਆਪਣੇ ਵਿਦਿਆਰਥੀ ਵੀਜ਼ਾ ਨੂੰ ਲੈ ਕੇ ਕੋਈ ਐਲਾਨ ਕੀਤਾ ਹੋਵੇ, ਕੈਨੇਡਾ ਫੀਸਾਂ ਵਧਾਉਣ ਤੋਂ ਲੈ ਕੇ ਨਿਯਮ ਸਖ਼ਤ ਕਰਨ ਨੂੰ ਲੈ ਪਹਿਲਾਂ ਵੀ ਐਲਾਨ ਕਰ ਚੁੱਕਿਆ ਹੈ। ਹਾਲ ਹੀ ਦੇ ਮਹੀਨਿਆਂ ਵਿੱਚ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਨੇ ਕੌਮਾਂਤਰੀ ਵਿਦਿਆਰਥੀ ਵੀਜ਼ਾ ਵਿੱਚ ਤਬਦੀਲੀਆਂ ਦੇ ਨਾਲ-ਨਾਲ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਦੀ ਮਿਆਦ ਵਧਾਉਣ ਤੋਂ ਵੀ ਇਨਕਾਰ ਕੀਤਾ।

ਇਸੇ ਕਾਰਨ ਉੱਥੇ ਬਹੁਤ ਸਾਰੇ ਕੌਮਾਂਤਰੀ ਵਿਦਿਆਰਥੀਆਂ ਉੱਤੇ ਨੂੰ ਉਨ੍ਹਾਂ ਦੇ ਮੁਲਕਾਂ ਵਿੱਚ ਵਾਪਸ ਭੇਜੇ ਜਾਣ ਦੀ ਤਲਵਾਰ ਲਟਕ ਰਹੀ ਹੈ। ਜਿਸ ਨੂੰ ਲੈ ਕੇ ਕਈ ਵਿਦਿਆਰਥੀਆਂ ਨੇ ਪ੍ਰਦਰਸ਼ਨ ਵੀ ਕੀਤਾ ਹੈ। ਵਿਦਿਆਰਥੀਆਂ ਦਾ ਕਹਿਣਾ ਸੀ ਕਿ ਕੈਨੇਡਾ ਵਿੱਚ ਵੀਜ਼ਾਂ ਨਿਯਮਾਂ ਵਿੱਚ ਹੋਏ ਬਦਲਾਅ ਕਾਰਨ ਉਨ੍ਹਾਂ ਦੀ ਪੀਆਰ ਦੀਆਂ ਉਮੀਦਾਂ 'ਤੇ ਖ਼ਤਰਾ ਮੰਡਰਾ ਰਿਹਾ ਹੈ ਜਿਸ ਕਰਕੇ ਉਹ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹਨ।

ਕੈਨੇਡਾ ਵਿੱਚ ਪੜ੍ਹਾਈ ਤੋਂ ਬਾਅਦ ਕੌਮਾਂਤਰੀ ਵਿਦਿਆਰਥੀਆਂ ਨੂੰ ਤਿੰਨ ਸਾਲ ਦਾ ਵਰਕ ਪਰਮਿਟ ਮਿਲਦਾ ਹੈ, ਇਸ ਦੌਰਾਨ ਵਿਦਿਆਰਥੀ ਪੀਐੱਨਪੀ ਜਾਂ ਫ਼ਿਰ ਫੈਡਰਲ ਸਕੀਮ ਤਹਿਤ ਪੀਆਰ (ਸਥਾਈ ਨਾਗਰਿਕਤਾ) ਲਈ ਅਪਲਾਈ ਕਰ ਦਿੰਦੇ ਸਨ।

ਇਸੇ ਤਰ੍ਹਾਂ, ਕੋਰੋਨਾ ਦੌਰਾਨ ਲੇਬਰ ਮਾਰਕੀਟ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕੈਨੇਡਾ ਨੇ ਆਰਜ਼ੀ ਤੌਰ ਉੱਤੇ ਵਰਕ ਪਰਮਿਟ ਵਿੱਚ 18 ਮਹੀਨੇ ਦਾ ਵਾਧਾ ਕਰਨ ਦੀ ਨੀਤੀ ਲਾਗੂ ਕੀਤੀ ਸੀ। ਪਰ ਹੁਣ ਪਿਛਲੇ ਸਮੇਂ ਦੌਰਾਨ ਕੈਨੇਡਾ ਸਰਕਾਰ ਨੇ ਇਸ ਨਿਯਮ ਵਿੱਚ ਬਦਲਾਅ ਕਰ ਦਿੱਤੇ ਹਨ।

## ਜੀਆਈਸੀ ਵਿੱਚ ਵਾਧਾ

ਇਸੇ ਦੇ ਨਾਲ ਹੀ, ਜੀਆਈਸੀ 10,000 ਡਾਲਰ ਤੋਂ ਵਧਾ ਕੇ 20,635 ਡਾਲਰ ਕਰ ਦਿੱਤੀ ਗਈ ਹੈ।

ਸਟੱਡੀ ਵੀਜ਼ੇ ਉੱਤੇ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਤੋਂ ਉੱਥੇ ਰਹਿਣ ਲਈ ਜੋ ਲਾਗਤ ਲਈ ਜਾਂਦੀ ਹੈ, ਉਸ ਨੂੰ ਜੀਆਈਸੀ ਕਿਹਾ ਜਾਂਦਾ ਹੈ। ਜੀਆਈਸੀ ਸਬੰਧੀ ਨਵੇਂ ਨਿਯਮ 1 ਜਨਵਰੀ 2024 ਤੋਂ ਲਾਗੂ ਹੋ ਗਏ ਹਨ।

ਜੀਆਈਸੀ ਦੇ ਨਾਂ ਤਹਿਤ ਜਮ੍ਹਾ ਹੋਣ ਵਾਲੀ ਰਕਮ ਇਸ ਗੱਲ ਦਾ ਸਬੂਤ ਦੇਣ ਲਈ ਹੁੰਦੀ ਹੈ ਕਿ ਵਿਦਿਆਰਥੀ ਕੋਲ ਕੈਨੇਡਾ ਜਾ ਕੇ ਆਪਣੇ ਰਹਿਣ-ਸਹਿਣ ਦਾ ਖ਼ਰਚਾ ਕਰਨ ਲਈ ਲੋੜੀਂਦੀ ਰਕਮ ਹੈ। ਇਸ ਵਿੱਚ ਟਿਊਸ਼ਨ ਫ਼ੀਸ ਸ਼ਾਮਲ ਹੁੰਦੀ ਹੈ, ਇਹ ਵਿਦਿਆਰਥੀਆਂ ਨੂੰ ਕਿਸ਼ਤਾਂ ਵਿੱਚ ਮੋੜੀ ਜਾਂਦੀ ਹੈ।

## ਸਪਾਊਸ ਵੀਜ਼ਾ ਵਿੱਚ ਬਦਲਾਅ

ਇਸੇ ਤਰ੍ਹਾਂ ਕੈਨੇਡਾ ਨੇ ਕਿਹਾ ਹੈ ਕਿ ਉਹ ਹੁਣ ਸਿਰਫ਼ ਉਨ੍ਹਾਂ ਕੌਮਾਂਤਰੀ ਵਿਦਿਆਰਥੀਆਂ ਦੇ ਪਤੀ ਜਾਂ ਪਤਨੀ ਨੂੰ ਹੀ ਵੀਜ਼ਾ ਦੇਵੇਗਾ ਜਿਹੜੇ ਉੱਥੇ ਮਾਸਟਰਜ਼ ਜਾਂ ਡਾਕਟਰੇਟ ਪੱਧਰ ਦੀ ਪੜ੍ਹਾਈ ਕਰਨ ਜਾ ਰਹੇ ਹਨ। ਹੇਠਲੇ ਪੱਧਰ ਦੇ ਕੋਰਸ ਕਰ ਰਹੇ ਵਿਦਿਆਰਥੀ ਸਪਾਊਸ ਵੀਜ਼ੇ ਉੱਪਰ ਆਪਣੇ ਪਤੀ ਜਾਂ ਪਤਨੀ ਨੂੰ ਕੈਨੇਡਾ ਨਹੀਂ ਬੁਲਾ ਸਕਣਗੇ। ਜਦਕਿ ਪਹਿਲਾਂ ਡਿਪਲੋਮਾ ਕੋਰਸ ਕਰਨ ਵਾਲੇ ਕੌਮਾਂਤਰੀ ਵਿਦਿਆਰਥੀ ਵੀ ਆਪਣੇ ਪਤੀ- ਪਤਨੀ ਨੂੰ ਆਪਣੇ ਕੋਲ ਬੁਲਾ ਸਕਦੇ ਸਨ। ਸਪਾਊਸ ਵੀਜ਼ਾ ਇੱਕ ਤਰਾਂ ਦਾ ਡਿਪੈਂਡੇਂਟ ਵੀਜ਼ਾ ਹੈ। ਇਸ ਵੀਜ਼ੇ ਦਾ ਇਸਤੇਮਾਲ ਵਿਦੇਸ਼ਾਂ ਵਿੱਚ ਰਹਿੰਦੇ ਲੋਕ ਆਪਣੇ ਪਰਿਵਾਰ ਨੂੰ ਨਾਲ ਰੱਖਣ ਲਈ ਕੀਤਾ ਜਾਂਦਾ ਹੈ।


## ਕੰਮ ਕਰਨ ਦੇ ਘੰਟਿਆਂ ਵਿੱਚ ਕਟੌਤੀ

ਇਸੇ ਸਾਲ ਕੈਨੇਡਾ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਕੰਮ ਕਰਨ ਦੀ ਇਜ਼ਾਜਤ ਦਿੰਦੇ ਘੰਟਿਆਂ ਵਿੱਚ ਵੀ ਕਟੌਤੀ ਕੀਤੀ ਹੈ। ਕੈਨੇਡਾ ਸਰਕਾਰ ਦੇ ਮੌਜੂਦਾ ਫ਼ੈਸਲੇ ਮੁਤਾਬਕ ਵਿਦਿਆਰਥੀਆਂ ਨੂੰ ਹਫ਼ਤੇ ਵਿੱਚ 24 ਘੰਟੇ ਤੱਕ ਕੰਮ ਕਰਨ ਦੀ ਇਜਾਜ਼ਤ ਹੈ। ਸਰਕਾਰ ਨੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਕੌਮਾਂਤਰੀ ਵਿਦਿਆਰਥੀ ਮੁੱਖ ਤੌਰ 'ਤੇ ਆਪਣਾ ਧਿਆਨ ਪੜ੍ਹਾਈ 'ਤੇ ਕੇਂਦਰਿਤ ਕਰਨ ਅਤੇ ਲੋੜ ਪੈਣ ਉੱਤੇ ਹੀ ਕੰਮ ਕਰਨ ਦੇ ਬਦਲ ਉੱਤੇ ਜਾਣ। ਯਾਦ ਰਹੇ ਕਿ ਕੈਨੇਡਾ ਸਰਕਾਰ ਨੇ ਪਹਿਲਾਂ ਪੜ੍ਹਾਈ ਦੌਰਾਨ ਵਿਦਿਆਰਥੀਆਂ ਨੂੰ ਦਿਨ ਦੇ 8 ਘੰਟੇ ਤੱਕ ਕੰਮ ਕਰਨ ਦੀ ਆਗਿਆ ਦੇ ਦਿੱਤੀ ਸੀ ਅਤੇ ਇਹ ਨਿਯਮ 31 ਦਸੰਬਰ 2023 ਤੱਕ ਸੀ।

ਧੰਨਵਾਦ ਸਹਿਤ ਬੀ.ਬੀ.ਸੀ. ਪੰਜਾਬੀ

# ਚੜ੍ਹਦੇ ਪੰਜਾਬ ਦੀਆਂ ਉਪ-ਬੋਲੀਆਂ

ਲੇਖਕ : ਅਜਾਦ ਦੀਪ ਸਿੰਘ
ਸੰਪਰਕ: 98148-98179




ਕਿਸੇ ਭਾਸ਼ਾ ਜਾਂ ਬੋਲੀ ਦੇ ਬੋਲਚਾਲ ਦੇ ਇਲਾਕਾਈ ਰੂਪ ਨੂੰ ਉਪ-ਬੋਲੀ ਕਿਹਾ ਜਾਂਦਾ ਹੈ। ਪੰਜਾਬੀ ਬੋਲੀ ਦੀਆਂ ਕਈ ਉਪ-ਬੋਲੀਆਂ ਹਨ, ਜਿਵੇਂ ਮਾਝੀ (ਮਝੈਲੀ), ਦੋਆਬੀ, ਮਲਵਈ, ਪੁਆਧੀ, ਪੋਠੋਹਾਰੀ, ਮੁਲਤਾਨੀ, ਡੋਗਰੀ, ਕਾਂਗੜੀ, ਚੰਬਿਆਲੀ, ਜਾਂਗਲੀ ਆਦਿ। ਪੰਜਾਬੀ ਬੋਲੀ ਦਰਿਆ ਸਿੰਧ ਤੋਂ ਲੈ ਕੇ ਲੋਪ ਹੋ ਚੁੱਕੇ ਸਰਸਵਤੀ ਦਰਿਆ ਦੇ ਵਿਚਕਾਰਲੇ ਖਿੱਤੇ ਤੇ ਇਸ ਦੇ ਨੇੜਲੇ ਮੈਦਾਨੀ ਤੇ ਪਹਾੜੀ ਖਿੱਤਿਆਂ ਵਿੱਚ ਬੋਲੀ ਜਾਣ ਵਾਲੀ ਬੋਲੀ ਹੈ। 1947 ਦੀ ਵੰਡ ਵੇਲੇ ਪੰਜਾਬ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਤਾਂ ਪੰਜਾਬੀ ਬੋਲਣ ਵਾਲੇ ਲੋਕ ਵੀ ਦੋ ਖਿੱਤਿਆਂ ਚੜ੍ਹਦੇ ਤੇ ਲਹਿੰਦੇ ਪੰਜਾਬ ਵਿੱਚ ਵੰਡੇ ਗਏ। 1966 ਵਿੱਚ ਚੜ੍ਹਦੇ ਪੰਜਾਬ ਦੀ ਦੁਬਾਰਾ ਵੰਡ ਹੋਣ ਕਰਕੇ ਪੰਜਾਬੀ ਬੋਲੀ ਬੋਲਣ ਵਾਲੇ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵਿੱਚ ਵੰਡੇ ਗਏ। ਇਸ ਤੋਂ ਇਲਾਵਾ ਜੰਮੂ ਕਸ਼ਮੀਰ ਵਿੱਚ ਕਠੂਆ, ਸਾਂਬਾ, ਜੰਮੂ ਆਦਿ ਖਿੱਤਿਆਂ ਵਿੱਚ ਪੰਜਾਬੀ ਦੀ ਉਪ-ਬੋਲੀ ਡੋਗਰੀ ਬੋਲੀ ਜਾਂਦੀ ਹੈ।

ਪੁਰਾਣੇ ਸਮਿਆਂ ਵਿੱਚ ਜਦੋਂ ਮਨੁੱਖ ਕੋਲ ਰੇਲ, ਮੋਟਰ, ਹਵਾਈ ਜਹਾਜ਼, ਰੇਡੀਓ, ਟੈਲੀਵਿਜ਼ਨ, ਇੰਟਰਨੈੱਟ ਆਦਿ ਮੇਲ-ਜੋਲ ਅਤੇ ਸੰਚਾਰ ਦੇ ਸਾਧਨ ਨਹੀਂ ਸਨ ਤਾਂ ਆਮ ਲੋਕਾਂ ਦੀ ਆਵਾਜਾਈ ਸੀਮਤ ਹੁੰਦੀ ਸੀ। ਵਪਾਰੀਆਂ ਜਾਂ ਫ਼ੌਜੀਆਂ ਨੂੰ ਛੱਡ ਕੇ ਕੋਈ ਦੂਰ-ਦੁਰਾਡੇ ਨਹੀਂ ਸੀ ਜਾਂਦਾ। ਦੋ ਦਰਿਆਵਾਂ ਵਿਚਕਾਰ ਵਸਦੇ ਲੋਕਾਂ ਦੀ ਆਵਾਜਾਈ ਆਪਣੇ ਦੁਆਬੇ ਤੱਕ ਹੀ ਸੀਮਤ ਰਹਿੰਦੀ ਸੀ। ਇਸੇ ਤਰ੍ਹਾਂ ਪਹਾੜੀ ਗੁੱਠਾਂ ਵਿੱਚ ਵਸਦੇ ਲੋਕ ਪਰਬਤੀ ਹੱਦਾਂ ਵਿੱਚ ਬੰਦ ਰਹਿੰਦੇ ਸਨ। ਮੇਲਜੋਲ ਨਾ ਹੋਣ ਜਾਂ ਬਹੁਤ ਘੱਟ ਹੋਣ ਕਾਰਨ ਵੱਖ-ਵੱਖ ਹਿੱਸਿਆਂ ਦੀਆਂ ਬੋਲੀਆਂ ਅੰਦਰ ਵਖਰੇਵਾਂ ਆਉਣਾ ਲਾਜ਼ਮੀ ਸੀ।

ਜਿਸ ਥਾਂ ਰਾਜਸੀ ਤਾਕਤ ਦਾ ਕੇਂਦਰ ਜਾਂ ਗੜ੍ਹ ਹੋਵੇ ਉਸ ਥਾਂ ਦੀ ਬੋਲੀ ਬਲਵਾਨ ਹੋ ਕੇ ਦੇਸ਼ ਉੱਤੇ ਛਾ ਜਾਂਦੀ ਹੈ ਤੇ ਸੋਹਣਾ ਮਾਂਜਿਆ ਸੋਧਿਆ ਰੂਪ ਧਾਰ ਕੇ ਸਰਬ-ਪ੍ਰਵਾਨ ਹੋ ਜਾਂਦੀ ਹੈ। ਇਹ ਸਰਬ-ਪ੍ਰਵਾਨ ਟਕਸਾਲੀ ਬੋਲੀ ਸ਼ਿਰੋਮਣੀ ਤੇ ਮੁਖੀਆ ਕਹੀ ਜਾਂਦੀ ਹੈ ਤੇ ਬਾਕੀ ਉਸ ਇਲਾਕੇ ਦੀਆਂ ਅਧੀਨ ਬੋਲੀਆਂ, ਉਪ-ਬੋਲੀਆਂ। ਜਿੰਨਾ ਕੋਈ ਦੇਸ਼ ਦਰਿਆਵਾਂ, ਨਾਲਿਆਂ, ਪਹਾੜੀਆਂ ਦੇ ਘੇਰਿਆਂ ਵਿੱਚ ਵੰਡਿਆ ਹੋਵੇ ਓਨੀਆਂ ਹੀ ਉਪ-ਬੋਲੀਆਂ ਬਣ ਜਾਂਦੀਆਂ ਹਨ। ਪੰਜਾਬੀ ਦਾ ਪ੍ਰਚੱਲਿਤ ਮੁਹਾਵਰਾ ਹੈ ਕਿ ਬੋਲੀ ਬਾਰਾਂ ਕੋਹ 'ਤੇ ਬਦਲ ਜਾਂਦੀ ਹੈ। ਦਰਅਸਲ, ਪੁਰਾਣੇ ਸਮਿਆਂ ਵਿੱਚ ਮਨੁੱਖ ਦੀ ਆਵਾਜਾਈ ਦਾ ਘੇਰਾ ਏਨਾ ਕੁ ਹੀ ਹੁੰਦਾ ਸੀ। ਬਾਰਾਂ ਕੋਹ ਪੂਰਬ ਵੱਲ, ਬਾਰਾਂ ਕੋਹ ਪੱਛਮ ਵੱਲ ਅਤੇ ਬਾਰਾਂ ਬਾਰਾਂ ਕੋਹ ਉੱਤਰ ਦੱਖਣ ਵੱਲ, ਕਿਸੇ ਦਾ ਵੱਧ ਕਿਸੇ ਦਾ ਘੱਟ। ਆਵਾਜਾਈ ਤੇ ਮੇਲ-ਜੋਲ ਉਪ-ਬੋਲੀ ਵਿੱਚ ਏਕਤਾ ਪੈਦਾ ਕਰਦਾ ਹੈ ਅਤੇ ਇੱਕ ਨਾਲੋਂ ਦੂਜੀ ਨੂੰ ਨਿਖੇੜਦਾ ਹੈ। ਉਚਾਰਣ ਦਾ ਲਹਿਜਾ, ਅੱਡ ਅੱਡ ਜਾਤਾਂ, ਪੇਸ਼ਿਆਂ, ਮਜ਼ਹਬਾਂ ਵਾਲਿਆਂ ਦੀ ਵਸੋਂ, ਗਰਮ ਸਰਦ ਮੌਸਮ ਅਤੇ ਵਿਦੇਸ਼ੀ ਅਸਰ ਉਪ-ਬੋਲੀਆਂ ਨੂੰ ਪੱਕਾ ਰੂਪ ਦੇਣ ਵਿੱਚ ਸਹਾਈ ਹੁੰਦਾ ਹੈ।

ਪੰਜਾਬੀ ਦਾ ਇੱਕੋ ਭਰਾ ਸ਼ਬਦ ਭਾਈਆ, ਭਾ, ਭਾਈ, ਬਰਾ, ਭਰਾਤਾ, ਬਾਈ ਅਤੇ ਭਾਊ ਆਦਿ ਅੱਡ ਅੱਡ ਉਪ-ਬੋਲੀਆਂ ਵਿੱਚ ਅੱਡ ਅੱਡ ਰੂਪ ਵਿੱਚ ਬੋਲਿਆ ਜਾਂਦਾ ਹੈ।

ਕਿਸੇ ਬੋਲੀ ਵਿੱਚ ਉਪ-ਭਾਸ਼ਾਵਾਂ ਵਾਂਗ ਵੱਖੋ ਵੱਖ ਜਾਤਾਂ, ਪੇਸ਼ਿਆਂ ਜਾਂ ਜਥੇਬੰਦੀਆਂ ਦੀਆਂ ਵੀ ਖ਼ਾਸ ਬੋਲੀਆਂ ਹੁੰਦੀਆਂ ਹਨ। ਉਨ੍ਹਾਂ ਦਾ ਘੇਰਾ ਭੂਗੋਲਿਕ ਸੀਮਾ ਵਿੱਚ ਬੰਦ ਹੋਣ ਦੀ ਥਾਂ ਖ਼ਾਸ ਟੋਲੇ ਨਾਲ ਸਬੰਧਤ ਹੁੰਦਾ ਹੈ। ਜਿਵੇਂ ਰਾਏ ਸਿੱਖ ਬਰਾਦਰੀ ਜੋ ਆਮ ਤੌਰ 'ਤੇ ਦਰਿਆਵਾਂ ਦੇ ਕੰਢਿਆਂ 'ਤੇ ਵੱਸੀ ਹੋਈ ਹੈ, ਦੀ ਆਪਣੀ ਇੱਕ ਵੱਖਰੀ ਹੀ ਬੋਲੀ ਹੈ। ਇਹ ਭਾਵੇਂ ਕਿਸੇ ਵੀ ਖਿੱਤੇ ਵਿੱਚ ਵੱਸੇ ਹੋਣ, ਇਨ੍ਹਾਂ ਦੀ ਬੋਲੀ ਦੀ ਇਕਸਾਰਤਾ ਹੈ, ਜੋ ਉਸ ਖਿੱਤੇ ਦੇ ਦੂਜੇ ਵਸਨੀਕਾਂ ਤੋਂ ਵੱਖਰੀ ਹੁੰਦੀ ਹੈ।

ਸ਼ਾਇਦ ਸਭ ਤੋਂ ਪਹਿਲਾਂ ਡਾ. ਗ੍ਰੀਅਰਸਨ ਨੇ ਹੀ ਪੰਜਾਬੀ ਦੀਆਂ ਉਪ-ਬੋਲੀਆਂ ਦੀ ਵਿਸਥਾਰਕ ਛਾਣਬੀਣ ਕੀਤੀ। ਉਸ ਨੇ ਡੋਗਰੀ, ਮਾਝੀ, ਦੁਆਬੀ, ਮਲਵਈ, ਪੁਆਧੀ, ਰਾਠੀ ਤੇ ਭਟਿਆਣੀ ਸੱਤ ਉਪ-ਬੋਲੀਆਂ ਮੰਨੀਆਂ ਹਨ। ਪੰਜਾਬੀ ਦੀ ਕੇਂਦਰੀ ਬੋਲੀ ਮਾਝੀ (ਮਝੈਲੀ) ਨੂੰ ਮੰਨਿਆ ਜਾਂਦਾ ਹੈ। ਲਗਭਗ ਹਜ਼ਾਰ ਵਰ੍ਹੇ ਤੋਂ ਪੰਜਾਬ ਦਾ ਕੇਂਦਰ ਲਾਹੌਰ ਰਿਹਾ ਹੈ। ਰਾਜਸੀ ਤੇ ਸਾਹਿਤਕ ਪ੍ਰਭਾਵ ਨੇ ਇਸ ਥਾਂ ਦੀ ਬੋਲੀ ਨੂੰ ਕੇਂਦਰੀ ਬੋਲੀ ਦਾ ਰੂਪ ਦਿੱਤਾ। ਯੂਰਪ ਵਿੱਚ 1924 ਵਿੱਚ ਕੌਮਾਂਤਰੀ ਬੋਲੀ ਸਭਾ ਬਣੀ ਸੀ। ਉਸ ਨੇ ਟਕਸਾਲੀ ਬੋਲੀ ਲਈ ਇਹ ਤਿੰਨ ਨੇਮ ਨਿਯਤ ਕੀਤੇ ਸਨ:

1. ਸੌਖੀ ਬੋਲੀ ਤੇ ਸੌਖੀ ਸੁਣੀ ਜਾਵੇ।
2. ਸੌਖੀ ਪੜ੍ਹੀ ਤੇ ਸੌਖੀ ਲਿਖੀ ਜਾਵੇ।
3. ਕੁਦਰਤੀ ਤੇ ਬਨਾਵਟੀ ਰਲੀ ਮਿਲੀ ਹੋਵੇ।

ਜੋ ਅਸਥਾਨ ਹਕੂਮਤ ਦੀਆਂ ਸਰਗਰਮੀਆਂ ਦਾ ਕੇਂਦਰ ਬਣ ਜਾਵੇ, ਉੱਥੋਂ ਦੀ ਉਪ-ਬੋਲੀ ਹੀ ਨਿਖਰ ਕੇ ਟਕਸਾਲੀ ਰੂਪ ਧਾਰਨ ਕਰ ਲੈਂਦੀ ਹੈ। ਜਿਵੇਂ ਉੱਥੋਂ ਦੀ ਟਕਸਾਲ ਦਾ ਸਿੱਕਾ ਚਲਦਾ ਹੈ ਉਵੇਂ ਉਸ ਥਾਂ ਦੀ ਪ੍ਰਮਾਣਿਕ ਬੋਲੀ ਦਾ ਸਿੱਕਾ ਚਲਦਾ ਹੈ। ਕਿਸੇ ਵੇਲੇ ਮੁਲਤਾਨ ਪੰਜਾਬ ਦਾ ਰਾਜਨੀਤਕ ਗੜ੍ਹ ਸੀ। ਇਸ ਲਈ ਪਹਿਲਾਂ ਪਹਿਲਾਂ ਮੁਲਤਾਨੀ ਜਾਂ ਲਹਿੰਦੀ ਨੂੰ ਬਾਕੀ ਉਪ-ਬੋਲੀਆਂ ਨਾਲੋਂ ਵਧੇਰੇ ਮਾਣ ਮਿਲਿਆ। ਫਿਰ ਰਾਜਨੀਤਕ ਸਰਗਰਮੀਆਂ ਦਾ ਕੇਂਦਰ ਮੱਧ ਪੰਜਾਬ ਵਿੱਚ ਲਾਹੌਰ ਹੋ ਗਿਆ। ਇਸ ਲਈ ਮਾਝੀ ਉਪ-ਬੋਲੀ ਨੂੰ ਪ੍ਰਧਾਨਤਾ ਮਿਲਣ ਲੱਗੀ। ਲਾਹੌਰ 11ਵੀਂ ਸਦੀ ਤੋਂ ਪੰਜਾਬ ਦਾ ਕੇਂਦਰ ਜਾਂ ਦੂਜੇ ਸ਼ਬਦਾਂ ਵਿੱਚ ਰਾਜਧਾਨੀ ਚਲਿਆ ਆ ਰਿਹਾ ਹੈ। ਇਸੇ ਰਾਜਨੀਤਕ ਮਹੱਤਤਾ ਨੇ ਇਸ ਦੇ ਆਲੇ-ਦੁਆਲੇ ਦੀ ਬੋਲੀ ਨੂੰ ਮਾਂਜ ਸੁਆਰ ਕੇ ਟਕਸਾਲੀ ਹੋਣ ਦਾ ਮਾਣ ਦਿੱਤਾ। ਲਾਹੌਰ ਹੀ ਕੇਂਦਰ ਰਹਿਣ ਕਰਕੇ ਮਾਝੀ ਦੀ ਮਹੱਤਤਾ ਬਣੀ ਰਹੀ। ਗ੍ਰੀਅਰਸਨ ਇਸੇ ਲਈ ਮਾਝੀ ਨੂੰ ਟਕਸਾਲੀ ਮੰਨਦਾ ਹੈ।

ਮਾਝੀ ਦਾ ਸ਼ੁੱਧ ਸਰੂਪ ਹੀ ਟਕਸਾਲੀ ਪੰਜਾਬੀ ਹੈ, ਜੋ ਕਿ ਸਾਊ ਪੰਜਾਬੀਆਂ ਦੀ ਆਮ ਬੋਲਚਾਲ ਵਿੱਚ ਵੀ ਝਲਕਾਰੇ ਦਿੰਦਾ ਹੈ। ਲਹਿੰਦੇ ਦੇ ਕਵੀਆਂ ਬਾਬਾ ਫਰੀਦ, ਅਲੀ ਹੈਦਰ ਤੇ ਬਰਦੇ ਪੋਠੋਹਾਰੀ ਆਦਿ ਨੇ ਇਸੇ ਸਾਂਝੀ ਬੋਲੀ ਨੂੰ ਕਵਿਤਾ ਲਈ ਚੁਣਿਆ, ਭਾਵੇਂ ਉਨ੍ਹਾਂ ਵਿੱਚ ਸਥਾਨਕ ਰੰਗਤ ਮੌਜੂਦ ਹੈ। ਭਾਈ ਗੁਰਦਾਸ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ, ਵਾਰਸ ਤੇ ਹਾਸ਼ਮ ਤਾਂ ਲਾਹੌਰ ਅੰਮ੍ਰਿਤਸਰ ਦੇ ਲਾਗੇ-ਚਾਗੇ ਦੇ ਹੀ ਸਨ। ਇਸ ਲੇਖ ਵਿੱਚ ਸਿਰਫ਼ ਚੜ੍ਹਦੇ ਪੰਜਾਬ ਦੀਆਂ ਉਪ-ਬੋਲੀਆਂ ਮਾਝੀ, ਦੁਆਬੀ, ਮਲਵਈ ਤੇ ਪੁਆਧੀ ਦਾ ਹੀ ਜ਼ਿਕਰ ਕੀਤਾ ਜਾ ਰਿਹਾ ਹੈ।

ਮਾਝੀ (ਮਝੈਲੀ) ਉਪ-ਬੋਲੀ ਦਰਿਆ ਰਾਵੀ ਤੇ ਬਿਆਸ ਸਤਲੁਜ ਦੇ ਵਿਚਕਾਰਲੇ ਖਿੱਤੇ ਤੇ ਰਾਵੀ ਤੋਂ ਪਾਰ ਸਿਆਲਕੋਟ ਦੇ ਇਲਾਕੇ ਵਿੱਚ ਬੋਲੀ ਜਾਂਦੀ ਹੈ। ਮੌਜੂਦਾ ਸਮੇਂ ਇਹ ਉਪ-ਬੋਲੀ ਚੜ੍ਹਦੇ ਪੰਜਾਬ ਦੇ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ ਤੇ ਪਠਾਨਕੋਟ ਜ਼ਿਲ੍ਹਿਆਂ ਅਤੇ ਲਹਿੰਦੇ ਪੰਜਾਬ ਦੇ ਲਾਹੌਰ, ਕਸੂਰ ਤੇ ਸਿਆਲਕੋਟ ਜ਼ਿਲ੍ਹਿਆਂ, ਹਿਮਾਚਲ ਪ੍ਰਦੇਸ਼ ਦੇ ਚੰਬਾ ਜ਼ਿਲ੍ਹੇ ਦੇ ਡਲਹੌਜ਼ੀ ਖੇਤਰ ਵਿੱਚ ਬੋਲੀ ਜਾਂਦੀ ਹੈ। ਪੰਜਾਬ ਦੀ ਵੰਡ ਦਾ ਸਭ ਤੋਂ ਜ਼ਿਆਦਾ ਅਸਰ ਇਸ ਉਪ-ਬੋਲੀ ਉੱਪਰ ਪਿਆ ਹੈ। ਦੇਸ਼ ਵੰਡ ਸਮੇਂ ਮਾਝੀ ਉਪ-ਬੋਲੀ ਦੇ ਅੰਮ੍ਰਿਤਸਰ, ਗੁਰਦਾਸਪੁਰ ਜ਼ਿਲ੍ਹਾ ਤੇ ਲਾਹੌਰ ਜ਼ਿਲ੍ਹੇ ਦੀ ਕਸੂਰ ਤਹਿਸੀਲ ਦੇ ਪੱਟੀ, ਵਲਟੋਹਾ, ਭਿੱਖੀਵਿੰਡ ਤੇ ਖਾਲੜਾ ਠਾਣੇਂ ਚੜ੍ਹਦੇ ਪੰਜਾਬ ਦੇ ਹਿੱਸੇ ਆਏ। ਲਾਹੌਰ, ਸਿਆਲਕੋਟ ਤੇ ਗੁਰਦਾਸਪੁਰ ਜ਼ਿਲ੍ਹੇ ਦੀ ਸਕਰਗੜ੍ਹ ਤਹਿਸੀਲ ਲਹਿੰਦੇ ਪੰਜਾਬ ਦੇ ਹਿੱਸੇ ਆਏ। 1966 ਵਿੱਚ ਚੜ੍ਹਦੇ ਪੰਜਾਬ ਦੀ ਦੁਬਾਰਾ ਹੋਈ ਵੰਡ ਸਮੇਂ ਜ਼ਿਲ੍ਹਾ ਗੁਰਦਾਸਪੁਰ ਦੀ ਪਠਾਨਕੋਟ ਤਹਿਸੀਲ ਦਾ ਪਹਾੜੀ ਖਿੱਤਾ ਡਲਹੌਜ਼ੀ ਹਿਮਾਚਲ ਪ੍ਰਦੇਸ਼ ਵਿੱਚ ਚਲਾ ਗਿਆ। 1947 ਤੇ 1966 ਦੀ ਪੰਜਾਬ ਵੰਡ ਦਾ ਸਭ ਤੋਂ ਜ਼ਿਆਦਾ ਨੁਕਸਾਨ ਜ਼ਿਲ੍ਹਾ ਗੁਰਦਾਸਪੁਰ ਨੂੰ ਹੋਇਆ। ਦੋਵੇਂ ਵਾਰ ਇਸ ਜ਼ਿਲ੍ਹੇ ਦੀ ਵੰਡ ਹੋਈ। ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਮਾਝਾ ਖੇਤਰ ਦੇ ਵਸਨੀਕਾਂ ਨੂੰ ਮਝੈਲ ਸੱਦਿਆ ਜਾਂਦਾ ਹੈ।

ਦੋਆਬੀ ਉਪ-ਬੋਲੀ ਬਿਆਸ ਤੇ ਸਤਲੁਜ ਦਰਿਆਵਾਂ ਦੇ ਵਿਚਕਾਰਲੇ ਖਿੱਤੇ ਵਿੱਚ ਬੋਲੀ ਜਾਂਦੀ ਹੈ। ਇਹ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਤੇ ਨਵਾਂਸ਼ਹਿਰ ਜ਼ਿਲ੍ਹਿਆਂ ਵਿੱਚ ਬੋਲੀ ਜਾਣ ਵਾਲੀ ਉਪ-ਬੋਲੀ ਹੈ। ਆਮ ਭਾਸ਼ਾ ਵਿੱਚ ਇਸ ਖਿੱਤੇ ਦੇ ਵਸਨੀਕਾਂ ਨੂੰ ਦੋਆਬੀਏ ਕਿਹਾ ਜਾਂਦਾ ਹੈ।

ਮਲਵਈ ਉਪ-ਬੋਲੀ ਦਰਿਆ ਸਤਲੁਜ ਤੋਂ ਚੜ੍ਹਦੇ ਪਾਸੇ ਲੁਧਿਆਣਾ, ਮੁਕਤਸਰ, ਫ਼ਰੀਦਕੋਟ, ਮੋਗਾ, ਬਠਿੰਡਾ, ਮਾਨਸਾ, ਬਰਨਾਲਾ, ਸੰਗਰੂਰ, ਫਿਰੋਜ਼ਪੁਰ ਤੇ ਪਟਿਆਲਾ ਦੇ ਜ਼ਿਆਦਾਤਰ ਭਾਗ ਵਿੱਚ ਬੋਲੀ ਜਾਂਦੀ ਹੈ। ਇਸ ਖਿੱਤੇ ਦੇ ਲੋਕਾਂ ਨੂੰ ਮਲਵਈ ਕਿਹਾ ਜਾਂਦਾ ਹੈ।

ਸਰਹਿੰਦ ਵਾਲੀ ਨਹਿਰ ਟੱਪ ਕੇ ਪੰਜਾਬ ਦਾ ਪੂਰਬ ਵੱਲ ਦਾ ਭਾਗ ਪੁਆਧ ਕਹਾਉਂਦਾ ਹੈ ਜੋ ਕਿ ਪੂਰਬਾਰਧ ਦਾ ਬਦਲਿਆ ਰੂਪ ਹੈ। ਇਸ ਵਿੱਚ ਘੱਗਰ ਦੇ ਨਾਲ ਲੱਗਦਾ ਜ਼ਿਲ੍ਹਾ ਅੰਬਾਲਾ ਦਾ ਕਾਫ਼ੀ ਭਾਗ, ਪਟਿਆਲਾ ਯੂਨੀਅਨ ਦਾ ਕੁਝ ਹਿੱਸਾ ਤੇ ਜ਼ਿਲ੍ਹਾ ਹਿਸਾਰ ਦਾ ਕੁਝ ਇਲਾਕਾ ਸ਼ਾਮਲ ਹੈ। ਇਸ ਥਾਂ ਦੀ ਬੋਲੀ ਹੈ ਪੁਆਧੀ। ਪੁਆਧੀ ਵਿੱਚ ਸਾਨੂੰ ਤੁਹਾਨੂੰ ਦੀ ਥਾਂ ਮਾਨੂੰ ਥਾਨੂੰ ਜਾਂ ਤੰਨੇ ਮੰਨੇ, ਦਾ ਦੀ ਥਾਂ ਕਾ, ਸੀ ਦੀ ਥਾਂ ਤੀ ਜਾਂ ਥੀ, ਵਿਚ ਦੀ ਥਾਂ ਬਿਚ ਮਾ, ਹੁਣ ਦੀ ਮਾ ਇਬ, ਇਉਂ ਦੀ ਥਾਂ ਨਿਉਂ, ਨਾਲ ਦੀ ਥਾਂ ਗੈਲ, ਐਥੇ ਦੀ ਥਾਂ ਉਰੇ ਬੋਲਿਆ ਜਾਂਦਾ ਹੈ। ਇਸ ਖਿੱਤੇ ਦੇ ਲੋਕ ਪੁਆਧੀਏ ਹਨ।

ਆਮ ਤੌਰ 'ਤੇ ਪੁਆਧ ਨੂੰ ਮਾਲਵਾ ਦਾ ਹੀ ਹਿੱਸਾ ਗਿਣ ਲਿਆ ਜਾਂਦਾ ਹੈ ਜਦੋਂਕਿ ਅਸਲ ਵਿੱਚ ਬੋਲੀ ਪੱਖੋਂ ਪੁਆਧ ਵੱਖਰਾ ਖਿੱਤਾ ਹੈ। ਭਗਤ ਆਸਾ ਰਾਮ ਕਿੱਸਾਕਾਰ ਨੇ ਪੁਆਧੀ ਉਪ-ਬੋਲੀ ਵਿੱਚ ਕਈ ਕਿੱਸੇ ਲਿਖੇ। ਮੌਜੂਦਾ ਸਮੇਂ ਪੁਆਧੀ ਉਪ-ਬੋਲੀ ਜ਼ਿਲ੍ਹਾ ਰੂਪਨਗਰ (ਰੋਪੜ), ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਕੁਝ ਹਿੱਸੇ, ਪਟਿਆਲਾ ਜ਼ਿਲ੍ਹੇ ਦੀ ਰਾਜਪੁਰਾ ਤਹਿਸੀਲ ਤੇ ਸਨੌਰ ਵੱਲ ਦਾ ਇਲਾਕਾ, ਸੰਗਰੂਰ ਜ਼ਿਲ੍ਹੇ ਦਾ ਲਹਿਰਾਗਾਗਾ ਵੱਲ ਦਾ ਇਲਾਕਾ, ਹਿਮਾਚਲ ਪ੍ਰਦੇਸ਼ ਦਾ ਨਾਲਾਗੜ੍ਹ ਤੇ ਅੰਬਾਲਾ ਜ਼ਿਲ੍ਹੇ ਦੇ ਕੁਝ ਹਿੱਸੇ ਵਿੱਚ ਬੋਲੀ ਜਾਂਦੀ ਹੈ। ਅਜੋਕੇ ਸਮੇਂ ਵਿੱਚ ਪੰਜਾਬ ਦੀਆਂ ਤਿੰਨ ਉਪ-ਬੋਲੀਆਂ ਮਾਝੀ, ਦੋਆਬੀ ਤੇ ਮਲਵਈ ਹੀ ਗਿਣੀਆਂ ਜਾਂਦੀਆਂ ਹਨ ਜਦੋਂਕਿ ਪੰਜਾਬੀ ਬੋਲੀ ਦੇ ਸਾਰੇ ਖੋਜਕਾਰਾਂ ਨੇ ਪੁਆਧੀ ਨੂੰ ਵੀ ਪੰਜਾਬੀ ਦੀ ਉਪ-ਬੋਲੀ ਦੱਸਿਆ ਹੈ। ਪਿਛਲੇ ਕੁਝ ਸਮੇਂ ਤੋਂ ਪੁਆਧ ਦੇ ਚੇਤੰਨ ਵਸਨੀਕਾਂ ਵੱਲੋਂ ਪੁਆਧ ਤੇ ਪੁਆਧੀ ਨਾਮ ਹੇਠ ਸੰਸਥਾਵਾਂ ਬਣਾ ਕੇ ਪੁਆਧ/ਪੁਆਧੀ ਲਈ ਕੰਮ ਕੀਤਾ ਜਾ ਰਿਹਾ ਹੈ। ਪੁਆਧ ਦੇ ਵਸਨੀਕ ਪੁਆਧੀ ਨੂੰ ਮਲਵਈ ਬੋਲੀ ਨਾਲੋਂ ਵੱਖਰਾ ਦੱਸਦੇ ਹਨ। ਉਹ ਆਪਣੇ ਵੱਖਰੇ ਪੁਆਧ ਖਿੱਤੇ ਦੀ ਮੰਗ ਕਰ ਰਹੇ ਹਨ। ਪੁਆਧੀ ਬੋਲਣ ਵਾਲੇ ਪੁਆਧੀਆਂ ਦੀ ਮੰਗ ਹੈ ਕਿ ਚੰਡੀਗੜ੍ਹ ਸ਼ਹਿਰ ਪੁਆਧ ਦੇ ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਹੈ, ਇੱਥੇ ਸਥਿਤ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸਥਾਪਿਤ ਪੰਜਾਬੀ ਯੂਨੀਵਰਸਿਟੀ ਵਿੱਚ ਪੁਆਧੀ ਉਪ-ਬੋਲੀ ਦੇ ਵਿਕਾਸ ਤੇ ਖੋਜ ਦਾ ਕੰਮ ਕੀਤਾ ਜਾਵੇ। ਉਨ੍ਹਾਂ ਵੱਲੋਂ ਇਹ ਮੰਗ ਵੀ ਕੀਤੀ ਜਾ ਰਹੀ ਹੈ ਕਿ ਪੰਜਾਬੀ ਅਖ਼ਬਾਰਾਂ ਵਿੱਚ ਮਾਝਾ, ਦੋਆਬਾ, ਮਾਲਵਾ ਅੰਕਾਂ ਦੇ ਨਾਲ ਵੱਖਰਾ ਪੁਆਧ ਅੰਕ ਵੀ ਛਾਪਿਆ ਜਾਵੇ। ਇਸੇ ਤਰ੍ਹਾਂ ਟੀ.ਵੀ. ਚੈਨਲਾਂ ਉਪਰ ਮਾਝਾ, ਦੋਆਬਾ, ਮਾਲਵਾ ਖਿੱਤਿਆਂ ਦੇ ਨਾਲ ਪੁਆਧ ਨੂੰ ਵੱਖਰਾ ਖਿੱਤਾ ਦਿਖਾਇਆ ਜਾਵੇ।

ਦੁਨੀਆ ਭਰ ਵਿੱਚ ਵਸਦੇ ਪੰਜਾਬੀਆਂ ਨੂੰ ਅਪੀਲ ਹੈ ਕਿ ਉਹ ਮਜ਼ਹਬਾਂ, ਜਾਤਾਂ ਅਤੇ ਇਲਾਕਿਆਂ ਤੋਂ ਉੱਪਰ ਉੱਠ ਕੇ, ਇਕੱਠੇ ਹੋ ਕੇ ਪੰਜਾਬ, ਪੰਜਾਬੀ, ਪੰਜਾਬੀਅਤ ਲਈ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ।

# ਭੱਜਦਿਆਂ ਨੂੰ ਵਾਹਣ ਬਰੋਬਰ..

ਲਿਖਤ : ਹਰਪ੍ਰੀਤ ਸਿੰਘ ਜਵੰਦਾ

ਕਈ ਵੇਰ ਚੁੱਪ ਨੂੰ ਕਮਜ਼ੋਰੀ ਮੰਨ ਲਿਆ ਜਾਂਦਾ..ਸ੍ਰ ਜਗਮੀਤ ਸਿੰਘ..ਦੁਮਾਲੇ ਦਾਹੜੇ ਵਿਚ ਸੱਜੇ ਹੋਏ ਗੁਰੂ ਦੇ ਸਿੰਘ੍ਹ ਅੰਦਰੋਂ ਹਮੇਸ਼ਾਂ ਚੜ੍ਹਦੀ ਕਲਾ ਝਲਕਦੀ..ਕਨੇਡੀਅਨ ਵੀ ਇੱਜਤ ਕਰਦੇ..ਆਖਦੇ ਖੜਕੇ ਨਾਲ ਗੱਲ ਕਰਨੀ ਆਉਂਦੀ..ਪਰ ਕਈਂ ਬੁੱਕਲ ਦੇ ਸੱਪ..ਆਖਦੇ ਇਹ ਖਾਲਿਸਤਾਨੀ ਏ..ਉਹ ਅੱਗਿਉਂ ਜਾਹਿਰ ਤੌਰ ਤੇ ਮੰਨਦਾ..ਹਾਂ ਮੈਂ ਹਾਂ ਖਾਲਿਸਤਾਨੀ..ਕਰ ਲੋ ਜੋ ਕਰਨਾ..ਏਜੰਸੀਆਂ ਦੀਆਂ ਅੱਖੀਆਂ ਵਿਚ ਸੁਰਮਚੂ ਵਾਂਙ ਰੜਕਦਾ..!

ਕੱਲ ਪਾਰਲੀਮੈਂਟ ਅਹਾਤੇ ਅੰਦਰ ਕਿਸੇ ਨੇ ਪਿੱਠ ਪਿੱਛੇ ਭੱਦੀ ਸ਼ਬਦਾਵਲੀ ਵਰਤ ਲਈ..ਘੋਗਲ ਕੰਨਾਂ ਬਣ ਮੌਕੇ ਤੋਂ ਖਿਸਕ ਵੀ ਸਕਦਾ ਸੀ ਪਰ ਅੰਦਰ ਦਸਮ ਪਿਤਾ ਦਾ ਅੰਸ਼..ਪਰਤ ਕੇ ਸਿੱਧਾ ਹੀ ਜਾ ਟੱਕਰਿਆ..ਜਿਸਨੇ ਗੱਲ ਕਰਨੀ ਮੂੰਹ ਤੇ ਕਰੇ..ਅਗਲੇ ਡਰ ਗਏ..ਸਹਿਮ ਗਏ..ਅਖ਼ੇ ਮੈਂ ਨਹੀਂ ਕਿਸੇ ਹੋਰ ਨੇ ਆਖਿਆ..!

ਅਖਬਾਰਾਂ ਮੀਡਿਆ..ਅੱਜ ਥਾਂ ਥਾਂ ਚਰਚਾ..ਇਹ ਬੰਦਾ ਕਿਸੇ ਦਿਨ ਯਕੀਨਨ ਪ੍ਰਧਾਨ ਮੰਤਰੀ ਬਣੇਗਾ..ਏਨੀ ਦਲੇਰੀ..ਏਡੀ ਜੁਰੱਰਤ..ਦੱਸਦੇ ਨਿੱਕੇ ਹੁੰਦਿਆਂ ਵੀ ਬੜਾ ਧੱਕਾ ਸਹਿਆ..ਵੱਡੇ ਮੁੰਡੇ ਕੁੱਟ ਦਿੰਦੇ ਸਨ..ਮਗਰੋਂ ਮਾਰਸ਼ਲ ਆਰਟ ਸਿਖਿਆ..ਫੇਰ ਕੱਲੇ ਕੱਲੇ ਨੂੰ ਵਾਹਣੀ ਪਾਇਆ..ਮਗਰੋਂ ਚੋਟੀ ਦਾ ਵਕੀਲ ਬਣ ਸਰਕਾਰੇ ਦਰਬਾਰੇ ਆਪਣੀ ਹੋਂਦ ਦਾ ਲੋਹਾ ਮਨਵਾਇਆ..!

ਹੋਂਦ ਤੋਂ ਯਾਦ ਆਇਆ..ਦਿੱਲੀ ਕੋਲ ਰਿਵਾੜੀ ਲਾਗੇ ਇੱਕ ਵੱਡਾ ਸਾਰਾ ਪਿੰਡ "ਹੋਂਦ ਚਿੱਲੜ"..ਨਵੰਬਰ ਚੁਰਾਸੀ ਵੇਲੇ ਛੱਤੀ ਸੈਂਤੀ ਸਿੱਖ ਇੱਕੋ ਹਵੇਲੀ ਵਿਚ ਕਤਲ ਕਰ ਸੁੱਟੇ..ਸਵੈ-ਰੱਖਿਆ ਲਈ ਹਥਿਆਰਬੰਦ ਬਿਲਕੁਲ ਵੀ ਨਹੀਂ ਸਨ..ਸੋਚਦੇ ਸਨ ਆਪਣੇ ਹੀ ਪਿੰਡ ਦੇ ਨੇ..ਅਵੇਸਲੇ ਹੋ ਗਏ..ਫੇਰ ਨਿਹੱਥੇ ਹੋ ਗਿਆਂ ਦਾ ਭੀੜ ਨੇ ਉਹ ਹਾਲ ਕੀਤਾ ਕੇ ਰੂਹ ਕੰਬ ਜਾਂਦੀ..ਬੰਦਾ ਓਹੀ ਮਾਰ ਖਾਂਦਾ ਜੋ ਨਿਹੱਥਾ ਹੋ ਕੇ ਅਵੇਸਲਾ ਹੋ ਜਾਂਦਾ..!

ਕਈ ਜਮਾ-ਘਟਾਓ ਵਿਚ ਲੱਗੇ ਹੋਏ..ਦੁਮਾਲੇ ਵਾਲੇ ਵਿਚ ਸਹਿਣਸ਼ੀਲਤਾ ਦੀ ਘਾਟ..ਦਾਨਿਸ਼ਮੰਦੀ ਵਿਖਾਉਣੀ ਚਾਹੀਦੀ ਸੀ..ਪਰ ਇਸ ਜਹਾਨ ਦਾ ਸਦੀਵੀਂ ਸੱਚ..ਅਗਲਾ ਓਨੀ ਦੇਰ ਤੀਕਰ ਬਦਮਾਸ਼ ਜਿੰਨੀ ਦੇਰ ਤੀਕਰ ਤੁਸੀਂ ਸ਼ਰੀਫ..ਪਾਣੀ ਸਿਰੋਂ ਲੰਘ ਜਾਵੇ ਤਾਂ ਸੇਰ ਨੂੰ ਸਵਾ ਸੇਰ ਬਣ ਟੱਕਰਨ ਵਿੱਚ ਕੋਈ ਬੁਰਾਈ ਨਹੀਂ..ਖੰਡੇ ਬਾਟੇ ਦੀ ਪਾਹੁਲ ਛਕਾਉਣ ਵੇਲੇ ਵੀ ਇਹੋ ਗੱਲ ਦੱਸੀ ਜਾਂਦੀ..!

ਸੰਨ ਪੈਂਹਠ ਵਿਚ ਪਾਕਿਸਤਾਨੀ ਪੈਟਨ ਟੈਂਕਾਂ ਦੀ ਦਹਿਸ਼ਤ ਕਰਕੇ ਉਸ ਵੇਲੇ ਦੇ ਡਿਫੈਂਸ ਮਨਿਸ਼ਟਰ ਨੇ ਪੱਛਮੀਂ ਕਮਾਂਡ ਦੇ ਮੁਖੀ ਜੈਨਰਲ ਹਰਬਖਸ਼ ਸਿੰਘ ਨੂੰ ਹੁਕਮ ਦਿੱਤਾ ਅਮ੍ਰਿਤਸਰ ਛੱਡ ਬਿਆਸ ਦੇ ਉਰਲੇ ਕੰਢੇ ਤੇ ਮੋਰਚੇ ਸੰਭਾਲ ਲਵੋ..ਅੱਗਿਓਂ ਨਾਂਹ ਕਰ ਦਿੱਤੀ..ਅਖ਼ੇ ਨਨਕਾਣਾ ਸਾਬ ਤੇ ਅੱਗੇ ਹੀ ਛੁੱਟ ਗਿਆ ਹੁਣ ਹਰਮੰਦਰ ਸਾਬ ਨਹੀਂ ਗਵਾ ਸਕਦੇ..!

ਫੇਰ ਸੇਰ ਨੂੰ ਸਵਾ ਸੇਰ ਬਣ ਟੱਕਰਿਆ ਤੇ ਫਤਹਿ ਨਸੀਬ ਹੋਈ!



# ਗਦਰੀ ਯੋਧਿਆਂ ਦਾ ਸਿੱਖ ਪਿਛੋਕੜ

ਗਦਰੀ ਯੋਧਿਆਂ ਨੇ ਸਮੇਂ ਸਮੇਂ ਜੋ ਬਿਆਨ ਦਿੱਤੇ ਉਹ ਸਪਸ਼ਟ ਰੂਪ ਵਿਚ ਉਨ੍ਹਾਂ ਦੇ ਸਿੱਖੀ ਪਿਛੋਕੜ ਅਤੇ ਉਸ ਦੇ ਪ੍ਰਭਾਵ ਦਾ ਨਿਰੂਪਣ ਕਰਦੇ ਹਨ। ਜਿੱਥੇ ਜਿੱਥੇ ਵੀ ਪੰਜਾਬੀ, ਖਾਸ ਕਰਕੇ ਸਿੱਖ ਗਏ, ਉਨ੍ਹਾਂ ਨੇ ਗੁਰਦੁਆਰੇ ਸਥਾਪਤ ਕੀਤੇ। ਗੁਰਦੁਆਰਿਆਂ ਨੇ ਅੱਗੇ ਚੱਲ ਕੇ ਹਿੰਦੀਆਂ ਨੂੰ ਸੰਗਠਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਜਿਸ ਦਾ ਸਿਹਰਾ ਵੀ ਉਸ ਵੇਲੇ ਦੇ ਸਿੱਖ ਲੀਡਰਾਂ ਅਤੇ ਸਿੱਖ ਭਾਈਚਾਰੇ ਨੂੰ ਜਾਂਦਾ ਹੈ। ਜਗਜੀਤ ਸਿੰਘ ਆਪਣੀ ਪੁਸਤਕ 'ਗਦਰ ਪਾਰਟੀ ਲਹਿਰ' ਵਿਚ ਇਸ ਤੱਥ 'ਤੇ ਚਾਨਣਾ ਪਾਉਂਦਿਆਂ ਲਿਖਦੇ ਹਨ, "ਸ਼ੁਰੂ ਸ਼ੁਰੂ ਵਿਚ ਅਮਰੀਕਾ ਗਏ ਹਿੰਦੀ ਕਾਮਿਆਂ ਨਾਲੋਂ ਕੈਨੇਡਾ ਦੇ ਹਿੰਦੀ ਕਾਮਿਆਂ ਨੇ ਭਾਈਚਾਰਕ ਜਥੇਬੰਦੀ ਦੇ ਲਿਹਾਜ ਨਾਲ ਵਧੇਰੇ ਤਰੱਕੀ ਕੀਤੀ। ਇਸ ਦਾ ਸਿਹਰਾ ਪ੍ਰੋ. ਤੇਜਾ ਸਿੰਘ ਐਮ.ਏ. ਐ.ਐ.ਬੀ. (ਜੋ ਖਾਲਸਾ ਕਾਲਜ, ਅੰਮ੍ਰਿਤਸਰ ਪ੍ਰੋਫੈਸਰ ਰਹਿ ਚੁੱਕੇ ਸਨ ਅਤੇ ਅੱਜ ਕਲ੍ਹ ਮਸਤੂਆਣੇ ਵਾਲੇ ਸੰਤ ਤੇਜਾ ਸਿੰਘ ਕਰਕੇ ਮਸ਼ਹੂਰ ਹਨ) ਦੇ ਸਿਰ ਹੈ। ਅਮਰੀਕਾ-ਕੈਨੇਡਾ ਗਏ ਹਿੰਦੀ ਕਾਮਿਆਂ ਦੀ ਬਹੁ-ਗਿਣਤੀ ਕਿਉਂਕਿ ਸਿੱਖਾਂ ਦੀ ਸੀ ਅਤੇ ਉਹ ਦੇਸ਼ੋਂ ਜਾਣ ਸਮੇਂ ਸਿੰਘ ਸਭਾ ਲਹਿਰ ਦਾ ਅਸਰ ਲੈ ਕੇ ਗਏ ਸਨ, ਇਸ ਵਾਸਤੇ ਉਨ੍ਹਾਂ ਦੀਆਂ ਸੁਸਾਇਟੀਆਂ ਨੇ ਵੀ ਸ਼ੁਰੂ ਵਿਚ ਉਸ ਵੇਲੇ ਦੀਆਂ ਦੇਸ਼ ਵਿਚਲੀਆਂ ਸਿੱਖ ਸੁਸਾਇਟੀਆਂ ਵਰਗੀ ਸ਼ਕਲ ਫੜੀ। ਸੰਨ 1907 ਵਿਚ ਵੈਨਕੂਵਰ (ਕੈਨੇਡਾ) ਵਿਚ ਖਾਲਸਾ ਦੀਵਾਨ ਸੁਸਾਇਟੀ ਕਾਇਮ ਕੀਤੀ ਗਈ, ਜਿਸ ਦੇ ਮਨੋਰਥ ਧਾਰਮਕ, ਵਿਦਿਅਕ ਅਤੇ ਭਾਈਚਾਰਕ ਸਨ। ਇਸ ਸੁਸਾਇਟੀ ਨੇ 25000 ਡਾਲਰ ਦੀ ਲਾਗਤ ਨਾਲ ਵੈਨਕੂਵਰ ਵਿਚ ਗੁਰਦੁਆਰਾ ਬਣਵਾਇਆ। ਇਸੇ ਤਰ੍ਹਾਂ ਪ੍ਰੋ. ਤੇਜਾ ਸਿੰਘ ਨੇ ਵਿਕਟੋਰੀਆ (ਕੈਨੇਡਾ) ਵਿਚ ਗੁਰਦੁਆਰਾ ਕਾਇਮ ਕਰਨ ਦਾ ਉਦਮ ਕੀਤਾ। ਤਕਰੀਬਨ ਇਸੇ ਸਮੇਂ ਸ੍ਰੀ ਜਵਾਲਾ ਸਿੰਘ (ਠੱਠੀਆਂ) ਅਤੇ ਸੰਤ ਵਸਾਖਾ ਸਿੰਘ (ਦਦੇਹਰ) ਦੇ ਉਦਮ ਨਾਲ ਅਮਰੀਕਾ ਵਿਚ 'ਪੈਸੇਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ' ਕਾਇਮ ਕੀਤੀ ਗਈ, ਅਤੇ ਸਟਾਕਟਨ (ਕੈਲੀਫੋਰਨੀਆ, ਅਮਰੀਕਾ) ਵਿਚ ਗੁਰਦੁਆਰਾ ਬਣਾਇਆ ਗਿਆ। ਉਪਰੋਕਤ ਦੋਵੇਂ ਸੁਸਾਇਟੀਆਂ ਦੇ ਮਨੋਰਥ ਮਿਲਦੇ-ਜੁਲਦੇ ਸਨ, ਪਰ ਇਹ ਇਕ-ਦੂਜੇ ਤੋਂ ਆਜ਼ਾਦ ਸਨ। ਇਹ ਗੁਰਦੁਆਰੇ ਸਿੱਖਾਂ ਦੇ ਧਾਰਮਕ ਕੇਂਦਰ ਹੋਣ ਤੋਂ ਇਲਾਵਾ, ਅਮਰੀਕਾ ਗਏ ਸਾਰੇ ਹਿੰਦੀ ਕਾਮਿਆਂ ਦੀ ਪਹਿਲੋਂ ਭਾਈਚਾਰਕ ਅਤੇ ਪਿੱਛੋਂ ਰਾਜਸੀ ਜਾਗ੍ਰਿਤੀ ਦਾ ਕੇਂਦਰ ਬਣੇ, ਕਿਉਂਕਿ ਕੈਨੇਡਾ-ਅਮਰੀਕਾ ਨਿਵਾਸੀ ਹਿੰਦੀਆਂ ਦੀ ਸੋਚ ਤੰਗ ਨਹੀਂ ਸੀ ਰਹੀ ਅਤੇ ਇਨ੍ਹਾਂ ਗੁਰਦੁਆਰਿਆਂ ਵਿਚ ਈਸਾਈ ਮਿਸ਼ਨਰੀ ਵੀ ਆ ਕੇ ਲੈਕਚਰ ਕਰਦੇ। ਇਨ੍ਹਾਂ ਗੁਰਦੁਆਰਿਆਂ ਤੋਂ ਲਾਂਭੇ ਸ੍ਰੀ ਹਰਨਾਮ ਸਿੰਘ 'ਕਾਹਰੀ ਸਾਹਰੀ', ਸੰਨ 1910 ਤੋਂ ਵਿਦਿਆਰਥੀਆਂ ਲਈ ਸਿਆਟਲ (ਅਮਰੀਕਾ) ਵਿਚ ਅਤੇ ਵੈਨਕੂਵਰ ਵਿਚ ਬੋਰਡਿੰਗ ਹਾਊਸ ਅਤੇ ਰਾਤਰੀ ਸਕੂਲ ਚਲਾਉਂਦੇ ਰਹੇ।" (ਪੰਨਾ 65-66)।

***ਹੁਣ ਅਸੀਂ ਅਮਰੀਕਾ-ਕੈਨੇਡਾ ਦੀ ਧਰਤੀ ਉਤੇ ਸਰਗਰਮ ਰਹੇ ਕੁਝ ਗਦਰੀਆਂ ਬਾਰੇ ਗੱਲ ਕਰਾਂਗੇ।***

## ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ



ਭਾਈ ਮੇਵਾ ਸਿੰਘ ਜ਼ਿਲ੍ਹਾ ਅੰਮ੍ਰਿਤਸਰ ਦੀ ਤਹਿਸੀਲ ਅਜਨਾਲਾ ਦੇ ਪਿੰਡ ਲੋਪੋਕੇ ਵਿਚ 1880 ਵਿਚ ਪੈਦਾ ਹੋਏ ਸਨ। ਸੰਨ 1906 ਵਿਚ ਉਹ ਕਮਾਈ ਕਰਨ ਦੇ ਇਰਾਦੇ ਨਾਲ ਕੈਨੇਡਾ ਦੇ ਸ਼ਹਿਰ ਵੈਨਕੂਵਰ ਚਲੇ ਗਏ। ਸੋਹਣ ਸਿੰਘ ਪੂਨੀ ਨੇ 'ਕਨੇਡਾ ਦੇ ਗ਼ਦਰੀ ਯੋਧੇ' ਪੁਸਤਕ ਵਿਚ ਭਾਈ ਮੇਵਾ ਸਿੰਘ ਵੱਲੋਂ ਕੀਤੇ ਕਾਰਜਾਂ ਬਾਰੇ ਜੋ ਵੇਰਵੇ ਦਿੱਤੇ ਹਨ ਅਤੇ ਭਾਈ ਮੇਵਾ ਸਿੰਘ ਦੇ ਕਚਹਿਰੀ ਵਿਚ ਦਿੱਤੇ ਬਿਆਨਾਂ ਤੋਂ ਉਨ੍ਹਾਂ ਦੇ ਸਿੱਖ ਵਿਰਸੇ ਦੇ ਉਤਰਾਧਿਕਾਰੀ ਹੋਣ ਦਾ ਸਾਫ ਪਤਾ ਲਗਦਾ ਹੈ, "ਵੈਨਕੂਵਰ ਰਹਿੰਦਿਆਂ ਮੇਵਾ ਸਿੰਘ ਦੀ ਹਿੰਦੁਸਤਾਨੀ ਕਮਿਊਨਿਟੀ ਦੇ ਦੇਸ਼ ਭਗਤ ਧੜੇ ਨਾਲ ਏਕਤਾ ਹੋ ਗਈ। ਵੈਨਕੂਵਰ ਦਾ ਪਹਿਲਾ ਗੁਰਦੁਆਰਾ ਬਣਾਉਣ ਲਈ ਆਪ ਨੇ ਹਿੰਦੁਸਤਾਨੀਆਂ ਦੇ ਡੇਰਿਆਂ 'ਤੇ ਜਾ ਕੇ ਫੰਡ ਇਕੱਠਾ ਕੀਤਾ। ਭਾਈ ਮੇਵਾ ਸਿੰਘ ਨੇ 21 ਜੂਨ, 1908 ਨੂੰ ਵੈਨਕੂਵਰ ਦੇ ਗੁਰਦੁਆਰੇ 'ਚ ਅੰਮ੍ਰਿਤ ਛਕਿਆ। ਆਪ ਧਾਰਮਿਕ ਰੁਚੀਆਂ ਤੇ ਸਾਧੂ ਸੁਭਾ ਵਾਲੇ ਇਨਸਾਨ ਸਨ। ਭਾਈ ਮੇਵਾ ਸਿੰਘ ਵਿਆਹੇ ਨਹੀਂ ਸੀ ਹੋਏ। ਕੰਮ ਤੋਂ ਬਾਅਦ ਇਹ ਆਪਣਾ ਬਹੁਤਾ ਸਮਾਂ ਭਜਨ ਬੰਦਗੀ ਤੇ ਗੁਰਦੁਆਰੇ ਆਏ ਗਏ ਦੀ ਸੇਵਾ ਕਰਨ ਵਿਚ ਗੁਜ਼ਾਰਦੇ।" (ਪੰਨਾ 71)

ਵੈਨਕੂਵਰ ਇਮੀਗਰੇਸ਼ਨ ਡੀਪਾਰਟਮੈਂਟ ਦਾ ਹੈਡ ਮੈਲਕਮ ਰੀਡ ਅਤੇ ਵੈਨਕੂਵਰ ਵਿਚ ਹਿੰਦ ਸਰਕਾਰ ਦਾ ਜਾਸੂਸ ਵਿਲੀਅਮ ਹਾਪਕਿਨਸ ਕੈਨੇਡਾ ਅਤੇ ਅਮਰੀਕਾ ਵਿਚ ਸਰਗਰਮ ਹਿੰਦੁਸਤਾਨੀ ਦੇਸ਼-ਭਗਤਾਂ ਦੇ ਖਿਲਾਫ ਕੰਮ ਕਰ ਰਹੇ ਸਨ। ਹਾਪਕਿਨਸਨ ਦੀ ਸ਼ਹਿ 'ਤੇ ਬੇਲਾ ਸਿੰਘ ਜਿਆਣ ਨੇ 5 ਸਤੰਬਰ, 1914 ਨੂੰ ਕੈਨੇਡਾ ਦੀ ਗ਼ਦਰ ਪਾਰਟੀ ਦੇ ਮੁੱਖ ਲੀਡਰ ਭਾਈ ਭਾਗ ਸਿੰਘ ਭਿਖੀਵਿੰਡ ਅਤੇ ਉਨ੍ਹਾਂ ਦੇ ਸਾਥੀ ਬਦਨ ਸਿੰਘ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਹਾਪਕਿਨਸਨ ਭਾਈ ਭਾਗ ਸਿੰਘ ਦੇ ਕਾਤਲ ਬੇਲਾ ਸਿੰਘ ਜਿਆਣ ਦੇ ਹੱਕ ਵਿਚ ਵੈਨਕੂਵਰ ਵਿਚ ਬੀ.ਸੀ. ਦੀ ਪ੍ਰੋਵਿੰਸ਼ੀਅਲ ਕੋਰਟ ਵਿਚ ਗਵਾਹੀ ਦੇਣ ਜਾ ਰਿਹਾ ਸੀ। 21 ਅਕਤੂਬਰ, 1914 ਨੂੰ ਹਾਪਕਿਨਸਨ ਕੋਰਟ ਰੂਮ ਦੇ ਬਾਹਰ ਸਵੇਰ ਦੇ 10 ਵਜ ਕੇ 12 ਮਿੰਟ 'ਤੇ ਕੰਧ ਨਾਲ ਢੋ ਲਾ ਕੇ ਵਰਾਂਡੇ ਵਿਚ ਖੜ੍ਹਾ ਸੀ ਜਦੋਂ ਭਾਈ ਮੇਵਾ ਸਿੰਘ ਨੇ ਗੋਲੀਆਂ ਮਾਰ ਕੇ ਉਸ ਨੂੰ ਖ਼ਤਮ ਕਰ ਦਿੱਤਾ। ਭਾਈ ਮੇਵਾ ਸਿੰਘ 'ਤੇ ਮੁਕੱਦਮਾ ਚੱਲਿਆ। ਮੁਕੱਦਮੇ ਦੌਰਾਨ ਭਾਈ ਮੇਵਾ ਸਿੰਘ ਨੇ ਕਟਹਿਰੇ ਵਿਚ ਖੜ ਕੇ ਸਹੁੰ ਚੁੱਕੀ ਅਤੇ ਡੀਫੈਂਸ ਦੇ ਵਕੀਲ ਮਿਸਟਰ ਵੁੱਡ ਵੱਲੋਂ ਪੁੱਛੇ ਸੁਆਲਾਂ ਦੇ ਉਤਰ ਦਿੱਤੇ। ਮਿਸਟਰ ਵੁੱਡ ਨੇ ਮੁਕੱਦਮੇ ਦੀ ਸੁਣਵਾਈ ਦੌਰਾਨ ਭਾਈ ਮੇਵਾ ਸਿੰਘ ਦੀ ਸਟੇਟਮੈਂਟ ਪੜ੍ਹ ਕੇ ਸੁਣਾਈ, ਉਹ ਇਸ ਤਰ੍ਹਾਂ ਸੀ, "ਮੇਰਾ ਨਾਂ ਮੇਵਾ ਸਿੰਘ ਹੈ। ਮੈਂ ਰੱਬ ਤੋਂ ਡਰਨ ਵਾਲਾ ਐਸਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹੈ। ਮੇਰੀ ਜ਼ਬਾਨ ਵਿਚ ਐਸੇ ਸ਼ਬਦ ਨਹੀਂ ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿਚ ਮੈਨੂੰ ਕਿਹੜੇ ਕਿਹੜੇ ਦੁੱਖ, ਮੁਸੀਬਤਾਂ ਅਤੇ ਪਰੇਸ਼ਾਨੀਆਂ ਝੱਲਣੀਆਂ ਪਈਆਂ ਹਨ।...ਅਸੀਂ ਸਿੱਖ ਗੁਰਦੁਆਰੇ 'ਚ ਅਰਦਾਸ ਕਰਨ ਜਾਂਦੇ ਹਾਂ, ਪਰ ਇਨ੍ਹਾਂ ਪਾਪੀਆਂ ਨੇ ਗੁਰਦੁਆਰੇ 'ਚ ਗੋਲੀ ਚਲਾ ਕੇ ਅਤੇ ਭਾਈ ਭਾਗ ਸਿੰਘ ਹੁਰਾਂ ਦਾ ਕਤਲ ਕਰ ਕੇ ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਹੈ। ਇਨ੍ਹਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵੱਲੋਂ ਗੁਰਦੁਆਰੇ 'ਚ ਕੀਤੇ ਇਨ੍ਹਾਂ ਕਾਰਿਆਂ ਨੇ ਮੇਰੇ ਸੀਨੇ 'ਚ ਅੱਗ ਲਾ ਦਿੱਤੀ ਹੈ।...ਇਸ ਸਭ ਕਾਸੇ ਲਈ ਮਿਸਟਰ ਰੀਡ ਅਤੇ ਹਾਪਕਿਨਸਨ ਜਿੰਮੇਵਾਰ ਹਨ। ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਅਤੇ ਇੱਜ਼ਤ ਲਈ ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁੱਝ ਬਰਦਾਸ਼ਤ ਨਹੀਂ ਸੀ ਕਰ ਸਕਦਾ।" ਅਤੇ "ਜੇ ਇਹ ਸਭ ਕੁੱਝ ਤੁਹਾਡੇ ਚਰਚ ਵਿਚ ਹੋਇਆ ਹੁੰਦਾ ਤਾਂ ਤੁਸੀਂ ਈਸਾਈਆਂ ਨੇ ਵੀ ਇਸ ਨੂੰ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ।" (ਸੋਹਣ ਸਿੰਘ ਪੂਨੀ, ਕੈਨੇਡਾ ਦੇ ਗਦਰੀ ਯੋਧੇ, ਪੰਨਾ 78)

ਇਨ੍ਹਾਂ ਸੰਖੇਪ ਵੇਰਵਿਆਂ ਤੋਂ ਸਪਸ਼ਟ ਹੈ ਕਿ ਭਾਈ ਮੇਵਾ ਸਿੰਘ ਇੱਕ ਅੰਮ੍ਰਿਤਧਾਰੀ ਸਿੰਘ ਸਨ, ਜਿਨ੍ਹਾਂ ਨੇ ਸਿੱਖੀ ਸਿਧਾਂਤਾਂ 'ਤੇ ਚੱਲਦਿਆਂ ਜ਼ੁਲਮ ਨਾਲ ਟੱਕਰ ਲਈ।

ਸ਼ਹੀਦ ਕਰਤਾਰ ਸਿੰਘ ਸਰਾਭਾ: ਜਦੋਂ ਵੀ ਗਦਰ ਲਹਿਰ ਬਾਰੇ ਗੱਲ ਚਲਦੀ ਹੈ ਤਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਨਾਂ ਮੁਹਰਲੀਆਂ ਸਫਾਂ ਵਿਚ ਆਉਂਦਾ ਹੈ, ਜਿਸ ਨੇ ਬਹੁਤ ਹੀ ਛੋਟੀ ਉਮਰ ਵਿਚ ਆਪਣਾ ਜੀਵਨ ਗਦਰ ਲਹਿਰ ਨੂੰ ਅਰਪਣ ਕਰ ਦਿੱਤਾ। ਬ੍ਰਿਟਿਸ਼ ਰਾਜ ਤੋਂ ਆਪਣੇ ਮੁਲਕ ਨੂੰ ਆਜ਼ਾਦ ਕਰਾਉਣ ਨੂੰ ਉਸ ਨੇ ਆਪਣੇ ਜੀਵਨ ਦਾ ਇੱਕੋ-ਇੱਕ ਉਦੇਸ਼ ਬਣਾ ਲਿਆ ਜਦ ਕਿ ਅਮਰੀਕਾ ਵਿਚ ਉਹ ਪੜ੍ਹਨ ਵਾਸਤੇ ਗਿਆ ਸੀ। ਜਗਜੀਤ ਸਿੰਘ ਅਨੁਸਾਰ, "ਸ੍ਰੀ ਕਰਤਾਰ ਸਿੰਘ ਸਰਾਭਾ ਦੇ ਡੂੰਘੇ ਮਨ ਵਿਚੋਂ ਸਵੇਰੇ ਜਾਗਦੇ ਸਾਰ ਸਭ ਤੋਂ ਪਹਿਲੇ ਆਪ ਮੁਹਾਰੇ ਸ਼ਬਦ ਨਿਕਲਦੇ ਕਿ ਮਾਰੋ ਫਰੰਗੀ।"(ਪੰਨਾ 93) ਕਰਤਾਰ ਸਿੰਘ ਸਰਾਭਾ ਦੇ ਆਖਰੀ ਸਮੇਂ ਦੇ ਬਿਆਨ ਉਸ ਦੀ ਸਿੱਖੀ ਵਾਲੀ ਚੜ੍ਹਦੀ ਕਲਾ ਦੇ ਪ੍ਰਤੀਕ ਹਨ।

ਬੰਗਾਲੀ ਇਨਕਲਾਬੀ ਸ੍ਰੀ ਸਾਨਯਾਲ ਦਾ ਬਿਆਨ ਵੀ ਇਸ ਤੱਥ 'ਤੇ ਰੋਸ਼ਨੀ ਪਾਉਂਦਾ ਹੈ ਕਿ ਪੰਜਾਬ ਦੇ ਗਦਰੀਆਂ ਦੀ ਬਤੌਰ ਸਿੱਖ ਪਛਾਣ ਬਣੀ ਹੋਈ ਸੀ ਜਿਵੇਂ ਕਿ ਲਿਖਿਆ ਹੈ, "ਪੰਜਾਬ ਦਲ ਦਾ ਇਕ ਮਨੁੱਖ ਉਥੋਂ ਦੇ ਬਲਵੇ ਦੀ ਖ਼ਬਰ ਲੈ ਕੇ ਅਸਾਡੇ ਪਾਸ ਆਇਆ। ਜਦ ਉਸ ਦੇ ਮੂੰਹੋਂ ਸੁਣਿਆ ਕਿ ਬਲਵੇ ਵਾਸਤੇ ਦੋ-ਤਿੰਨ ਹਜ਼ਾਰ ਸਿੱਖ ਕਮਰ-ਕੱਸੇ ਕਰੀ ਤਿਆਰ ਬੈਠੇ ਹਨ ਤਾਂ ਸਾਡਾ ਆਤਮਾ ਅਨੰਦ ਵਿਚ ਆ ਕੇ ਥਿਰਕਣ ਲੱਗ ਪਿਆ।...ਪਹਿਲਾਂ ਹੀ ਪੱਕੀ ਹੋ ਗਈ ਸੀ ਕਿ ਜਲੰਧਰ ਸ਼ਹਿਰ ਵਿਚ ਜਾ ਕੇ ਸਿੱਖ ਮੁਖੀਆਂ ਨਾਲ ਮੁਲਾਕਾਤ ਕਰਾਂਗਾ। ਉਸ ਸਮੇਂ ਨਵੰਬਰ ਦਾ ਮਹੀਨਾ ਮੁੱਕਣ ਵਾਲਾ ਸੀ। ਲੁਧਿਆਣੇ ਪਹੁੰਚਦਿਆਂ ਹੀ ਵੇਖਿਆ ਕਿ ਮੇਰੇ ਮਿੱਤਰ ਦਾ ਸਿਆਣੂ ਇੱਕ ਸਿੱਖ ਮੁੰਡਾ ਅਸਾਂ ਦੀ ਉਡੀਕ ਕਰ ਰਿਹਾ ਸੀ। ਮਿੱਤਰ ਨੇ ਮੇਰੀ ਜਾਣ-ਪਛਾਣ ਕਰਾਈ। ਇਹੋ ਕਰਤਾਰ ਸਿੰਘ ਸੀ।" (ਪੰਨਾ 245)

ਪਹਿਲੇ ਕੇਸ ਵਿਚ ਕਰਤਾਰ ਸਿੰਘ ਸਰਾਭਾ ਬਾਰੇ ਜੋ ਲਿਖਿਆ ਮਿਲਦਾ ਹੈ, ਉਸ ਤੋਂ ਉਸ ਦੀ ਬਹਾਦਰੀ ਅਤੇ ਨਿਰਭੈਤਾ ਸਪਸ਼ਟ ਝਲਕਦੀ ਹੈ, "ਬਿਨਾਂ ਸ਼ੱਕ ਉਸ ਦੀ ਉਮਰ ਛੋਟੀ ਹੈ ਪਰ ਨਿਰਸੰਦੇਹ ਸਭ ਤੋਂ ਵੱਧ ਖਰਾਬ ਸਾਜ਼ਿਸ਼ੀਆਂ ਵਿਚੋਂ ਇਕ ਹੈ। ਉਹ ਬਿਲਕੁਲ ਨਿਰਦਈ ਬਦਮਾਸ਼ ਹੈ, ਜਿਸ ਨੂੰ ਆਪਣੀਆਂ ਕਾਰਵਾਈਆਂ ਉਤੇ ਮਾਣ ਹੈ ਅਤੇ ਜਿਸ ਨੂੰ ਨਾ ਰਹਿਮ ਵਿਖਾਇਆ ਜਾ ਸਕਦਾ ਹੈ ਅਤੇ ਨਾ ਵਿਖਾਇਆ ਜਾਣਾ ਚਾਹੀਦਾ ਹੈ।" (ਗਦਰ ਪਾਰਟੀ ਲਹਿਰ, ਪੰਨਾ 412)

ਕਰਤਾਰ ਸਿੰਘ ਸਰਾਭਾ ਬਾਰੇ ਸ੍ਰੀ ਸਨਿਆਲ ਦੀ ਲਿਖਤ ਦਾ ਜ਼ਿਕਰ ਕਰਦਿਆਂ ਦੱਸਿਆ ਹੈ, "ਜ਼ੰਜੀਰਾਂ ਵਿਚ ਜਕੜੇ ਹੋਏ ਕਰਤਾਰ ਸਿੰਘ ਦੇ ਮੁਖੜੇ ਪੁਰ ਬੀਰਤਾ ਦੀ ਅਜਿਹੀ ਸ਼ੋਭਾ ਝਲਕਦੀ ਸੀ ਕਿ ਉਸ ਸੂਰਤ ਨੂੰ ਵੇਖ-ਵੇਖ ਸੱਜਣ ਦੁਸ਼ਮਣ ਸਭ ਇਕਦਮ ਮੁਗਧ ਹੋ ਜਾਂਦੇ।" (ਗਦਰ ਪਾਰਟੀ ਲਹਿਰ, ਪੰਨਾ 413)

ਜਗਜੀਤ ਸਿੰਘ ਅਨੁਸਾਰ ਭਾਈ ਪਰਮਾਨੰਦ, ਜਿਸ ਨੇ ਗਦਰੀਆਂ ਦੀਆਂ ਕੋਸ਼ਿਸ਼ਾਂ ਨੂੰ ਬੱਚਿਆਂ ਦੇ ਖੇਲ ਨਾਲ ਤੁਲਨਾ ਦਿੱਤੀ ਅਤੇ ਇਸ ਦੀ ਬਹੁਤੀ ਜ਼ਿੰਮੇਵਾਰੀ ਸ੍ਰੀ ਕਰਤਾਰ ਸਿੰਘ ਉਤੇ ਸੁੱਟੀ ਵੀ, ਨੇ ਵੀ ਕਰਤਾਰ ਸਿੰਘ ਸਰਾਭਾ ਬਾਰੇ ਲਿਖਿਆ ਹੈ, "ਪਰ ਉਸ ਦੀ ਉਚੀ ਸਪਿਰਟ ਉਸ ਦੀ ਨਿਡਰਤਾ ਅਤੇ ਮੌਤ ਤੋਂ ਬੇਪਰਵਾਹੀ, ਐਸੀਆਂ ਖੂਬੀਆਂ ਹਨ, ਜੋ ਉਸ ਉਮਰ ਦੇ ਛੋਕਰੇ ਵਿਚ ਦੁਰਲੱਭ ਹਨ। ਉਹ ਵੱਡੇ ਅਫਸਰਾਂ ਕੋਲੋਂ ਮਾਸਾ ਵੀ ਨਹੀਂ ਡਰਦਾ।" (ਪੰਨਾ 413) ਮੌਤ ਦਾ ਹੁਕਮ ਸੁਣਾਏ ਜਾਣ 'ਤੇ ਕਰਤਾਰ ਸਿੰਘ ਸਰਾਭਾ ਨੇ ਕਿਹਾ, "ਧੰਨਵਾਦ।" ਭਾਈ ਪਰਮਾਨੰਦ ਨੇ ਫਾਂਸੀ ਦੀਆਂ ਕੋਠੜੀਆਂ ਵਿਚ ਬੰਦ ਹੋਣ ਵੇਲੇ ਦਾ ਨਕਸ਼ਾ ਖਿੱਚਦਿਆਂ ਲਿਖਿਆ ਹੈ, "ਕਰਤਾਰ ਸਿੰਘ ਖਾਸ ਤੌਰ ਉਤੇ ਖੁਸ਼ੀ ਦੇ ਰੰਗ ਵਿਚ ਸੀ ਅਤੇ ਆਪਣੀ ਸਪਿਰਟ ਦੂਸਰਿਆਂ ਵਿਚ ਭਰਦਾ। ਉਹ ਕਹਿੰਦਾ 'ਸਾਨੂੰ ਜਲਦੀ ਫਾਂਸੀ ਲੱਗੇ, ਤਾਂ ਕਿ ਅਸੀਂ ਜਲਦੀ ਮੁੜ ਜਨਮ ਲੈ ਕੇ ਆਪਣਾ ਕੰਮ ਉਥੋਂ ਸ਼ੁਰੂ ਕਰੀਏ ਜਿੱਥੇ ਅਸੀਂ ਛੱਡ ਚੱਲੇ ਹਾਂ'।" (ਗਦਰ ਪਾਰਟੀ ਲਹਿਰ, ਪੰਨਾ 414) ਕਰਤਾਰ ਸਿੰਘ ਸਰਾਭਾ ਦਾ ਜੋਸ਼ ਸਿੱਖੀ ਸਪਿਰਟ ਦੀ ਪ੍ਰਤੱਖ ਮਿਸਾਲ ਹੈ।

## ਸ਼ਹੀਦ ਬੱਬਰ ਕਰਮ ਸਿੰਘ ਦੌਲਤਪੁਰ



ਸੋਹਣ ਸਿੰਘ ਪੂਨੀ ਨੇ ਆਪਣੀ ਪੁਸਤਕ 'ਕੈਨੇਡਾ ਦੇ ਗਦਰੀ ਯੋਧੇ' ਵਿਚ ਜਿਨ੍ਹਾਂ ਮਹਾਨ ਸ਼ਹੀਦਾਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਵਿਚ ਸ਼ਹੀਦ ਬੱਬਰ ਕਰਮ ਸਿੰਘ ਦੌਲਤਪੁਰ ਦਾ ਨਾਮ ਵੀ ਜ਼ਿਕਰਯੋਗ ਹੈ ਜਿਨ੍ਹਾਂ ਦਾ ਜੀਵਨ ਸਿੱਖੀ ਸਪਿਰਟ ਦੀ ਉਘੀ ਮਿਸਾਲ ਪੇਸ਼ ਕਰਦਾ ਹੈ। ਇਸ ਪੁਸਤਕ ਦੇ ਲੇਖਕ ਅਨੁਸਾਰ ਭਾਈ ਕਰਮ ਸਿੰਘ ਦਾ ਜਨਮ 1880 ਈਸਵੀ ਨੂੰ ਜ਼ਿਲਾ ਨਵਾਂਸ਼ਹਿਰ ਦੇ ਪਿੰਡ ਦੌਲਤਪੁਰ ਵਿਚ ਹੋਇਆ। ਮੁਢਲੀ ਵਿੱਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਫਿਰ ਫੌਜ ਵਿਚ ਭਰਤੀ ਹੋ ਗਏ। ਅੱਠ ਸਾਲ ਫੌਜ ਦੀ ਨੌਕਰੀ ਕਰਨ ਤੋਂ ਬਾਅਦ ਸੰਨ 1907 ਵਿਚ ਕੈਨੇਡਾ ਆ ਗਏ ਅਤੇ ਆਪਣੇ ਭਰਾ ਹਰੀ ਸਿੰਘ ਨਾਲ ਵੈਨਕੂਵਰ ਨੇੜੇ ਐਬਸਫੋਰਡ ਵਿਚ ਰਹਿਣ ਲੱਗੇ। ਸੰਤ ਤੇਜਾ ਸਿੰਘ ਦੀ ਅਗਵਾਈ ਥੱਲੇ ਬਣੀ 'ਗੁਰੂ ਨਾਨਕ ਮਾਈਨਿੰਗ ਐਂਡ ਟਰਸਟ ਕੰਪਨੀ' ਦੇ ਭਾਈ ਸਾਹਿਬ ਹਿੱਸੇਦਾਰ ਸਨ। ਕੈਨੇਡਾ ਵਿਚ ਸਿਆਸੀ ਪ੍ਰਚਾਰ ਕਾਰਨ ਭਾਈ ਕਰਮ ਸਿੰਘ ਵਿਚ ਵੀ ਦੇਸ਼ ਨੂੰ ਹਥਿਆਰਬੰਦ ਘੋਲ ਰਾਹੀਂ ਆਜ਼ਾਦ ਕਰਾਉਣ ਦੀ ਚੇਤਨਾ ਜਾਗੀ। ਅਪ੍ਰੈਲ 1913 ਵਿਚ ਜਦੋਂ ਗਦਰ ਪਾਰਟੀ ਬਣੀ ਤਾਂ ਭਾਈ ਕਰਮ ਸਿੰਘ ਵੀ ਇਸ ਦੇ ਮੈਂਬਰ ਬਣ ਗਏ। ਗਦਰ ਪਾਰਟੀ ਦੇ ਸੱਦੇ 'ਤੇ 1914 ਵਿਚ ਹਿੰਦੁਸਤਾਨ ਚਲੇ ਗਏ ਅਤੇ ਉਥੇ ਪਹੁੰਚਣ 'ਤੇ ਗ੍ਰਿਫਤਾਰ ਕਰ ਲਿਆ ਗਿਆ, ਉਪਰੰਤ ਪਿੰਡ ਲਿਜਾ ਕੇ ਜੂਹਬੰਦ ਕਰ ਦਿੱਤੇ ਗਏ। ਜੂਹਬੰਦੀ ਦੀ ਇਹ ਪਾਬੰਦੀ ਸੰਨ 1918 ਤੱਕ ਲੱਗੀ ਰਹੀ। ਜੂਹਬੰਦੀ ਖਤਮ ਹੁੰਦੇ ਸਾਰ ਭਾਈ ਕਰਮ ਸਿੰਘ ਸਿਆਸੀ ਤੌਰ 'ਤੇ ਫਿਰ ਸਰਗਰਮ ਹੋ ਗਏ।

ਮਹੰਤ ਨਰੈਣਦਾਸ ਨੇ 21 ਫਰਵਰੀ 1921 ਨੂੰ ਨਨਕਾਣਾ ਸਾਹਿਬ ਵਿਖੇ ਸੌ ਤੋਂ ਵੱਧ ਸਿੱਖ ਸ਼ਹੀਦ ਕਰ ਦਿੱਤੇ, ਜਿਸ ਕਾਰਨ ਸਿੱਖਾਂ ਵਿਚ ਗੁੱਸਾ ਭੜਕ ਉਠਿਆ। ਭਾਈ ਕਰਮ ਸਿੰਘ ਨੇ ਕੈਨੇਡਾ ਤੋਂ ਪਰਤੇ ਆਪਣੇ ਮਿੱਤਰ ਆਸਾ ਸਿੰਘ ਭੁੜਕਦੀ ਨਾਲ ਨਨਕਾਣਾ ਸਾਹਿਬ ਜਾ ਕੇ ਅੰਮ੍ਰਿਤ ਛਕਿਆ। ਅੰਮ੍ਰਿਤ ਛਕਣ ਪਿੱਛੋਂ ਆਪ ਦਾ ਨਾਮ ਨਰਾਇਣ ਸਿੰਘ ਤੋਂ ਬਦਲ ਕੇ ਕਰਮ ਸਿੰਘ ਰੱਖਿਆ ਗਿਆ। ਨਨਕਾਣਾ ਸਾਹਿਬ ਤੋਂ ਆ ਕੇ ਆਪ ਅਕਾਲੀਆਂ ਵੱਲੋਂ ਚਲਾਈ ਗੁਰਦੁਆਰਾ ਸੁਧਾਰ ਲਹਿਰ ਵਿਚ ਸਰਗਰਮੀ ਨਾਲ ਹਿੱਸਾ ਲੈਣ ਲੱਗੇ। ਕੁਰੱਪਟ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਾਉਣ ਲਈ ਸ਼ਾਂਤਮਈ ਅੰਦੋਲਨ ਕਰ ਰਹੇ ਅਕਾਲੀਆਂ ਉਤੇ ਪੁਲਿਸ ਬੇਤਹਾਸ਼ਾ ਤਸ਼ਦੱਦ ਕਰਦੀ, ਜਿਸ ਨੂੰ ਉਹ ਚੁਪਚਾਪ ਸਹਿਣ ਕਰਦੇ। ਕਿਸ਼ਨ ਸਿੰਘ ਗੜਗੱਜ ਅਤੇ ਮੋਤਾ ਸਿੰਘ ਪਤਾਰਾ ਵਰਗੇ ਜੋਸ਼ੀਲੇ ਸਿੱਖਾਂ ਨੇ 1921 ਵਿਚ ਹੁਸ਼ਿਆਰਪੁਰ 'ਚ ਮੀਟਿੰਗ ਕਰਕੇ ਹਥਿਆਰਬੰਦ ਬਗਾਵਤ ਕਰਨ ਲਈ 'ਚੱਕਰਵਰਤੀ' ਜਥਾ ਬਣਾ ਲਿਆ। ਭਾਈ ਕਰਮ ਸਿੰਘ ਨੇ ਆਪਣੇ ਕੈਨੇਡਾ ਤੋਂ ਪਰਤੇ ਸਾਥੀਆਂ ਨਾਲ ਰਲ ਕੇ ਵੱਖਰਾ ਜਥਾ ਬਣਾ ਲਿਆ ਅਤੇ 'ਬੱਬਰ ਅਕਾਲੀ' ਨਾਂ ਦਾ ਪਰਚਾ ਕੱਢਿਆ। ਇਸ ਤੋਂ ਪ੍ਰਭਾਵਤ ਹੋ ਕੇ ਕਿਸ਼ਨ ਸਿੰਘ ਗੜਗੱਜ ਨੇ ਆਪਣੇ ਜਥੇ ਨੂੰ ਵੀ ਭਾਈ ਕਰਮ ਸਿੰਘ ਦੇ ਜਥੇ ਨਾਲ ਮਿਲਾ ਲਿਆ ਅਤੇ ਜਥੇ ਦਾ ਨਾਂ 'ਬੱਬਰ ਅਕਾਲੀ' ਰੱਖ ਕੇ ਇਕੱਠਿਆਂ ਸੰਘਰਸ਼ ਸ਼ੁਰੂ ਕਰ ਦਿੱਤਾ। 8 ਅਗਸਤ 1923 ਨੂੰ ਕਪੂਰਥਲਾ ਦੇ ਬਬੇਲੀ ਪਿੰਡ ਵਿਚ ਆਪਣੇ ਹੀ ਇੱਕ ਸਾਥੀ ਅਨੂਪ ਸਿੰਘ ਦੀ ਮੁਖਬਰੀ 'ਤੇ, ਜੋ ਬਹਾਨਾ ਬਣਾ ਕੇ ਉਸੇ ਪਿੰਡ ਵਿਚ ਇੱਕ ਅਲੱਗ ਘਰ ਵਿਚ ਠਹਿਰਿਆ ਸੀ, ਭਾਈ ਕਰਮ ਸਿੰਘ ਅਤੇ ਉਸ ਦੇ ਸਾਥੀਆਂ ਉਦੇ ਸਿੰਘ ਰਾਮਗੜ੍ਹ ਝੁੰਗੀਆਂ, ਬਿਸ਼ਨ ਸਿੰਘ ਮਾਂਗਟਾਂ, ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ ਦੇ ਜਥੇ ਨੂੰ ਫੜਨ ਲਈ ਪੁਲਿਸ ਨੇ ਪਿੰਡ ਨੂੰ ਘੇਰਾ ਪਾ ਲਿਆ। ਪਿੰਡ ਨੂੰ ਨੁਕਸਾਨ ਤੋਂ ਬਚਾਉਣ ਲਈ ਜਥੇ ਨੇ ਪਿੰਡੋਂ ਬਾਹਰ ਜਾ ਕੇ ਲੜਨ ਦਾ ਫੈਸਲਾ ਕੀਤਾ। ਬੱਬਰਾਂ ਨੇ ਕਿਰਪਾਨਾਂ ਸੂਤ ਕੇ ਜੈਕਾਰਾ ਛੱਡਿਆ ਅਤੇ ਪੁਲਿਸ ਦੀ ਟੁਕੜੀ 'ਤੇ ਹਮਲਾ ਕਰ ਦਿੱਤਾ। ਚੋਅ ਵਿਚੋਂ ਦੀ ਗੁਰਦੁਆਰਾ ਚੌਂਤਾ ਸਾਹਿਬ ਵੱਲ ਜਾਂਦਿਆਂ ਬੱਬਰ ਮਹਿੰਦਰ ਸਿੰਘ, ਉਦੇ ਸਿੰਘ ਅਤੇ ਬਿਸ਼ਨ ਸਿੰਘ ਸ਼ਹੀਦ ਹੋ ਗਏ। ਭਾਈ ਕਰਮ ਸਿੰਘ ਕੰਢੇ ਤੋਂ ਥੋੜੀ ਦੂਰ, ਇੱਕ ਹੱਥ ਵਿਚ ਕਿਰਪਾਨ ਅਤੇ ਦੂਸਰੇ ਵਿਚ ਬੰਦੂਕ ਫੜੀ ਗੋਡੇ ਗੋਡੇ ਪਾਣੀ ਵਿਚ ਖੜ੍ਹੇ ਸਨ। ਸਬ ਇੰਸਪੈਕਟਰ ਫਤਿਹ ਖਾਨ ਨੇ ਹਥਿਆਰ ਸੁੱਟਣ ਲਈ ਕਿਹਾ ਤਾਂ ਭਾਈ ਸਾਹਿਬ ਨੇ ਗਰਜਵੀਂ ਆਵਾਜ਼ ਵਿਚ ਜਵਾਬ ਦਿੱਤਾ, "ਸਿੱਖ ਮੈਦਾਨੇ ਜੰਗ ਵਿਚ ਹਥਿਆਰ ਨਹੀਂ ਸੁੱਟਿਆ ਕਰਦਾ। ਮੈਂ ਜਿਉਂਦਾ ਹਥਿਆਰ ਨਹੀਂ ਸੁੱਟਾਂਗਾ।" ਭਾਈ ਸਾਹਿਬ ਨੇ ਫਤਿਹ ਖਾਨ 'ਤੇ ਗੋਲੀ ਚਲਾਈ ਪਰ ਉਹ ਬਚ ਗਿਆ। ਫਤਿਹ ਖਾਨ ਨੇ ਭਾਈ ਸਾਹਿਬ ਦੇ ਮੱਥੇ ਵਿਚ ਗੋਲੀ ਮਾਰੀ ਅਤੇ ਭਾਈ ਸਾਹਿਬ ਸ਼ਹੀਦ ਹੋ ਗਏ। ਭਾਈ ਸਾਹਿਬ ਕਵਿਤਾ ਵੀ ਲਿਖਦੇ ਸੀ,

**'ਕਰਮ ਸਿੰਘ' ਕਰਤਾਰ ਦੀ ਓਟ ਲੈ ਕੇ, ਹੁਣ ਜ਼ਾਲਮਾਂ ਵੰਡੀਆਂ ਪਾ ਭਾਈ।**

**-ਡਾ. ਗੁਰਨਾਮ ਕੌਰ, ਕੈਨੇਡਾ**

# ਸਿੱਖ ਰਾਜ ਕਿਵੇਂ ਗਿਆ...?

ਲਿਖਤ : ਗਿ. ਸੋਹਣ ਸਿੰਘ ਸੀਤਲ

ਲੜੀਵਾਰ ਕਿਸ਼ਤ - 41


ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

## ਅੰਗਰੇਜ਼ ਲਾਹੌਰ ਪੁੱਜੇ

20 ਫ਼ਰਵਰੀ ਨੂੰ ਅੰਗਰੇਜ਼ ਲਾਹੌਰ ਜਾ ਪੁੱਜੇ ਅਗਲੇ ਦਿਨ ਲਾਰਡ ਹਾਰਡਿੰਗ ਨੇ ਦਲੀਪ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਗੱਦੀ ੋਤੇ ਬਿਠਾਇਆ ਤੇ ਐਲਾਨ ਕੀਤਾ, ਕਿ ਦਲੀਪ ਸਿੰਘ ਪੰਜਾਬ ਦਾ 'ਮਹਾਰਾਜਾ" ਰਹੇਗਾ।

ਏਸ ਸਾਰੇ ਰੰਗ ਢੰਗ ਤੋਂ ਪੰਜਾਬ ਵਾਸੀ ਸਮਝ ਰਹੇ ਸਨ, ਕਿ ਹੁਣ ਪਹਿਲਾਂ ਵਰਗਾ ਪੰਜਾਬ ਨਹੀਂ ਰਿਹਾ। ੨੯ ਫਰਵਰੀ ਨੂੰ ਹਾਰਡਿੰਗ ਨੇ ਇਕ ਆਮ ਦਰਬਾਰ ਕੀਤਾ, ਜਿਸ ਵਿਚ ਲਾਲ ਸਿੰਘ 'ਮਿਸਰ' ਪੰਜਾਬ ਦਾ 'ਵਜ਼ੀਰੋ ਤੇ ਤੇਜ ਸਿੰਘ 'ਸੈਨਾਪਤੀ ਬਣਾਏ ਗਏ ਤੇ ਹੋਣ ਵਾਲੀ ਸੁਲ੍ਹਾ ਦੀਆਂ ਮੋਟੀਆਂ ਮੋਟੀਆਂ ਸ਼ਰਤਾਂ ਦਾ ਵੀ ਐਲਾਨ ਕੀਤਾ।

ਰਾਜਾ ਗੁਲਾਬ ਸਿੰਘ ਲਾਹੌਰ ਦਾ ਵਜ਼ੀਰ ਬਣਨ ਲਈ ਚਰੋਕਣੀ ਆਸ ਲਾਈ ਬੈਠਾ ਸੀ। ਉਹ ਕਿਵੇਂ ਸਹਾਰ ਸਕਦਾ ਸੀ, ਕਿ ਲਾਲ ਸਿੰਘ ਵਜ਼ਾਰਤ ਸੰਭਾਲ ਬਹੇ। ਉਹਨੇ (ਗੁਲਾਬ ਸਿੰਘ ਨੇ) ਹਾਰਡਿੰਗ ਨੂੰ ਸਾਫ਼ ਕਹਿ ਦਿੱਤਾ, ਕਿ ਸਭਰਾਵਾਂ ਦੇ ਜੰਗ ਵਿਚ ਖ਼ਾਲਸਾ ਫ਼ੌਜ ਨੂੰ ਮਰਵਾਉਣ ਬਦਲੋ, ਉਸਨੂੰ ਕੁਛ ਮਿਲਣਾ ਚਾਹੀਦਾ ਹੈ। ਨਾਲ ਹੀ ਉਹਨੇ ਇਹ ਵੀ ਕਿਹਾ, 'ਜੇ ਮੈਂ ਲੜਾਈ ਲੰਮੀ ਕਰ ਦੇਂਦਾ, ਤਾਂ ਇਸਦਾ ਨਤੀਜਾ ਕੁਝ ਹੋਰ ਹੀ ਹੁੰਦਾ। ਜੇ ਮੈਂ ਆਪ ਹੀ, ਮਰਜ਼ੀ ਨਾਲ, ਜਾਲ ਵਿਛਾ ਕੇ ਉਸ ਵਿਚ ਕੈਦ ਨਾ ਹੋ ਜਾਂਦਾ ਤੇ ਖ਼ਾਲਸਾ ਫ਼ੌਜ ਨੂੰ ਖਿਲਾਰ ਦੇਂਦਾ ਤਾਂ ਉਹ ਫ਼ਿਰੋਜ਼ਪੁਰ ਤੇ ਦਿੱਲੀ ਵਿਚ ਪਰਲੋ ਲਿਆ ਦੇਂਦੀ" ਉਸਨੂੰ ਨਾਰਾਜ਼ ਵੇਖਕੇ ਹਾਰਡਿੰਗ ਵੀ ਘਬਰਾ ਗਿਆ। ਉਹ ਗੁਲਾਬ ਸਿੰਘ ਦੀ ਕਾਬਲੀਅਤ ਨੂੰ ਜਾਣਦਾ ਸੀ ਤੇ ਇਹ ਵੀ ਜਾਣਦਾ ਸੀ, ਕਿ ਜੇ ਕੋਈ ਏਹੋ ਜਿਹਾ ਆਦਮੀ ਅੰਮ੍ਰਿਤਸਰ ਵਾਲੀ ਫ਼ੌਜ ਨਾਲ ਜਾ ਮਿਲੇ, ਤਾਂ ਅੰਗਰੇਜ਼ਾਂ ਵਾਸਤੇ ਚੰਗਾ ਨਹੀਂ ਹੋਵੇਗਾ। ਸੋ ਹਾਰਡਿੰਗ ਨੇ ਗੁਲਾਬ ਸਿੰਘ ਨਾਲ ਇਕਰਾਰ ਕੀਤਾ, ਕਿ ਉਸਨੂੰ ਕਸ਼ਮੀਰ ਦਾ ਖ਼ੁਦਮੁਖ਼ਤਿਆਰ ਮਹਾਰਾਜਾ ਬਣਾ ਦਿੱਤਾ ਜਾਵੇਗਾ।



## ਪਹਿਲੀ ਸੁਲ੍ਹਾ

ਸਰਕਾਰ ਅੰਗਰੇਜ਼ੀ ਤੇ ਲਾਹੌਰ ਦਰਬਾਰ ਵਿਚ ਸੁਲ੍ਹਾ, ਲਾਹੌਰ, 9 ਮਾਰਚ, 1846 ਈ। "ਸੁਲ੍ਹਾ, ਜੋ ਮਹਾਰਾਜਾ ਰਣਜੀਤ ਸਿੰਘ ਵਾਲੀਏ ਲਾਹੌਰ ਤੇ ਸਰਕਾਰ ਅੰਗਰੇਜ਼ੀ ਵਿਚ 1809ਈ. ਨੂੰ ਹੋਈ ਸੀ, ਸਿੱਖ ਫ਼ੌਜ ਦੇ ਹਮਲੇ ਕਾਰਨ, ਜੋ ਉਸਨੇ ਬਿਨਾਂ ਕਿਸੇ ਵਜ੍ਹਾ ਦੇ ਪਿਛਲੇ ਦਸੰਬਰ ਵਿਚ ਅੰਗਰੇਜ਼ੀ ਇਲਾਕੇ ਉੱਤੇ ਕੀਤਾ, ਟੁੱਟ ਗਈ ਹੈ। ਮਹਾਰਾਜਾ ਲਾਹੌਰ ਦੇ ਉਹ ਸਭ ਇਲਾਕੇ, ਜੋ ਸਤਲੁਜ ਦੇ ਖੱਬੇ ਪਾਸੇ ਹਨ, 1 ਦਸੰਬਰ ਦੇ ਐਲਾਨ ਰਾਹੀਂ ਜ਼ਬਤ ਕਰ ਕੇ ਅੰਗਰੇਜ਼ੀ ਰਾਜ ਵਿਚ ਮਿਲਾ ਲਏ ਗਏ। ਉਸ ਸਮੇਂ ਤੋਂ ਲੈ ਦੋਹਾਂ ਸਰਕਾਰਾਂ ਨੇ ਇਕ ਦੂੱਜੇ ਵਿਰੁੱਧ ਹਮਲੇ ਜਾਰੀ ਰੱਖੇ, ਜਿਸ ਦਾ ਸਿੱਟਾ ਸਰਕਾਰ ਅੰਗਰੇਜ਼ੀ ਦਾ ਲਾਹੌਰ ਉਤੇ ਕਬਜ਼ਾ ਹੈ। ਤੇ ਇਸ ਗੱਲ ਦਾ ਫ਼ੈਸਲਾ ਹੋਇਆ ਹੈ, ਕਿ ਦੋਹਾਂ ਸਰਕਾਰਾਂ ਵਿਚ ਅਮਨ ਕਾਇਮ ਰੱਖਣ ਬਦਲੇ ਕੁਛ ਸ਼ਰਤਾਂ ਉੱਤੇ ਸੁਲ੍ਹਾ ਕੀਤੀ ਜਾਵੇ। ਇਹ ਸੁਲ੍ਹਾ ਨਾਮਾ ਮਹਾਰਾਜਾ ਦਲੀਪ ਸਿੰਘ ਤੇ ਉਹਦੇ ਵਾਰਸਾਂ, ਤੇ ਆਨਰੇਬਲ ਈਸਟ ਇੰਡੀਆ ਕੰਪਨੀ ਵਿੱਚ ਲਿਖਿਆ ਗਿਆ ਹੈ। ਕੰਪਨੀ ਵੱਲੋਂ ਫਰੈਡਰਿਕ ਕਰੀ, ਹੈਨਰੀ ਮਿੰਟਗੁਮਰੀ ਲਾਰੰਸ, ਜਿੰਨ੍ਹਾਂ ਨੂੰ ਗਵਰਨਰ-ਜੈਨਰਲ ਹੈਨਰੀ ਹਾਰਡਿੰਗ ਨੇ ਪੂਰੇ ਅਖ਼ਤਿਆਰ ਦਿੱਤੇ ਹਨ, ਤੇ ਮਹਾਰਾਜਾ ਦਲੀਪ ਸਿੰਘ ਵੱਲੋਂ ਭਾਈ ਰਾਮ ਸਿੰਘ, ਰਾਜਾ ਲਾਲ ਸਿੰਘ, ਸ: ਤੇਜ ਸਿੰਘ, ਸ: ਚਤਰ ਸਿੰਘ ਅਟਾਰੀਵਾਲਾ, ਸ: ਰਣਜੋਰ ਸਿੰਘ ਮਜੀਠਾ, ਦੀਵਾਨ ਦੀਨਾ ਨਾਥ ਤੇ ਫ਼ਕੀਰ ਨੂਰ ਦੀਨ, ਜਿੰਨ੍ਹਾਂ ਨੂੰ 'ਮਹਾਰਾਜੇ' ਵੱਲੋਂ ਪੂਰੇ ਅਖ਼ਤਿਆਰ ਹਨ।

1. ਇਕ ਪਾਸੇ ਸਰਕਾਰ ਅੰਗਰੇਜ਼ੀ ਤੇ ਦੂਜੇ ਪਾਸੇ ਮਹਾਰਾਜਾ ਦਲੀਪ ਸਿੰਘ, ਉਸਦੇ ਵਾਰਸ ਤੇ ਹੱਕਦਾਰਾਂ ਵਿਚ ਸਦਾ ਅਮਨ ਤੇ ਦੋਸਤੀ ਰਹੇਗੀ।

2. ਲਾਹੌਰ ਦਾ ਮਹਾਰਾਜਾ ਉਸ ਸਾਰੇ ਇਲਾਕੇ ਤੋਂ, ਜੋ ਸਤਲੁਜ ਦੇ ਦੱਖਣ ਵੱਲ ਹੈ, ਆਪਣੇ, ਆਪਣੇ ਵਾਰਸਾਂ ਤੇ ਹੱਕਦਾਰਾਂ ਦੇ ਸਾਰੇ ਹੱਕ ਤਿਆਗਦਾ ਹੈ।

3. ਮਹਾਰਾਜਾ ਦਲੀਪ ਸਿੰਘ ਆਪਣੇ ਸਾਰੇ ਕਿਲ੍ਹੇ, ਇਲਾਕੇ, ਮੈਦਾਨ ਤੇ ਪਹਾੜ ਜੋ ਦੁਆਬੇ, ਭਾਵ ਦਰਿਆ ਬਿਆਸ ਤੇ ਸਤਲੁਜ ਦੇ ਵਿਚ ਹਨ, ਦੇ ਸਭ ਰਾਜਸੀ ਹੱਕ ਕੰਪਨੀ ਦੇ ਹਵਾਲੇ ਕਰਦਾ ਹੈ।

4. ਸਰਕਾਰ ਅੰਗਰੇਜ਼ੀ ਡੂਢ ਕਰੋੜ ਰੁਪਿਆ-ਬਰਤ ਨੰਬਰ । ਦੇ ਇਲਾਕੇ, ਜੋ ਲਾਹੌਰ ਨੇ ਅੰਗਰੇਜ਼ਾਂ ਨੂੰ ਦਿੱਤੇ ਹਨ-ਤੋਂ ਵੱਖਰਾ ਹਰਜਾਨਾ ਤੇ ਲੜਾਈ ਦਾ ਖ਼ਰਚ ਲਾਹੌਰ ਸਰਕਾਰ ਦੇ ਸਿਰ ਪਾਉਂਦੀ ਹੈ। ਕਿਉਂਕਿ ਲਾਹੌਰ ਦਰਬਾਰ ਏਨਾ ਰੁਪਇਆ ਦੇ ਨਹੀਂ ਸਕਦਾ ਤੇ ਨਾ ਹੀ ਇਸ ਰੁਪਏ ਬਦਲੇ ਕੋਈ ਜ਼ਾਮਨ ਦੇਂਦਾ ਹੈ, ਇਸ ਵਾਸਤੇ ਮਹਾਰਾਜਾ ਇਕ ਕਰੋੜ ਰੁਪਏ ਬਦਲੇ ਕੰਪਨੀ ਨੂੰ ਉਹ ਸਾਰੇ ਇਲਾਕੇ, ਕਿਲ੍ਹੇ ਤੇ ਉਹਨਾਂ ਦੇ ਹੱਕ, ਜੋ ਦਰਿਆ ਬਿਆਸ ਤੇ ਸਿੰਧ ਵਿਚ ਪਹਾੜੀ ਇਲਾਕਾ ਹੈ, ਜਿਸ ਵਿਚ ਕਸ਼ਮੀਰ ਤੇ ਹਜ਼ਾਰੇ ਦੇ ਸੂਬੇ ਸ਼ਾਮਲ ਹਨ, ਦੇਂਦਾ ਹੈ।

5. ਮਹਾਰਾਜਾ ਕੰਪਨੀ ਨੂੰ ੫੦ ਲੱਖ ਰੁਪਏ ਇਸ ਸੁਲ੍ਹਾ ਦੇ ਪੱਕੇ ਹੋਣ ਤੋਂ ਪਹਿਲਾਂ ਜਾਂ ਉਸ ਸਮੇਂ ਦੇਵੇਗਾ।

6. ਮਹਾਰਾਜਾ ਆਪਣੀ ਸਾਰੀ ਬਾਗ਼ੀ ਫ਼ੌਜ ਨੂੰ ਕੱਢ ਦੇਵੇਗਾ ਤੇ ਉਸ ਤੋਂ ਹਥਿਆਰ ਖੋਹ ਲਵੇਗਾ ਤੇ ਮਹਾਰਾਜਾ ਨਵੇਂ ਸਿਰਿਓਂ ਉਹਨਾਂ ਅਸੂਲਾਂ ਅਨੁਸਾਰ, ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਚਾਲੂ ਸਨ, ਨਵੀਂ ਤਨਖ਼ਾਹਦਾਰ ਫ਼ੌਜ ਭਰਤੀ ਕਰੇਗਾ। ਜਿਹੜੀ ਫ਼ੌਜ ਇਸ ਸ਼ਰਤ ਅਨੁਸਾਰ ਕੱਢੀ ਜਾਵੇਗੀ, ਮਹਾਰਾਜਾ ਉਸਦਾ ਸਾਰਾ ਹਿਸਾਬ ਮੁਕਾ ਦੇਵੇਗਾ।

☛ ਬਾਕੀ ਅਗਲੇ ਅੰਕ ਵਿੱਚ


BHULLAR
EXCAVATING AND DEMOLITION



- Excavating
- Laneway Homes
- Landscaping Service
- Demolition of Garage
- Backfill
- Driveways
- Lot Grading
- Sand and Gravel
- Drain Tile (New and old House)
- Ditch Digging & Cleaning
- Concrete Breaking

LAND CLEANING
WATER & SEWER LINES
FULLY INSURED AND LICENSED

We do townhouses
Quality work Reasonable rate
Fast & friendly Service

We Fix All Leaky Basement & Drainage Problems



Vicky Bhullar
778-681-8200



Pavi Bhullar
647-667-9242



Bill Bhulllar
778-891-4556



Jassi Bhullar
604-441-7118



Balraj Bhullar

# ਸ਼ਬਦ-ਗੁਰੂ ਤੋਂ ਸ਼ਹੀਦੀਆਂ ਦਾ ਸਫ਼ਰ



ਲਿਖਤ

ਬੁੱਧ ਸਿੰਘ ਨੀਲੋਂ
94643-70823

ਸ਼ਬਦ ਮਨੁੱਖ ਦਾ ਮੁੱਢ ਕਦੀਮੀ ਹਮਸਫ਼ਰ ਹੈ। ਸ਼ਬਦ ਮਨੁੱਖ ਨੂੰ ਜੋੜਦਾ ਵੀ ਹੈ ਤੇ ਰੋਲਦਾ ਵੀ ਹੈ। ਅਕਸਰ ਬਿਨਾਂ ਸੋਚੇ ਵਿਚਾਰੇ ਬੋਲੇ ਸ਼ਬਦਾਂ ਕਾਰਨ ਲੈਣੇ ਦੇ ਦੇਣੇ ਵੀ ਪੈ ਜਾਂਦੇ ਹਨ:

ਗੱਲ ਕਹੇ 'ਤੂੰ ਮੈਨੂੰ ਮੂਹੋਂ ਕੱਢ
ਮੈਂ ਤੈਨੂੰ ਪਿੰਡੋਂ ਕੱਢਦੀ ਆਂ'

ਸ਼ਬਦ ਮਨੁੱਖ ਦਾ ਹਮਸਫ਼ਰ ਕਦੋਂ ਤੇ ਕਿਵੇਂ ਬਣਿਆ, ਇਸਦੀ ਇਤਹਾਸਕ ਗਵਾਹੀ ਪੱਥਰਾਂ ਤੇ ਉਕਰੇ ਹਰਫ਼ਾਂ ਅਤੇ ਚਿੜੀ ਜਨੌਰਾਂ ਦੇ ਰੇਖਾ ਚਿੱਤਰਾਂ ਤੋਂ ਮਿਲਦੀ ਹੈ। ਸ਼ਬਦ ਮੂੰਹ ਜ਼ੁਬਾਨੀ, ਪੱਥਰਾਂ, ਭੋਜ ਪੱਤਰਾਂ ਅਤੇ ਕਾਗਜ਼ਾਂ ਤੋਂ ਹੁੰਦਾ ਹੋਇਆ ਹੁਣ ਇੰਟਰਨੈੱਟ ਤੀਕ ਆਣ ਪਹੁੰਚਿਆ ਹੈ। ਸ਼ਬਦ ਮਨੁੱਖੀ ਚੇਤਨਾ ਦਾ ਆਦਿ ਜੁਗਾਦੀ ਭਾਈਵਾਲ ਹੈ। ਇਸ ਕਰਕੇ ਸ਼ਬਦ ਦੀ ਅਹਿਮੀਅਤ ਦੇ ਜਾਣਕਾਰ ਇਸ ਨੂੰ ਆਪਣਾ ਗੁਰੂ ਮੰਨਦੇ ਹਨ। ਇਸ ਗਿਆਨ ਗੁਰੂ ਸਦਕਾ ਹੀ ਸਾਡੇ ੩੫ ਮਹਾਂਪੁਰਖ ਅਮਰ ਹੋ ਗਏ ਹਨ। ਸ਼ਬਦ ਉਸਤੋਂ ਪਿੱਠ ਮੋੜ ਲੈਣ ਵਾਲਿਆਂ ਵੱਲੋਂ ਪਿੱਠ ਨਹੀਂ ਮੋੜਦਾ, ਸਗੋਂ ਉਹਨਾਂ ਲਈ ਸਦਾ ਰਾਹ ਦਸੇਰਾ ਬਣਿਆ ਰਹਿੰਦਾ ਹੈ। ਸ਼ਬਦ ਦੀਆਂ ਬਾਰੀਕੀਆਂ ਦਾ ਗਿਆਨ ਜਿਸ ਨੂੰ ਹੋ ਜਾਂਦਾ ਹੈ ਉਹ ਉੱਤਮ ਪਦਵੀ ਹਾਸਲ ਕਰ ਲੈਂਦਾ ਹੈ। ਜਦੋਂ ਕਿਸੇ ਨੂੰ ਸ਼ਬਦ ਦੀ ਅੰਤਰੀਵ ਭਾਵਨਾ ਦੀ ਸਮਝ ਪੈ ਜਾਂਦੀ ਹੈ ਤਾਂ ਉਹ ਉਸਦਾ ਮੁਰੀਦ ਬਣ ਜਾਂਦਾ ਹੈ।

ਸੰਸਾਰ ਰਚਨਾ ਦੇ ਵਿਕਾਸ ਦੇ ਲੰਮੇ ਸਫ਼ਰ ਦੌਰਾਨ ਇਹ ਸ਼ਬਦ ਕਿਵੇਂ ਮਨੁੱਖੀ ਚੇਤਨਾ ਦਾ ਅਟੁੱਟ ਅੰਗ ਬਣੇ, ਇਹ ਖੋਜ ਦਾ ਵਿਸ਼ਾ ਹੈ। ਆਪਾਂ ਗੱਲ 'ਸ਼ਬਦ ਗੁਰੂ ਤੋਂ ਤੱਤੀ ਤਵੀ' ਦੀ ਕਰਨੀ ਹੈ।

ਸ਼ਬਦ ਤੇ ਆਪਣੀ ਇਜਾਰੇਦਾਰੀ ਦਾ ਦਾਅਵਾ ਸਭ ਤੋਂ ਪਹਿਲਾਂ ਉਹਨਾਂ ਲੋਕਾਂ ਵੱਲੋਂ ਕੀਤਾ ਗਿਆ ਜਿਹਨਾਂ ਨੂੰ ਸਮਾਜ ਵਿੱਚ ਸਰਬ ਉੱਚ ਹੋਣ ਦਾ ਭਰਮ ਹੋ ਗਿਆ ਸੀ। ਉਹਨਾਂ ਨੇ ਜੋੜਤੋੜ ਨਾਲ ਸ਼ਬਦ ਦੁਆਲੇ ਵਿਆਕਰਨ ਦੇ ਨਾਂ ਤੇ ਅਜਿਹੀ ਕਿਲ੍ਹੇਬੰਦੀ ਕੀਤੀ ਕਿ ਇਹ ਕਿਸੇ ਦੇ ਸਮਝ ਹੀ ਨਾ ਆਵੇ। ਸ਼ਬਦ ਨੂੰ ਦੂਜਿਆਂ ਦੇ ਕੰਨਾਂ ਤੱਕ ਪਹੁੰਚਣ ਤੋਂ ਰੋਕਣ ਲਈ ਉਹਨਾਂ ਨੇ ਆਪਣੇ ਤੋਂ ਨੀਵੇਂ ਮਿਥ ਲਏ ਗਏ ਲੋਕਾਂ ਦੇ ਕੰਨਾਂ ਵਿੱਚ ਸਿੱਕਾ ਢਾਲਕੇ ਪਾਉਣ ਦਾ ਘਟੀਆ ਕਾਨੂੰਨ ਬਣਾ ਧਰਿਆ ਤਾਂ ਕਿ ਉਹਨਾਂ ਦਾ ਲਿਖਿਆ ਨਾ ਕੋਈ ਪੜ੍ਹ ਤੇ ਨਾ ਸੁਣ ਸਕੇ। ਮੂੰਹ 'ਤੇ ਵੀ ਛਿਕਲੀਆਂ ਬੰਨ੍ਹ ਦਿੱਤੀਆਂ ਸਨ ਕਿ ਉਹ ਕੁਝ ਬੋਲ ਵੀ ਨਾ ਸਕਣ। ਪਰ ਉਹ ਲੋਕ ਮੁਗਾਲਤੇ ਵਿਚ ਸਨ ਕਿਉਂਕਿ ਸ਼ਬਦਾਂ ਨੂੰ ਹਮੇਸ਼ਾ ਕੈਦ ਵਿੱਚ ਨਹੀਂ ਰੱਖਿਆ ਜਾ ਸਕਦਾ। ਉਹ ਰੂਪ ਵਟਾ ਕੇ ਫਿਰ ਪ੍ਰਗਟ ਹੋ ਜਾਂਦੇ ਹਨ। ਸਾਡੇ ਮਹਾਨ ਗੁਰੂਆਂ, ਭਗਤਾਂ, ਪੀਰਾਂ, ਫਕੀਰਾਂ ਨੇ ਆਪਣੇ ਨਵੇਂ ਸ਼ਬਦ ਘੜ ਲਏ ਤੇ ਉਹਨਾਂ ਰਾਹੀਂ ਆਪਣੇ ਲੋਕਾਂ ਨੂੰ ਪਖੰਡੀ ਪੁਜਾਰੀਆਂ ਤੇ ਜ਼ਾਲਮ ਹਾਕਮਾਂ ਖਿਲਾਫ਼ ਜਗਾਉਣਾ ਸ਼ੁਰੂ ਕਰ ਦਿੱਤਾ। ਇਸੇ ਕਰਕੇ ਅੱਜ ਅਸੀਂ ਉਹਨਾਂ ਦੇ ਉਚਾਰੇ ਹੋਏ ਸ਼ਬਦਾਂ ਦਾ ਜਾਪ ਨਿੱਤਾਪ੍ਰਤੀ ਕਰਦੇ ਹਾਂ।

ਸ਼ਬਦ ਗੁਰੂ ਦਾ ਗਿਆਨ ਜਦੋਂ ਸਾਡੇ ਮਹਾਨ ੩੫ ਮਹਾਂਪੁਰਖਾਂ ਨੂੰ ਹੋਇਆ ਤਾਂ ਉਹਨਾਂ ਨੇ ਸੱਚ ਨੂੰ ਆਧਾਰ ਬਣਾ ਕੇ ਨਸਲਵਾਦੀ ਪੁਜਾਰੀ ਵੱਲੋਂ ਕੈਦ ਕੀਤੀ ਨਕਲੀ ਤੇ ਔਖੀ ਸ਼ਬਦਾਵਲੀ ਦੀ ਥਾਂ ਆਮ ਲੋਕਾਂ ਵੱਲੋਂ ਵਰਤੇ ਜਾਂਦੇ ਸੌਖੇ ਸ਼ਬਦਾਂ ਵਿਚ ਬਾਣੀ ਉਚਾਰਨੀ ਸ਼ੁਰੂ ਕਰ ਦਿੱਤੀ। ਹੁਣ ਜਦੋਂ ਅਸੀਂ ਸ਼ਬਦ ਗੁਰੂ ਦੀ ਗੱਲ ਕਰਦੇ ਹਾਂ ਤਾਂ ਸਾਡਾ ਇਸ਼ਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲ ਹੁੰਦਾ ਹੈ। ਗੁਰੂ ਸਾਹਿਬਾਨ ਨੇ ਜਿੱਥੇ ਆਪਣੇ ਸਮਾਜ ਵਿਚ ਫੈਲੀਆਂ ਕੁਰੀਤੀਆਂ ਬਾਰੇ ਲੋਕਾਂ ਨੂੰ ਆਗਾਹ ਕੀਤਾ ਉਥੇ ਪੌਣ ਨੂੰ ਗੁਰੂ,ਪਾਣੀ ਨੂੰ ਪਿਤਾ ਅਤੇ ਸਾਡੀ ਇਸ ਧਰਤੀ ਨੂੰ ਮਾਤਾ ਦਾ ਦਰਜਾ ਦੇਕੇ ਮਨੁੱਖ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹਨਾਂ ਦੀ ਸੰਭਾਲ ਕਰਨ ਦਾ ਸੰਦੇਸ਼ ਵੀ ਦੇ ਦਿੱਤਾ।

ਸ਼ਬਦ ਜਦੋਂ ਰਾਗਬੱਧ ਹੋਕੇ ਬ੍ਰਹਿਮੰਡ ਵਿੱਚ ਗੂੰਜਦਾ ਹੈ ਤਾਂ ਮਨੁੱਖ ਦੀ ਚੇਤਨਾ ਨੂੰ ਟੁੰਬਣ ਲਗਦਾ ਹੈ। ਇਸ ਨਾਲ ਜਦੋਂ ਮਨੁੱਖ ਚੇਤੰਨ ਹੋ ਜਾਂਦਾ ਹੈ ਤਾਂ ਉਸਦੀ ਸੁਰਤ ਵਿੱਚ ਗਿਆਨ ਦਾ ਭੰਡਾਰ ਭਰਨ ਲਗਦਾ ਹੈ ਤੇ ਬਹੁਤ ਕੁਝ ਨਵਾਂ ਜੁੜਦਾ ਜਾਂਦਾ ਹੈ। ਗੁਰਬਾਣੀ ਪੜ੍ਹਕੇ ਹੀ ਅਸੀਂ ਜਾਣ ਸਕਦੇ ਹਾਂ ਕਿ ਸੱਚ ਦੇ ਸਿਧਾਂਤ ਨੂੰ ਨਪੇ ਤੁਲੇ ਸ਼ਬਦਾਂ ਰਾਹੀਂ ਪ੍ਰਗਟ ਕਰਨਾ ਹਾਰੀ ਸਾਰੀ ਦੇ ਵੱਸ ਦੀ ਗੱਲ ਨਹੀਂ ਹੈ।



ਗੁਰੂ ਨਾਨਕ ਸਾਹਿਬ ਜੀ ਦੀ ਸੁਰਤ ਵਿੱਚ ਜਦੋਂ ਸ਼ਬਦਾਂ ਦਾ ਹੜ੍ਹ ਆਉਣ ਲਗਦਾ ਤਾਂ ਉਹ ਆਪਣੇ ਬਚਪਨ ਦੇ ਸੰਗੀ ਸਾਥੀ ਭਾਈ ਮਰਦਾਨਾ ਜੀ ਨੂੰ ਨੂੰ ਕਹਿੰਦੇ, ''ਮਰਦਾਨਿਆ ਰਬਾਬ ਛੇੜ, ਬਾਣੀ ਆਈ ਹੈ।'' ਸ਼ਬਦ ਜਦੋਂ ਬਾਣੀ ਬਣਕੇ ਝਰਨੇ ਵਾਂਗੂੰ ਬਾਹਰ ਵਹਿਣ ਲਗਦਾ ਹੈ ਤਾਂ ਬੜਾ ਕੁਝ ਆਪਣੇ ਅੰਦਰ ਸਮੋਅ ਲੈਂਦਾ ਹੈ ਤੇ ਬੜਾ ਕੁਝ ਪਰਗਟ ਵੀ ਕਰ ਦੇਂਦਾ ਹੈ।

ਹੁਣ ਜਦੋਂ ਅਸੀਂ ਸ਼ਬਦ ਗੁਰੂ ਦੀ ਗੱਲ ਕਰਨ ਲਗਦੇ ਹਾਂ ਤਾਂ ਗੁਰੂ ਨਾਨਕ ਪਾਤਸ਼ਾਹ ਜੀ ਦੇ ਉਚਾਰੇ ਸਭ ਤੋਂ ਪਹਿਲੇ ਅੱਖਰ ੧ਓ ਤੇ ਹੀ ਉਲਝ ਜਾਂਦੇ ਹਾਂ ਤੇ ਇਸਦੇ ਸੰਦਰਭ ਅਤੇ ਵਿਆਕਰਨ ਨੂੰ ਸਮਝਣ ਦੀ ਬਜਾਏ, ਨਸਲਾਂ, ਜਾਤਾਂ, ਗੋਤਾਂ ਤੇ ਮਜਹਬਾਂ ਦੇ ਦਾਇਰੇ ਵਿੱਚ ਉਲਝ ਕੇ ਰਹਿ ਜਾਂਦੇ ਹਾਂ। ਇਨ੍ਹਾਂ ਉਲਝਣਾਂ ਕਾਰਨ ਅਸੀਂ ਸ਼ਬਦ ਗੁਰੂ ਦੇ ਨਾਲ ਨਾਲ ਆਪਣੇ ਅੰਦਰੋਂ ਵੀ ਟੁੱਟ ਗਏ ਹਾਂ। ਅੰਦਰੋਂ ਟੁਟਿਆ ਮਨੁੱਖ ਕਦੇ ਵੀ ਸਾਬਤ ਨਹੀਂ ਰਹਿੰਦਾ। ਸ਼ਬਦ ਜਦੋਂ ਤੁਰਦਾ ਹੈ ਤਾਂ ਬਹੁਤ ਕੁਝ ਨਾਲ ਲੈ ਕੇ ਤੁਰਦਾ ਹੈ। ਸ਼ਬਦ ਗੁਰੂ ਬਣ ਕੇ ਜਦੋਂ ਸੰਗਤ,ਪੰਗਤ ਤੇ ਤੱਤੀ ਤਵੀ ਤੀਕ ਪੁੱਜਦਾ ਹੈ ਤਾਂ ਆਪਣੇ ਆਪ ਇੱਕ ਨਵਾਂ ਇਤਿਹਾਸ ਸਾਹਮਣੇ ਆ ਜਾਂਦਾ ਹੈ। ਸ਼ਬਦ ਰਾਹੀਂ ਜਦੋਂ ਸੰਗਤ ਤੇ ਪੰਗਤ ਦਾ ਹੋਕਾ ਦਿੱਤਾ ਗਿਆ ਤਾਂ ਉਹ ਸਮੇਂ ਦੇ ਪਖੰਡੀ ਪੁਜਾਰੀ ਅਤੇ ਜ਼ਾਲਮ ਹਕੂਮਤ ਵਿਰੁਧ ਵਿੱਢਿਆ ਗਿਆ ਇੱਕ ਅਜਿਹਾ ਸੰਘਰਸ਼ ਸੀ ਜਿਸ ਨੂੰ ਸ਼ਬਦ ਦੀ ਸਾਰ ਜਾਨਣ ਵਾਲਾ ਕੋਈ ਬਿਬੇਕ ਬੁੱਧ ਦਾ ਧਾਰਨੀ ਹੀ ਸਮਝ ਸਕਦਾ ਸੀ। ਉਸ ਵੇਲੇ ਸਮਾਜ ਅੰਦਰ ਜਾਤ-ਪਾਤ ਅਤੇ ਉਚ-ਨੀਚ ਦਾ ਬੋਲ ਬਾਲਾ ਸੀ। ਗੁਰੂ ਸ਼ਬਦ ਦਾ ਮਕਸਦ ਸਭ ਨੂੰ ਇੱਕ ਥਾਂ ਇੱਕਠੇ ਕਰਕੇ 'ਸਭੇ ਸਾਂਝੀਵਾਲ ਸਦਾਇਨ ਤੂ ਕਿਸੈ ਨ ਦਿਸੈ ਬਾਹਰਾ ਜੀਉ' ਆਧਾਰਿਤ ਸਮਾਜ ਦੀ ਸਿਰਜਣਾ ਕਰਨੀ ਸੀ ਤਾਂ ਕਿ ਸਭ ਨੂੰ ਅਹਿਸਾਸ ਹੋ ਸਕੇ ਕਿ ਇਸ ਧਰਤੀ ਤੇ ਪੈਦਾ ਹੋਣ ਵਾਲੇ ਸਾਰੇ ਮਨੁੱਖ ਕੁਦਰਤੀ ਨਿਜ਼ਾਮ ਦੇ ਹਿਸਾਬ ਨਾਲ ਬਰਾਬਰ ਹਨ। ਗੁਰੂ ਸਾਹਿਬਾਨ ਨੇ ਮਨੁੱਖੀ ਦੇਹ ਨੂੰ ਸਾਰੇ ਜੀਵਾਂ ਤੋਂ ਉਤਮ ਮੰਨਿਆ ਤੇ ਕਿਹਾ ਕਿ ਹਰ ਮਨੁੱਖ ਵਿੱਚ ਇੱਕ ਅਕਾਲ ਪੁਰਖ ਦੀ ਹੀ ਜੋਤ ਜਗਦੀ ਹੈ। ਦੂਜੇ ਪਾਸੇ ਸਮੇਂ ਦੇ ਸ਼ਾਤਰ ਦਿਮਾਗ ਮਨੁੱਖਾਂ ਨੇ ਅਕਾਲ ਪੁਰਖ ਨੂੰ ਵੀ ਆਪਣੀ ਇਜਾਰੇਦਾਰੀ ਐਲਾਨ ਕੇ ਆਮ ਲੋਕਾਂ ਦੀ ਲੁੱਟ ਦਾ ਜ਼ਰੀਆ ਬਣਾਇਆ ਹੋਇਆ ਸੀ। ਇਸ ਲਈ ਗੁਰੂ ਸਾਹਿਬਾਨ ਨੂੰ ਇਹ ਹੋਕਾ ਦੇਣਾ ਪਿਆ ਸੀ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥ (ਪੰਨਾ ੧੩੪੯)

ਸ਼ਬਦ ਗੁਰੂ ਰਾਹੀਂ ਆਏ ਇਸ ਇਨਕਲਾਬ ਦਾ ਏਨਾ ਅਸਰ ਹੋਇਆ ਕਿ ਕਰਮਕਾਂਡੀ ਧਰਮਾਂ ਦੇ ਪੁਜਾਰੀਆਂ ਨੂੰ ਅਪਣੀ ਹੋਂਦ ਗੁਆਚਦੀ ਜਾਪੀ। ਉਨ੍ਹਾਂ ਨੇ ਹਾਕਮਾਂ ਨਾਲ ਰਲਕੇ ਸ਼ਬਦ ਗੁਰੂ ਦੇ ਮੁੱਦਈਆਂ ਖਿਲਾਫ਼ ਸਾਜ਼ਿਸ਼ਾਂ ਰਚਣੀਆਂ ਸ਼ੁਰੂ ਕਰ ਦਿੱਤੀਆਂ। ਇਸ ਦਾ ਸਿੱਟਾ ਇਹ ਨਿਕਲਿਆ ਕਿ ਮਨੁੱਖੀ ਹਿਰਦਿਆਂ ਨੂੰ ਠਾਰਨ ਵਾਲੀ ਦੇਸ਼ ਭਰ ਦੇ ਮਹਾਂਪੁਰਖਾਂ ਦੀ ਮਿੱਠੀ ਬਾਣੀ ਨੂੰ ਇਕੱਠਾ ਕਰਕੇ ਇਕ ਮਹਾਨ ਗ੍ਰੰਥ ਦਾ ਰੂਪ ਦੇਣ ਵਾਲੇ ਗੁਰੂ ਅਰਜਨ ਪਾਤਸ਼ਾਹ ਨੂੰ ਤੱਤੀ ਤਵੀ ਤੇ ਬੈਠਣਾ ਪੈ ਗਿਆ। ਇਸ ਨਾਲ ਇੱਕ ਮਨੁੱਖੀ ਸਰੀਰ ਤਾਂ ਭਾਂਵੇਂ ਖ਼ਤਮ ਹੋ ਗਿਆ ਪਰ ਸ਼ਬਦ ਗੁਰੂ ਨੂੰ ਮਾਸਾ ਵੀ ਸੇਕ ਨਾ ਲੱਗਾ। ਸਮੇਂ ਦੀ ਹਕੂਮਤ ਨੇ ਕੁਝ ਸਵਾਰਥੀ ਲੋਕਾਂ ਦੀ ਹਉਮੈ ਨੂੰ ਪੱਠੇ ਪਾਉਣ ਖ਼ਾਤਰ ਗ਼ਲਤ ਜਾਣਕਾਰੀਆਂ ਦੇ ਆਧਾਰ ਤੇ ਇਕ ਮਹਾਨ ਸ਼ਖ਼ਸੀਅਤ ਨੂੰ ਤਸੀਹੇ ਦੇਕੇ ਹਮੇਸ਼ਾ ਲਈ ਚੁੱਪ ਕਰਵਾ ਦਿੱਤਾ। ਭਾਰਤ ਦੇ ਇਤਿਹਾਸ ਵਿੱਚ ਪੰਜ ਸਦੀਆਂ ਤੋਂ ਸ਼ਬਦ ਰਾਹੀਂ ਪ੍ਰਚਾਰੀ ਜਾ ਰਹੀ ਭਗਤੀ ਲਹਿਰ ਦੇ ਕਿਸੇ ਪੈਰੋਕਾਰ ਦੀ ਇਹ ਪਹਿਲੀ ਕੁਰਬਾਨੀ ਸੀ। ਇਸ ਸਮੇਂ ਤੱਕ ਸ਼ਬਦ ਨੇ ਏਨਾ ਵਿਕਾਸ ਕਰ ਲਿਆ ਸੀ ਕਿ ਸਦੀਆਂ ਤੋਂ ਹਾਰ ਹੁੱਟ ਕੇ ਸਿਰ ਸੁੱਟੀ ਬੈਠੇ ਲੋਕਾਂ ਨੂੰ ਆਪਣੇ ਜੀਉਂਦੇ ਹੋਣ ਦਾ ਅਹਿਸਾਸ ਹੋਣ ਲੱਗ ਗਿਆ ਤੇ ਓਹ ਸੋਚਣ ਲੱਗ ਪਏ ਕਿ ਸ਼ਬਦ ਗੁਰੂ ਨੂੰ ਬਚਾਉਣ ਲਈ ਵਾਰ ਵਾਰ ਤੱਤੀ ਤਵੀ ਤੇ ਬੈਠਣ ਨਾਲੋਂ ਤੇਗ ਉਠਾਕੇ ਦੁਸ਼ਮਣਾਂ ਦਾ ਮੁਕਾਬਲਾ ਕਰਨ ਦਾ ਸਮਾਂ ਆ ਗਿਆ ਹੈ।

ਸ਼ਬਦ ਗੁਰੂ ਦਾ ਓਟ ਆਸਰਾ ਲੈਕੇ ਸਾਡੇ ਰਹਿਬਰਾਂ ਨੇ ਜਿਸ ਤਰ੍ਹਾਂ ਸਾਡਾ ਮਾਰਗ ਦਰਸ਼ਨ ਤੱਤੀ ਤਵੀ ਤੱਕ ਕੀਤਾ, ਅੱਜ ਅਸੀਂ ਉਸ ਇਤਿਹਾਸ ਨੂੰ ਇਸ ਕਦਰ ਮਨੋਂ ਵਿਸਾਰ ਚੁੱਕੇ ਹਾਂ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਸ਼ਬਦ ਨੂੰ ਗੁਰੂ ਮੰਨਣ ਵਾਲੀ ਕੋਈ ਸ਼ਖ਼ਸੀਅਤ ਜਦੋਂ ਸ਼ਹਾਦਤ ਦੇਂਦੀ ਹੈ, ਓਦੋਂ ਸ਼ਬਦ ਦਾ ਤਾਂ ਭਾਂਵੇਂ ਕੁਝ ਨਹੀਂ ਵਿਗੜਦਾ, ਪਰ ਸ਼ਬਦ ਤੋਂ ਸ਼ਹਾਦਤ ਤੱਕ ਜਾਣ ਲਈ ਪ੍ਰੇਰਨਾ ਦੇਣ ਵਾਲੀ ਇਕ ਸੋਚ ਦਾ ਅੰਤ ਜ਼ਰੂਰ ਹੋ ਜਾਂਦਾ ਹੈ। ਅਜਿਹੀ ਪ੍ਰੇਰਨਾਦਾਇਕ ਸੋਚ ਨੂੰ ਜਦੋਂ ਮਾਰਨ ਦੀ ਨੌਬਤ ਆ ਜਾਵੇ ਤਾਂ ਮੰਨ ਲੈਣਾ ਚਾਹੀਦਾ ਹੈ ਕਿ ਸਮਾਜ ਵਿਚ ਸਭ ਕੁਝ ਗਲਤ ਹੋ ਰਿਹਾ ਹੈ। ਅੱਜ ਸਾਡੇ ਅੰਦਰੋਂ ਸ਼ਬਦ ਦੀ ਮੂਲ ਭਾਵਨਾ ਨੂੰ ਸਮਝਣ ਅਤੇ ਸ਼ਬਦ ਗੁਰੂ ਦੀ ਵਿਚਾਰਧਾਰਾ ਉਤੇ ਪਹਿਰਾ ਦੇਣ ਦੀ ਸੋਚ ਇਸ ਕਦਰ ਮਰ ਗਈ ਹੈ, ਕਿ ਅਸੀਂ ਆਪਣੇ ਹੀ ਇਤਿਹਾਸ ਨੂੰ ਆਪਣੇ ਹੱਥੀਂ ਖ਼ਤਮ ਕਰਨ ਦੇ ਰਾਹ ਪੈ ਗਏ ਹਾਂ। ਖ਼ੂਬਸੂਰਤੀ ਅਤੇ ਵਿਕਾਸ ਦੇ ਨਾਂ ਹੇਠ ਸਾਡੇ ਮਾਣਮੱਤੇ ਇਤਿਹਾਸ ਦਾ ਜਿੰਨਾ ਘਾਣ ਸਾਡੇ 'ਕਾਰ ਸੇਵਾ' ਵਾਲੇ ਬਾਬਿਆਂ ਨੇ ਕੀਤਾ ਹੈ ਉਸਤੋਂ ਵਧੇਰੇ ਤਾਂ ਮੁਗ਼ਲ, ਅੰਗਰੇਜ਼ ਜਾਂ ਅੱਜ ਵਾਲੇ ਰਾਸ਼ਟਰਵਾਦੀ ਵੀ ਨਹੀਂ ਕਰ ਸਕੇ।

ਜੰਗਲਾਂ, ਬੇਲਿਆਂ, ਪਹਾੜਾਂ, ਟਿੱਬਿਆਂ ਵਿਚ ਘੋੜਿਆਂ ਦੀਆਂ ਕਾਠੀਆਂ ਉਤੇ ਰਹਿਣ ਵਾਲੇ ਸ਼ਬਦ ਗੁਰੂ ਦੇ ਉਪਾਸ਼ਕ ਤਾਂ ਉਦੋਂ ਵੀ ਖ਼ਤਮ ਨਹੀ ਸਨ ਹੋਏ, ਜਦੋਂ ਅਠਾਰਵੀਂ ਸਦੀ ਵਿੱਚ ਉਹਨਾਂ ਦਾ ਪੱਤਾ ਪੱਤਾ ਵੈਰੀ ਬਣਿਆ ਹੋਇਆ ਸੀ। ਪਰ ਹੁਣ ਜਦੋਂ ਅਸੀਂ ਆਪਣੇ ਆਲੇ ਦੁਆਲੇ ਝਾਤ ਪਾਉਂਦੇ ਹਾਂ ਤਾਂ ਬੜਾ ਦੁੱਖ ਲੱਗਦਾ ਹੈ ਕਿ ਅਸੀਂ ਆਪਣੇ ਵਿਰਸੇ ਦਾ ਕਿਵੇਂ ਕਤਲ ਕਰੀ ਜਾ ਰਹੇ ਹਾਂ। ਅਸਲ ਵਿੱਚ ਸ਼ਬਦ ਗੁਰੂ ਦੀ ਰਾਖੀ ਲਈ ਹੋਈਆਂ ਕੁਰਬਾਨੀਆਂ ਨੂੰ ਅਸਾਂ ਇਸ ਕਦਰ ਵੇਚ ਦਿੱਤਾ ਹੈ ਕਿ ਅਸੀਂ ਆਪਣੇ ਦੋਸਤ ਦੁਸ਼ਮਣ ਦੀ ਪਛਾਣ ਕਰਨੀ ਵੀ ਭੁੱਲ ਗਏ ਹਾਂ। ਅਸੀਂ ਜਿਹਨਾਂ ਲੋਕਾਂ ਲਈ ਰਾਹ ਦਸੇਰੇ ਬਣਨਾ ਸੀ, ਅੱਜ ਉਹਨਾਂ ਹੀ ਲੋਕਾਂ ਦੀ ਘੰਡੀ ਉਤੇ ਅੰਗੂਠਾ ਧਰੀ ਖੜੇ ਹਾਂ। ਅਸੀਂ ਸ਼ਬਦ ਦੀ ਤਾਕਤ ਭੁੱਲ ਗਏ ਹਾਂ। ਅਸਾਂ ਸ਼ਬਦ ਗੁਰੂ ਵੱਲ ਪਿੱਠ ਕਰ ਲਈ ਹੈ, ਇਸ ਕਰਕੇ ਜ਼ਮੀਰ ਪੱਖੋਂ ਭਾਂਵੇਂ ਅਸੀਂ ਮਰ ਚੁੱਕੇ ਹਾਂ ਪਰ ਭਰਮ ਅਸਾਂ ਜਿਉਂਦੇ ਹੋਣ ਦਾ ਹੀ ਪਾਲਿਆ ਹੋਇਆ ਹੈ। ਹੁਣ ਜਦੋਂ ਅਸੀਂ ਤੱਤੀ ਤਵੀ ਦੀ ਤਪਿਸ਼ ਨੂੰ ਵੀ ਭੁੱਲ ਗਏ ਹਾਂ ਤਾਂ ਸ਼ਬਦ ਗੁਰੂ ਭੁੱਲਣਾ ਵੀ ਸਾਡੇ ਲਈ ਕੋਈ ਔਖਾ ਨਹੀਂ ਰਹਿ ਗਿਆ ਹੈ, ਕਿਉਂਕਿ ਅਸੀਂ ਕੁੱਝ ਦੇਣ ਨਾਲੋਂ ਮੰਗਣਾ ਵਧੇਰੇ ਜਾਣਦੇ ਹਾਂ। ਸ਼ਬਦ ਗੁਰੂ ਨੇ ਸਾਨੂੰ ਸਾਰਿਆਂ ਨੂੰ 'ਏਕ ਨੂਰ' ਦੀ ਉਪਜ ਆਖਿਆ ਹੈ, ਪਰ ਜਦੋਂ ਵੀ ਅਸੀ ਕਿਤੇ ਵੀ ਇੱਕਠੇ ਹੁੰਦੇ ਹਾਂ, ਤਾਂ ਅਸੀਂ ਧਰਮਾਂ, ਗੋਤਾਂ, ਜਾਤਾਂ ਤੇ ਨਸਲਾਂ ਦੇ ਖੇਮਿਆਂ ਵਿੱਚ ਵੰਡੇ ਜਾਂਦੇ ਹਾਂ। ਇਹ ਵੰਡ ਉਹਨਾਂ ਤਾਕਤਾਂ ਦੀ ਨਾਪਾਕ ਸੋਚ ਨੂੰ ਹੁਲਾਰਾ ਦੇਂਦੀ ਹੈ ਜਿਹੜੇ ਇਹ ਚਾਹੁੰਦੇ ਹਨ ਕਿ 'ਸ਼ਬਦ ਗੁਰੂ ਸੁਰਤਿ ਧੁਨਿ ਚੇਲਾ' ਦੇ ਸਿਧਾਂਤ ਦਾ ਬੋਲ ਬਾਲਾ ਇਸ ਧਰਤੀ ਤੋਂ ਸਦਾ ਲਈ ਖ਼ਤਮ ਹੋ ਜਾਵੇ।

ਸਾਡੇ ਵਿੱਚੋਂ ਬਹੁਤੇ 'ਸ਼ਬਦ ਗੁਰੂ' ਨਾਲੋਂ ਮੌਕੇ ਦੇ ਹਾਕਮ ਨੂੰ ਹੀ ਗੁਰੂ ਮੰਨਣ ਲੱਗ ਪਏ ਹਨ। ਇਸੇ ਕਰਕੇ ਅਸੀ ਦੁੱਖਾਂ ਕਲੇਸ਼ਾਂ ਦੀ ਦਲਦਲ ਵਿੱਚ ਫਸਦੇ ਜਾ ਰਹੇ ਹਾਂ।

ਹੁਣ ਜਦੋਂ ਅਸੀਂ ਇੱਕਵੀਂ ਸੱਦੀ ਵਿੱਚ ਪੁੱਜ ਗਏ ਹਾਂ ਤਾਂ ਸਾਡੇ ਕੋਲ ਸ਼ਬਦ ਨੂੰ ਸਮਝਣ ਦੇ ਸਾਧਨ ਵੀ ਬਹੁਤ ਹੋ ਗਏ ਹਨ। ਇਸ ਦੇ ਬਾਵਜੂਦ ਇਤਿਹਾਸ ਨੂੰ ਵਾਚਣਾ ਤਾਂ ਕਿੱਧਰੇ ਰਿਹਾ ਅਸੀਂ ਇਤਿਹਾਸ ਸੰਭਾਲਣ ਦੇ ਲਾਇਕ ਵੀ ਨਹੀਂ ਰਹਿ ਗਏ। ਸ਼ਬਦ ਗੁਰੂ ਦੇ 'ਹਉ ਢਾਢੀ ਕਾ ਨੀਚ ਜਾਤਿ ਹੋਰ ਉਤਮ ਜਾਤਿ ਸਦਾਇਦੇ॥' (ਪੰਨਾ ੪੬੨) ਦਾ ਹੋਕਾ ਦੇਣ ਵਾਲੇ 'ਬਾਣੀ ਕੇ ਬੋਹਿਥੇ' ਨੂੰ ਪਹੁੰਚੇ ਤੱਤੀ ਤਵੀ ਦੇ ਸੇਕ ਨੂੰ ਜਦੋਂ ਅਸੀਂ ਠੰਢੇ ਪਾਣੀ ਦੀਆਂ ਛਬੀਲਾਂ ਰਾਹੀਂ ਘਟਾਉਣ ਦਾ ਯਤਨ ਕਰਦੇ ਹਾਂ ਤਾਂ ਅਸੀਂ ਸ਼ਬਦ ਗੁਰੂ ਦੀ ਕੁਰਬਾਨੀ ਨੂੰ ਪੁੱਠੇ ਪਾਸਿਓਂ ਪੜ੍ਹਦੇ ਤੇ ਸਮਝ ਰਹੇ ਹੁੰਦੇ ਹਾਂ।

ਸ਼ਬਦ ਗੁਰੂ ਨਾਲੋਂ ਟੁੱਟਿਆ ਮਨੁੱਖ ਹੁਣ ਵੱਖ-ਵੱਖ ਖੇਮਿਆਂ ਅੰਦਰ ਵੰਡਿਆ ਗਿਆ ਹੈ। ਇਸੇ ਕਰਕੇ ਸਾਡੀ ਦੁੱਖਾਂ ਦੀ ਪੰਡ ਭਾਰੀ ਹੁੰਦੀ ਜਾ ਰਹੀ ਹੈ। ਅਸੀਂ ਅੰਦਰੋਂ ਟੁੱਟ ਗਏ ਹਾਂ ਇਸ ਕਰਕੇ ਅਸੀਂ ਤੱਤੀ ਤਵੀ ਤੱਕ ਦੇ ਸਫਰ ਨੂੰ ਭੁੱਲ ਗਏ ਹਾਂ। ਇਸੇ ਕਰਕੇ ਅਸੀਂ ਦੁੱਖਾਂ ਦੇ ਦਲਦਲ ਵਿੱਚ ਫਸ ਗਏ ਹਾਂ। ਪਤਾ ਨਹੀਂ ਅਸੀਂ 'ਸ਼ਬਦ ਗੁਰੂ ਤੋਂ ਤੱਤੀ ਤਵੀ ਤੱਕ ਦਾ ਸਫ਼ਰ' ਕਦੋਂ ਪੜ੍ਹਨਾ ਸ਼ੁਰੂ ਕਰਾਂਗੇ? ਕਦੋਂ ਇਸ ਦੀ ਰਾਖੀ ਕਰਾਂਗੇ? ਕਦੋਂ ਇਸ ਦੀ ਗੌਰਵ ਗਾਥਾ ਸਮਝਾਂਗੇ?

ਸ਼ਬਦ ਗੁਰੂ 'ਸਿਰ ਧਰ ਤਲੀ ਗਲੀ ਮੇਰੀ ਆਉ' (ਪੁਰਾਣੀ ਸੋਚ ਨੂੰ ਛੱਡ ਕੇ ਆਉਣ) ਦੀ ਮੰਗ ਕਰਦਾ ਹੈ। ਸ਼ਬਦ 'ਤੇ ਪਹਿਰਾ ਦੇਣ ਵਾਲੇ ਸਦਾ ਹੀ ਸ਼ਹਾਦਤਾਂ ਦਾ ਜਾਮ ਪੀਂਦੇ ਰਹੇ ਹਨ ਤੇ ਪੀ ਰਹੇ ਹਨ। ਪਰ ਹੰਕਾਰੀ ਲੋਕ ਇਨਸਾਨਾਂ ਨੂੰ ਤਾਂ ਭਾਂਵੇਂ ਜਾਨੋਂ ਮਾਰ ਦੇਣ ਪਰ ਸ਼ਬਦ ਦੀ ਸੱਚਾਈ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਅੱਜ ਸ਼ਬਦਾਂ ਦੇ ਵਣਜਾਰਿਆਂ ਮਗਰ ਸ਼ਿਕਾਰੀ ਕੁੱਤੇ ਦੌੜ ਰਹੇ ਹਨ। ਫਿਰ ਵੀ ਸ਼ਬਦ ਤਾਂ ਸਦਾ ਹੀ ਸੱਚ ਬੋਲਦੇ ਹਨ ਤੇ ਹਮੇਸ਼ਾ ਬੋਲਦੇ ਰਹਿਣਗੇ?

# ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਤੇ ਮੌਸਮ ਨਾਲ ਖਿਲਵਾੜ

ਲਿਖਤ : ਮਹਿੰਦਰ ਸਿੰਘ ਦੋਸਾਂਝ
ਸੰਪਰਕ: 94632-33991



ਪਾਣੀ ਜੀਵਨ ਦੀ ਜੋਤ ਨੂੰ ਜਗਦੀ ਰੱਖਣ ਲਈ ਤੇਲ ਦੇ ਸਮਾਨ ਹੈ। ਪਾਣੀ ਦਾ ਹੋਰ ਕੋਈ ਬਦਲ ਨਹੀਂ। ਇਸ ਲਈ ਪਾਣੀ ਦੀ ਸੰਜਮ ਨਾਲ ਵਰਤੋਂ ਨੂੰ ਧਾਰਮਿਕ ਨਿਯਮ ਸਮਝ ਕੇ ਜੀਵਨ ਵਿੱਚ ਲਾਗੂ ਕਰਨ ਦੀ ਲੋੜ ਹੈ। ਪੰਜਾਬ ਅੰਦਰ ਇਨ੍ਹਾਂ ਦਿਨਾਂ ਵਿੱਚ ਝੋਨੇ ਦੀ ਫ਼ਸਲ ਲਈ ਵੱਡੀ ਪੱਧਰ ’ਤੇ ਧਰਤੀ ਵਿੱਚੋਂ ਪਾਣੀ ਕੱਢਿਆ ਜਾ ਰਿਹਾ ਹੈ, ਜਿਸ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਤੇ ਕਿਸਾਨਾਂ ਨੂੰ ਪਾਣੀ ਦੇ ਮਹੱਤਵ ਬਾਰੇ ਜਾਣਕਾਰੀ ਦੇਣ ਦੀ ਸਖ਼ਤ ਲੋੜ ਹੈ।

ਸਿਰਫ਼ ਇਨਸਾਨੀ ਜੀਵਨ ਜਿਊਣ ਲਈ ਹੀ ਨਹੀਂ, ਸਗੋਂ ਇਸ ਧਰਤੀ ’ਤੇ ਪੈਦਾ ਹੋਏ ਪਸ਼ੂ-ਪੰਛੀਆਂ, ਕੀੜੇ-ਮਕੌੜਿਆਂ, ਬਿਰਖ, ਬੂਟਿਆਂ ਅਤੇ ਫ਼ਸਲਾਂ ਆਦਿ ਲਈ ਵੀ ਪਾਣੀ ਕੁਦਰਤ ਵੱਲੋਂ ਬਖ਼ਸ਼ੀ ਗਈ ਅਮੁੱਲ ਦਾਤ ਹੈ। ਹੋਰ ਕੁਦਰਤੀ ਸੋਮਿਆਂ ਦੇ ਨਾਲ-ਨਾਲ ਗੁਰਮਤਿ ਦਰਸ਼ਨ ਵਿੱਚ ਵੀ ਪਾਣੀ ਨੂੰ ਵਿਸ਼ੇਸ਼ ਤੇ ਉੱਤਮ ਸਥਾਨ ਦਿੱਤਾ ਗਿਆ ਹੈ, ਜਿਵੇਂ:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਪਾਣੀ ਦੀ ਅਜੋਕੀ ਸਥਿਤੀ ਦਾ ਮੁਲਾਂਕਣ ਕਰੀਏ ਤਾਂ ਪਤਾ ਲੱਗਦਾ ਹੈ ਕਿ 97.33 ਫ਼ੀਸਦੀ ਪਾਣੀ ਖਾਰੇ ਰੂਪ ਵਿੱਚ ਸਮੁੰਦਰਾਂ ਅੰਦਰ ਪਿਆ ਹੈ, 2.39 ਫ਼ੀਸਦੀ ਪਾਣੀ ਆਸਮਾਨ ’ਤੇ ਬੱਦਲਾਂ ਦੇ ਰੂਪ ਵਿੱਚ ਅਤੇ ਧਰਤੀ ’ਤੇ ਨਦੀਆਂ ਨਾਲਿਆਂ ਅਤੇ ਦਰਿਆਵਾਂ ਦੇ ਰੂਪ ਵਿੱਚ ਯਾਤਰਾ ਕਰ ਰਿਹਾ ਹੈ, ਜਾਂ ਫਿਰ ਗਲੇਸ਼ੀਅਰਾਂ ਦੇ ਰੂਪ ਵਿੱਚ ਪਹਾੜਾਂ ’ਤੇ ਪਿਆ ਹੈ। ਸਿਰਫ਼ 0.61 ਫ਼ੀਸਦੀ ਪਾਣੀ ਵਿਸ਼ਵ ਦੀਆਂ ਲੋੜਾਂ ਵਾਸਤੇ ਧਰਤੀ ਦੇ ਗਰਭ ਵਿੱਚ ਪਿਆ ਹੈ।

ਇਸ ਵੇਲੇ ਵਿਸ਼ਵ ਦੀ ਕੁੱਲ ਆਬਾਦੀ ਵਿੱਚ ਭਾਰਤ ਦਾ 18 ਫ਼ੀਸਦੀ ਹਿੱਸਾ ਹੈ ਤੇ ਵਿਸ਼ਵ ਦੇ ਪਾਣੀ ਦੇ ਭੰਡਾਰ ਵਿੱਚ ਭਾਰਤ ਦਾ ਮਹਿਜ਼ 4 ਫ਼ੀਸਦੀ ਹਿੱਸਾ ਹੈ।

ਹੁਣ ਤੱਕ ਸਾਡੇ ਪ੍ਰਿਥਵੀ ਵਿਗਿਆਨੀ, ਮਾਹਿਰ ਤੇ ਵਿਚਾਰਵਾਨ ਵੱਡੀ ਮਾਤਰਾ ਵਿੱਚ ਧਰਤੀ ਹੇਠੋਂ ਪਾਣੀ ਕੱਢਣ ਨਾਲ ਪਾਣੀ ਦਾ ਭੰਡਾਰ ਘਟਣ ਜਾਂ ਖ਼ਤਮ ਹੋ ਜਾਣ ਦਾ ਹਿਸਾਬ-ਕਿਤਾਬ ਲਾ ਕੇ ਹੀ ਫ਼ਿਕਰਮੰਦ ਹਨ। ਭਾਵੇਂ ਇਹ ਫ਼ਿਕਰ ਸਹੀ ਤੇ ਸੱਚਾ ਵੀ ਹੈ ਤੇ ਉਹ ਚਾਹੁੰਦੇ ਨੇ ਕਿ ਲੋਕ ਸੰਜਮ ਨਾਲ ਪਾਣੀ ਦੀ ਵਰਤੋਂ ਕਰਨ, ਧਰਤੀ ਹੇਠੋਂ ਕੱਢੇ ਗਏ ਪਾਣੀ ਨੂੰ ਸਾਫ਼ ਕਰਕੇ ਮੁੜ ਧਰਤੀ ਵਿੱਚ ਰਚਾਉਣ ਤੇ ਮੀਂਹ ਦੇ ਪਾਣੀ ਨੂੰ ਵੱਧ ਤੋਂ ਵੱਧ ਡੈਮ ਬਣਾ ਕੇ ਰੋਕਣ ਦੀ ਲੋੜ ’ਤੇ ਵੀ ਉਹ ਜ਼ੋਰ ਦੇ ਰਹੇ ਹਨ ਅਤੇ ਅਜਿਹੇ ਕੰਮਾਂ ਲਈ ਕੀਮਤੀ ਸਲਾਹਾਂ ਦੇਣ ਦੇ ਨਾਲ-ਨਾਲ ਕੀਮਤੀ ਢੰਗ-ਤਰੀਕੇ ਵੀ ਦੱਸ ਰਹੇ ਹਨ।

ਇਸ ਤੋਂ ਅੱਗੇ ਹੋਰ ਵੀ ਕਈ ਲੋੜਾਂ ਅਤੇ ਸਮੱਸਿਆਵਾਂ ਪਾਣੀ ਦੇ ਸੰਕਟ ਨਾਲ ਜੁੜੀਆਂ ਹੋਈਆਂ ਹਨ, ਜਿਨ੍ਹਾਂ ਵੱਲ ਮਾਹਿਰਾਂ ਤੇ ਜਾਗਰੂਕ ਵਿਚਾਰਵਾਨਾਂ ਦਾ ਅਜੇ ਧਿਆਨ ਨਹੀਂ ਗਿਆ। ਇਨ੍ਹਾਂ ਲੋੜਾਂ ਤੇ ਸਮੱਸਿਆਵਾਂ ਨੂੰ ਸਾਹਮਣੇ ਰੱਖ ਕੇ ਸਾਨੂੰ ਗੰਭੀਰਤਾ ਨਾਲ ਚਿੰਤਨ ਤੇ ਫ਼ਿਕਰ ਕਰਨ ਦੀ ਲੋੜ ਹੈ।

ਧਰਤੀ ’ਤੇ ਜੀਵਨ ਦੀ ਜੋਤ ਨੂੰ ਨਿਰੰਤਰ ਜਗਦੀ ਰੱਖਣ ਵਾਸਤੇ ਕੁਦਰਤ ਨੇ ਧਰਤੀ ਦੇ ਹੇਠਾਂ ਵੀ ਤੇ ਉਪਰ ਆਸਮਾਨ ’ਚ ਵੀ ਇੱਕ ਕਲਿਆਣਕਾਰੀ ਪ੍ਰਬੰਧ ਸਥਾਪਿਤ ਕੀਤਾ ਹੋਇਆ ਹੈ। ਕੁਦਰਤ ਦੇ ਇਸ ਪ੍ਰਬੰਧ ਵਿੱਚ ਅਜੋਕੇ ਇਨਸਾਨ ਦੀ ਦਖ਼ਲਅੰਦਾਜ਼ੀ ਕਾਰਨ ਪਾਣੀ, ਭੂਮੀ ਤੇ ਹਵਾ ਲਈ ਅਨੇਕਾਂ ਨਵੇਂ ਸੰਕਟ ਉਤਪੰਨ ਹੋ ਰਹੇ ਹਨ।

ਪਾਣੀ ਨੂੰ ਵੱਡੇ ਪੱਧਰ ’ਤੇ ਧਰਤੀ ਵਿੱਚੋਂ ਬਾਹਰ ਕੱਢਣ ਨਾਲ ਧਰਤੀ ਦੇ ਗਰਭ ਵਿੱਚ ਉਤਪੰਨ ਹੋ ਰਹੇ ਖਲਾਅ ਨੂੰ ਭਰਨ ਵਾਸਤੇ ਦੂਰ-ਦੁਰਾਡੇ ਤੋਂ ਉੱਚੇ ਪਾਸਿਆਂ ਤੋਂ ਪਾਣੀਆਂ ਦੀ ਮਾਈਗ੍ਰੇਸ਼ਨ ਹੋਵੇਗੀ ਤੇ ਇਹ ਪਾਣੀ ਆਪਣੇ ਨਾਲ ਕਈ ਤਰ੍ਹਾਂ ਦੇ ਔਗੁਣ, ਜ਼ਹਿਰੀਲੇ ਤੱਤ ਤੇ ਜ਼ਹਿਰਾਂ ਲੈ ਕੇ ਆਉਣਗੇ। ਇਨ੍ਹਾਂ ਤੱਤਾਂ ਨਾਲ ਪੰਛੀਆਂ, ਜੀਵ-ਜੰਤੂਆਂ, ਬਿਰਖ-ਬੂਟਿਆਂ ਤੇ ਇਨਸਾਨਾਂ ਲਈ ਨਵੇਂ ਸੰਕਟ ਉਤਪੰਨ ਹੋਣਗੇ। ਮਾਲਵਾ ਪੱਟੀ ਵਿੱਚ ਵੱਡੇ ਪੱਧਰ ’ਤੇ ਲੋਕਾਂ ਅੰਦਰ ਕੈਂਸਰ ਫੈਲਣ ਦਾ ਕਾਰਨ ਹੁਣ ਤੱਕ ਨਰਮੇ ’ਤੇ ਜ਼ਹਿਰਾਂ ਦੇ ਸਪਰੇਅ ਨੂੰ ਮੰਨਿਆ ਗਿਆ ਹੈ, ਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਰੋਗ ਤੋਂ ਪ੍ਰਭਾਵਿਤ ਇਲਾਕਿਆਂ ਦੇ ਪਾਣੀ ਦੀ ਪਰਖ ਕੀਤੀ ਗਈ ਤਾਂ ਪਤਾ ਲੱਗਿਆ ਕਿ ਰਾਜਸਥਾਨ ਤੋਂ ਪਾਣੀ ਵਿੱਚ ਆਉਣ ਵਾਲੇ ਯੂਰੇਨੀਅਮ ਕਰਕੇ ਅਤੇ ਇਹ ਪਾਣੀ ਪੀਣ ਕਰਕੇ ਮਾਲਵੇ ਦੇ ਲੋਕਾਂ ਵਿੱਚ ਕੈਂਸਰ ਦੀ ਬਿਮਾਰੀ ਵਧੀ ਹੈ। ਅਮਰੀਕਾ ਦੀ ਪੁਲਾੜ ਏਜੰਸੀ ਨਾਸਾ ਲੰਮੇ ਸਮੇਂ ਤੋਂ ਪੁਲਾੜ ਵਿੱਚ ਖੋਜਾਂ ਨਾਲ ਜੁੜੀ ਹੋਈ ਹੈ ਪਰ ਕੁਝ ਸਮੇਂ ਤੋਂ ਇਸ ਏਜੰਸੀ ਨੇ ਧਰਤੀ ਅੰਦਰ ਕੁਦਰਤ ਦੇ ਪ੍ਰਬੰਧ ਤੇ ਗਤੀਵਿਧੀਆਂ ਨੂੰ ਵੀ ਆਪਣੀਆਂ ਖੋਜਾਂ ਹੇਠ ਲਿਆਂਦਾ ਹੈ। ਸਾਲ 2018 ਵਿੱਚ ਦੇਹਰਾਦੂਨ ਤੋਂ ਪ੍ਰਕਾਸ਼ਿਤ ਹੋਈ ਨਾਸਾ ਦੀ ਰਿਪੋਰਟ ਤੋਂ ਸਾਹਮਣੇ ਆਇਆ ਹੈ ਕਿ ਧਰਤੀ ਹੇਠ ਜੋ ਨੀਵੇਂ ਪਾਸਿਆਂ ਨੂੰ ਪਾਣੀਆਂ ਦੀ ਮਾਈਗ੍ਰੇਸ਼ਨ ਹੋ ਰਹੀ ਹੈ ਉਸ ਨਾਲ ਪਾਣੀ ਆਪਣੇ ਨਾਲ ਰੇਤਾ ਤੇ ਮਿੱਟੀ ਨੂੰ ਵੀ ਨੀਵੇਂ ਪਾਸਿਆਂ ਵੱਲ ਲਿਜਾ ਰਹੇ ਹਨ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਚੰਡੀਗੜ੍ਹ ਤੇ ਇਸ ਦੇ ਆਲੇ-ਦੁਆਲੇ ਦੇ ਇਲਾਕਿਆਂ ਅਤੇ ਦਿੱਲੀ, ਨੋਇਡਾ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਪਾਣੀ ਦੇ ਨਾਲ ਰੇਤਾ ਤੇ ਮਿੱਟੀ ਨਿਕਲਣ ਨਾਲ ਹਰ ਸਾਲ ਧਰਤੀ ਵਿੱਚ ਪੰਜ ਸੈਂਟੀਮੀਟਰ ਤੱਕ ਖਲਾਅ ਉਤਪੰਨ ਹੋ ਰਿਹਾ ਹੈ। ਕੁਝ ਸਾਲਾਂ ਤੱਕ ਇਹ ਖਲਾਅ ਵਧਣ ਨਾਲ ਉੱਚੀਆਂ ਅਤੇ ਸ਼ਾਨਦਾਰ ਇਮਾਰਤਾਂ ਧਰਤੀ ਵਿੱਚ ਗਰਕ ਸਕਦੀਆਂ ਹਨ।

ਕੁਦਰਤ ਵੱਲੋਂ ਸਥਾਪਿਤ ਕੀਤਾ ਗਿਆ ਮੌਸਮ ਦਾ ਪ੍ਰਬੰਧ ਵੱਡੇ ਪੱਧਰ ’ਤੇ ਖਿਲਰਨਾ ਸ਼ੁਰੂ ਹੋ ਗਿਆ ਹੈ। ਇੱਟਾਂ ਦੇ ਭੱਠਿਆਂ, ਮਿੱਲਾਂ, ਕਾਰਖਾਨਿਆਂ, ਗੱਡੀਆਂ ਦੇ ਧੂੰਏਂ, ਐਟਮੀ ਕਚਰੇ ਤੇ ਏਸੀ ਅਤੇ ਫਰਿੱਜਾਂ ਵਿੱਚੋਂ ਨਿਕਲਦੀਆਂ ਕਾਰਬਨ ਡਾਇਆਕਸਾਈਡ ਤੇ ਸੀਐੱਫਸੀ ਵਰਗੀਆਂ ਮਾਰੂ ਗੈਸਾਂ, ਬੇਲੋੜੇ ਪਸ਼ੂਆਂ ਦੇ ਅੰਦਰੋਂ ਵੱਖ-ਵੱਖ ਅੰਗਾਂ ਰਾਹੀਂ ਨਿਕਲਣ ਵਾਲੀ ਹਵਾ ਵਿੱਚ ਰਲੀ ਮੀਥੇਨ ਗੈਸ ਅਤੇ ਖੇਤੀ ਵਿੱਚ ਰਹਿੰਦ-ਖੂੰਹ ਨੂੰ ਲਾਈ ਅੱਗ ਦੇ ਧੂੰਏਂ ਰਾਹੀਂ ਤੇਜ਼ਾਬ, ਏਅਰੋਸੋਲ ਤੇ ਕਾਰਬਨ ਆਸਮਾਨ ’ਚ ਜਾ ਕੇ ਗ੍ਰੀਨ ਹਾਊਸ ਪ੍ਰਭਾਵ ਦੇ ਰੂਪ ਵਿੱਚ ਸਦੀਆਂ ਤੱਕ ਲਈ ਸਥਿਰ ਹੋ ਜਾਂਦੇ ਹਨ।

ਗ੍ਰੀਨ ਹਾਊਸ ਪ੍ਰਭਾਵ ਦੀ ਪਰਤ ਵਿੱਚੋਂ ਲੰਘ ਕੇ ਸੂਰਜ ਦੀਆਂ ਪਰਾਬੈਂਗਣੀ ਤੇ ਮਾਰੂ ਕਿਰਨਾਂ ਨਾਲ ਧਰਤੀ ’ਤੇ ਮਾਰੂ ਗਰਮੀ ਦਾ ਤੇਜ਼ੀ ਨਾਲ ਭੰਡਾਰਨ ਹੋ ਰਿਹਾ ਹੈ। ਉੱਘੇ ਵਾਤਾਵਰਨ ਵਿਗਿਆਨੀ ਸਟੀਫਨ ਲੇਹ ਵੱਲੋਂ 16 ਜੁਲਾਈ ਨੂੰ ਜਨਤਕ ਕੀਤੀ ਗਈ ਖੋਜ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਅਮਰੀਕਾ ਅੰਦਰ ਅਗਲੇ ਵੀਹਾਂ ਸਾਲਾਂ ਤੱਕ 52.7 ਡਿਗਰੀ ਸੈਲਸੀਅਸ ਤੱਕ ਤਾਪਮਾਨ ਵਿੱਚ ਵਾਧਾ ਹੋ ਸਕਦਾ ਹੈ ਹਾਲਾਂਕਿ ਧਰਤੀ ’ਤੇ ਜ਼ਿੰਦਗੀ ਨੂੰ ਕਾਇਮ ਰੱਖਣ ਲਈ ਸਿਰਫ਼ 60 ਫ਼ੀਸਦੀ ਸੈਲਸੀਅਸ ਤਾਪਮਾਨ ਹੀ ਸਹਾਈ ਹੋ ਸਕਦਾ ਹੈ। ਅਮਰੀਕਾ ਤੋਂ ਪਹਿਲਾਂ ਏਸ਼ਿਆਈ ਤੇ ਖਾੜੀ ਦੇਸ਼ਾਂ ਅੰਦਰ ਗਰਮੀ ਨਾਲ ਮੌਸਮ ਵਿੱਚ ਭਿਆਨਕ ਗੜਬੜ ਦੀ ਸੰਭਾਵਨਾ ਹੈ। ਵੱਡੀ ਪੱਧਰ ’ਤੇ ਤਾਪਮਾਨ ਵਧਣ ਨਾਲ ਹਿਮਾਲਿਆ ਖੇਤਰ ਅਤੇ ਐਂਟਾਰਟਿਕਾ ਅੰਦਰ ਵੱਡੀ ਮਾਤਰਾ ਵਿੱਚ ਪਹਾੜਾਂ ਤੇ ਗਲੇਸ਼ੀਅਰਾਂ ਦੇ ਰੂਪ ਵਿੱਚ ਪਈਆਂ ਬਰਫ਼ਾਂ ਪਿਘਲ ਜਾਣਗੀਆਂ ਅਤੇ ਧਰਤੀ ਦੇ ਹੇਠ ਤੇ ਉੱਪਰ ਵਗਦੇ ਨਦੀਆਂ ਨਾਲੇ ਖੁਸ਼ਕ ਹੋ ਜਾਣਗੇ ਅਤੇ ਇਨ੍ਹਾਂ ਰਾਹੀਂ ਸਫ਼ਰ ਕਰ ਰਹੇ ਪਾਣੀ ਦਾ ਕਲ-ਕਲ ਕਰਦਾ ਸੰਗੀਤ ਖ਼ਾਮੋਸ਼ ਹੋ ਜਾਵੇਗਾ, ਉਦਯੋਗਾਂ ਦੀ ਧੜਕਣ ਬੰਦ ਹੋ ਜਾਵੇਗੀ ਤੇ ਵਿਸ਼ਵ ਅੰਦਰ ਹਨੇਰਾ ਛਾ ਜਾਵੇਗਾ।

# ਪਾਣੀ ਦਾ ਗਲਾਸ

ਲਿਖਤ : ਦਵਿੰਦਰ ਕੌਰ ਥਿੰਦ, ਸੰਪਰਕ: 84278-33552

ਗੱਲ ਉਸ ਸਮੇਂ ਦੀ ਹੈ ਜਦੋਂ ਤਨਖ਼ਾਹ ਕੈਸ਼ ਮਿਲਦੀ ਸੀ। ਦਸ ਕੁ ਵਜੇ ਦਾ ਸਮਾਂ ਸੀ। ਦਫਤਰ ਵਿੱਚ ਸਾਰਾ ਸਟਾਫ ਮੌਜੂਦ ਸੀ। ਦਫਤਰ ਦਾ ਅਕਾਊਟੈਂਟ ਮੱਖਣ ਸਿੰਘ ਅੱਜ ਬਹੁਤ ਜ਼ਿਆਦਾ ਮਸਰੂਫ਼ ਸੀ ਕਿਉਂਕਿ ਅੱਜ ਤਨਖ਼ਾਹ ਦਾ ਦਿਨ ਜੋ ਸੀ। ਉਹ ਖ਼ਜ਼ਾਨਾ ਦਫਤਰ ਵਿੱਚੋਂ ਤਨਖ਼ਾਹ ਵਾਲਾ ਚੈੱਕ ਲੈ ਕੇ ਆਇਆ ਸੀ ਅਤੇ ਚੈੱਕ ਬੈਂਕ ਵਿੱਚ ਜਮ੍ਹਾਂ ਕਰਵਾਉਣ ਜਾਣਾ ਸੀ। ਉਸ ਨੇ ਦਫਤਰ ਦੇ ਬਾਹਰ ਬੈਠੇ ਸੇਵਾਦਾਰ ਪਰਮਜੀਤ ਸਿੰਘ ਨੂੰ ਬੁਲਾਇਆ, ਜੋ ਦਫਤਰ ਵਿੱਚ ਇਕੱਲਾ ਸੇਵਾਦਾਰ ਹੋਣ ਕਾਰਨ ਹਰ ਸਮੇਂ ਗੁੱਸੇ ਵਿੱਚ ਰਹਿੰਦਾ ਸੀ। ਜਦੋਂ ਕਾਫ਼ੀ ਦੇਰ ਬਾਅਦ ਪਰਮਜੀਤ ਸਿੰਘ ਅੰਦਰ ਆਇਆ ਤਾਂ ਉਹ ਦਫਤਰ ਦੀ ਰਸੋਈ ਵੱਲ ਚਲਾ ਗਿਆ ਤੇ ਪਾਣੀ ਦੇ ਚਾਰ ਗਲਾਸ ਭਰ ਕੇ ਲਿਆਇਆ।

‘‘ਮੈਂ ਤਾਂ ਤੈਨੂੰ ਪਾਣੀ ਲਈ ਆਖਿਆ ਨਹੀਂ,’’ ਮੱਖਣ ਸਿੰਘ ਨੇ ਕਿਹਾ।

‘‘ਮੈਂ ਸੋਚਿਆ ਤੁਸੀਂ ਪਾਣੀ ਮੰਗਿਆ ਹੋਣਾ, ਇਸ ਲਈ ਲੈ ਆਇਆ,’’ ਪਰਮਜੀਤ ਸਿੰਘ ਹੌਲੀ ਜਿਹਾ ਬੋਲਿਆ।

‘‘ਆਹ ਚੈੱਕ ’ਤੇ ਸਾਬ੍ਹ ਦੇ ਸਾਈਨ ਕਰਵਾ ਕੇ ਲਿਆ,’’ ਮੱਖਣ ਸਿੰਘ ਨੇ ਪਰਮਜੀਤ ਨੂੰ ਕਿਹਾ।


ਜਦੋਂ ਪਰਮਜੀਤ ਸਾਬ੍ਹ ਕੋਲ ਸਾਈਨ ਕਰਵਾਉਣ ਚਲਾ ਗਿਆ ਤਾਂ ਮੱਖਣ ਸਿੰਘ ਕਹਿਣ ਲੱਗੇ ਕਿ ਮੁਗ਼ਲਾਂ ਦੇ ਸਮੇਂ ਦੀ ਗੱਲ ਹੈ। ਇੱਕ ਰਾਜੇ ਦੇ ਦੇਸ਼ ਵਿੱਚ ਬਹੁਤ ਜ਼ਿਆਦਾ ਸੋਕਾ ਪਿਆ ਹੋਇਆ ਸੀ। ਜੇ ਕੋਈ ਮਰ ਜਾਂਦਾ ਸੀ ਤਾਂ ਮੁਰਦੇ ਨੂੰ ਦਫ਼ਨਾਉਣ ਲਈ ਕਬਰ ਪੁੱਟਣੀ ਔਖੀ ਹੋ ਜਾਂਦੀ ਸੀ। ਇੱਕ ਦਿਨ ਬਹੁਤ ਭਾਰੀ ਮੀਂਹ ਪਿਆ ਤਾਂ ਕਬਰ ਪੁੱਟਣ ਵਾਲੇ ਆਦਮੀ ਨੇ ਬਹੁਤ ਸਾਰੀਆਂ ਕਬਰਾਂ ਪੁੱਟ ਦਿੱਤੀਆਂ ਕਿਉਂ ਜੋ ਸੋਕੇ ਵਿੱਚ ਜੇਕਰ ਕੋਈ ਮਰ ਜਾਂਦਾ ਤਾਂ ਕਬਰਾਂ ਪੁੱਟਣੀਆਂ ਔਖੀਆਂ ਹੁੰਦੀਆਂ ਸਨ। ਉਹ ਕਹਿਣ ਲੱਗੇ ਕਿ ਪਰਮਜੀਤ ਸਿੰਘ ਵੀ ਕਬਰਾਂ ਪੁੱਟਣ ਵਾਲੇ ਵਾਂਗ ਕਰਦਾ ਹੈ। ਪਰਮਜੀਤ ਨੂੰ ਜਾਪਿਆ ਕਿ ਪਾਣੀ ਲਈ ਕਹਿ ਰਹੇ ਹੋਣਗੇ ਤੇ ਪਾਣੀ ਦੇ ਗਲਾਸ ਭਰ ਲਿਆਇਆ, ਪਰ ਮੈਂ ਉਸ ਨੂੰ ਸਾਬ੍ਹ ਕੋਲ ਚੈੱਕ ਸਾਈਨ ਕਰਵਾਉਣ ਲਈ ਭੇਜਣਾ ਸੀ ਤੇ ਉਹ ਪਾਣੀ ਲੈ ਆਇਆ। ਸਾਰਾ ਦਫਤਰ ਅਕਾਊਟੈਂਟ ਦੀ ਗੱਲ ਸੁਣ ਕੇ ਉੱਚੀ-ਉੱਚੀ ਹੱਸਣ ਲੱਗ ਪਿਆ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

ICC Accounting Services Inc.
ICC ACCOUNTING SERVICES INC.





ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4
Gurnek Bangar
(Pasla)

# ਸੋਸ਼ਲ ਮੀਡੀਆ ਦੀ ਬੇਲੋੜੀ ਵਰਤੋਂ ਤੋਂ ਹੋਣ ਵਾਲੇ ਨੁਕਸਾਨ ਅਤੇ ਬਚਾ



ਲਿਖਤ
ਸੰਦੀਪ ਕੁਮਾਰ
70098-07121



“ਸੋਸ਼ਲ ਮੀਡੀਆ ਬਿਨਾਂ ਸੇਧ ਤੋਂ ਭਟਕਣ ਦਾ ਇੱਕ ਵੱਡਾ ਸਰੋਤ ਹੋ ਸਕਦਾ ਹੈ। ਵਿਦਿਆਰਥੀ ਆਪਣੀ ਪੜ੍ਹਾਈ ’ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ ਆਪਣੇ ਆਪ ਨੂੰ ਲਗਾਤਾਰ ਆਪਣੇ ਫ਼ੋਨਾਂ ’ਤੇ ਸੁਨੇਹੇ ਦੇਖਦੇ ਰਹਿ ਸਕਦੇ ਹਨ, ਜਿਸ ਨਾਲ ਅਧੂਰੀਆਂ ਅਸਾਈਨਮੈਂਟਾਂ ਅਤੇ ਸਮੇਂ ਦਾ ਸਹੀ ਉਪਯੋਗ ਨਾ ਹੋਣ ਕਾਰਨ ਪੜ੍ਹਾਈ ਦਾ ਨੁਕਸਾਨ ਹੋ ਸਕਦਾ ਹੈ। ਸੋਸ਼ਲ ਮੀਡੀਆ ਦੀ ਵਰਤੋਂ ਕਾਰਨ ਅਕਿਰਿਆਸ਼ੀਲਤਾ ਦੇ ਵਧੇ ਹੋਏ ਸਮੇਂ ਕਾਰਨ ਵੱਖ-ਵੱਖ ਸਰੀਰਕ ਸਿਹਤ ਸਮੱਸਿਆਵਾਂ ਉਤਪਨ ਹੋ ਸਕਦੀਆਂ ਹਨ ਜਿਵੇਂ ਕਿ ਅੱਖਾਂ ਵਿੱਚ ਤਣਾਅ, ਮਾੜੀ ਸਥਿਤੀ, ਅਤੇ ਇੱਥੋਂ ਤਕ ਕਿ ਮੋਟਾਪਾ। ਸਰੀਰਕ ਗਤੀਵਿਧੀ ਦੀ ਘਾਟ ਸਮੁੱਚੀ ਸਿਹਤ ਅਤੇ ਤੰਦਰੁਸਤੀ ਨੂੰ ਵੀ ਨਕਾਰਾਤਮਕ ਤੌਰ ’ਤੇ ਪ੍ਰਭਾਵਿਤ ਕਰ ਸਕਦੀ ਹੈ।”

ਅੱਜ ਦੇ ਨੌਜਵਾਨ ਵਿਦਿਆਰਥੀਆਂ ਨੂੰ ਬਿਨਾਂ ਮਹੱਤਵਪੂਰਨ ਲਾਭਾਂ ਦੇ ਸੋਸ਼ਲ ਮੀਡੀਆ ਦੀਆਂ ਗਤੀਵਿਧੀਆਂ ਵਿੱਚ ਜ਼ਿਆਦਾ ਸ਼ਮੂਲੀਅਤ ਕਾਰਨ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਹੁਤ ਜ਼ਿਆਦਾ ਵਰਤੋਂ ਅਕਾਦਮਿਕ ਗਿਰਾਵਟ ਵੱਲ ਲੈਕੇ ਜਾਂਦੀ ਹੈ ਕਿਉਂਕਿ ਉਹ ਪੜ੍ਹਾਈ ’ਤੇ ਘੱਟ ਸਮਾਂ ਅਤੇ ਸੋਸ਼ਲ ਮੀਡੀਆ ’ਤੇ ਜ਼ਿਆਦਾ ਸਮਾਂ ਬਿਤਾਉਂਦੇ ਹਨ। ਇਹ ਉਨ੍ਹਾਂ ਦੇ ਪੜ੍ਹਾਈ ਵੱਲ ਧਿਆਨ ਦੇਣ ਦੀ ਆਦਤ ਨੂੰ ਘਟਾ ਦਿੰਦੀ ਹੈ, ਜਿਸ ਨਾਲ ਮਹੱਤਵਪੂਰਨ ਕੰਮਾਂ ’ਤੇ ਧਿਆਨ ਦੇਣਾ ਮੁਸ਼ਕਿਲ ਹੋ ਜਾਂਦਾ ਹੈ। ਨੀਂਦ ਦੀ ਕਮੀ ਆਮ ਗੱਲ ਹੈ, ਕਿਉਂਕਿ ਬਹੁਤ ਸਾਰੇ ਵਿਦਿਆਰਥੀ ਦੇਰ ਤਕ ਜਾਗਦੇ ਰਹਿੰਦੇ ਹਨ, ਔਨਲਾਈਨ ਰੁੱਝੇ ਰਹਿੰਦੇ ਹਨ, ਜੋ ਉਹਨਾਂ ਦੀ ਸਿਹਤ ਅਤੇ ਬੋਧਾਤਮਕ ਕਾਰਜਾਂ ਨੂੰ ਪ੍ਰਭਾਵਤ ਕਰਦੇ ਹਨ। ਸੋਸ਼ਲ ਮੀਡੀਆ ਮਾਨਸਿਕ ਸਿਹਤ ਸਮੱਸਿਆਵਾਂ ਜਿਵੇਂ ਚਿੰਤਾ, ਉਦਾਸੀ ਆਦਿ ਸਮੱਸਿਆਵਾਂ ਨੂੰ ਜੀਵਨ ਵਿੱਚ ਉਤਪਨ ਕਰਦਾ ਹੈ। ਇਸ ਤੋਂ ਇਲਾਵਾ ਇਹ ਸਮਾਜਿਕ ਅਲੱਗ-ਥਲੱਗਤਾ ਨੂੰ ਉਤਸ਼ਾਹਿਤ ਕਰਦਾ ਹੈ, ਕਿਉਂਕਿ ਔਨਲਾਈਨ ਪਰਸਪਰ ਪ੍ਰਭਾਵ ਅਸਲ-ਜੀਵਨ ਸੰਪਰਕਾਂ ਦੀ ਥਾਂ ਲੈ ਲੈਂਦਾ ਹੈ। ਜ਼ਿੰਦਗੀ ਵਿੱਚ ਆਲਸ ਅਤੇ ਅਕਿਰਿਆਸ਼ੀਲਤਾ ਕਾਰਨ ਸਰੀਰਕ ਸਿਹਤ ਦਾ ਨੁਕਸਾਨ ਹੁੰਦਾ ਹੈ, ਜਿਸ ਨਾਲ ਜੀਵਨ ਵਿੱਚ ਕਈ ਪ੍ਰਕਾਰ ਦੇ ਸਰੀਰਕ ਅਤੇ ਮਾਨਸਿਕ ਰੋਗ ਉਤਪਨ ਹੋ ਜਾਂਦੇ ਹਨ।

ਸੋਸ਼ਲ ਮੀਡੀਆ ਦੀ ਬਹੁਤ ਜ਼ਿਆਦਾ ਵਰਤੋਂ ਵਿਦਿਆਰਥੀ ਦੇ ਅਕਾਦਮਿਕ ਪ੍ਰਦਰਸ਼ਨ ਨੂੰ ਮਹੱਤਵਪੂਰਨ ਤੌਰ ’ਤੇ ਪ੍ਰਭਾਵਿਤ ਕਰ ਸਕਦੀ ਹੈ। ਇੰਨਸਟਾਗ੍ਰਾਮ, ਸਨੈਪ ਚੈਟ, ਟਿੱਕ-ਟਾਕ, ਫੇਸਬੁੱਕ, ਯੂ-ਟਿਊਬ ਆਦਿ ਵਰਗੇ ਪਲੇਟਫਾਰਮਾਂ ’ਤੇ ਬਹੁਤ ਜ਼ਿਆਦਾ ਸਮਾਂ ਬਿਤਾਉਣ ਨਾਲ ਅਧਿਐਨ ਕਰਨ, ਹੋਮਵਰਕ ਨੂੰ ਪੂਰਾ ਕਰਨ, ਅਤੇ ਅਕਾਦਮਿਕ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਸਮੱਸਿਆਵਾਂ ਉਤਪਨ ਹੁੰਦੀਆਂ ਹਨ। ਇਸਦੇ ਨਤੀਜੇ ਵਜੋਂ ਅਕਾਦਮਿਕ ਪੱਧਰ ਵਿੱਚ ਗਿਰਾਵਟ ਹੋ ਸਕਦੀ ਹੈ।

ਲਗਾਤਾਰ ਸਕ੍ਰੋਲਿੰਗ ਅਤੇ ਛੋਟੇ ਵੀਡੀਓਜ਼ ਦੀ ਤੇਜ਼ ਖਪਤ ਵਿਦਿਆਰਥੀ ਦੇ ਧਿਆਨ ਕੇਂਦਰਿਤ ਕਰਨ ਵਿੱਚ ਸਮੱਸਿਆ ਪੈਦਾ ਹੋ ਸਕਦੀ ਹੈ। ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਤਤਕਾਲ ਪ੍ਰਸੰਨਤਾ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ, ਜੋ ਵਿਦਿਆਰਥੀਆਂ ਲਈ ਜਿਨ੍ਹਾਂ ਕੰਮਾਂ ’ਤੇ ਧਿਆਨ ਕੇਂਦਰਿਤ ਕਰਨ ਲਈ ਨਿਰੰਤਰ ਮਾਨਸਿਕ ਮਿਹਨਤ ਦੀ ਲੋੜ ਹੁੰਦੀ ਹੈ, ਉਹਨਾਂ ਕੰਮਾਂ ਨੂੰ ਮੁਸ਼ਕਿਲ ਬਣਾ ਸਕਦਾ ਹੈ, ਜਿਵੇਂ ਕਿ ਪੜ੍ਹਨਾ, ਅਧਿਐਨ ਕਰਨਾ, ਜਾਂ ਲੇਖ ਲਿਖਣਾ।

ਬਹੁਤ ਸਾਰੇ ਵਿਦਿਆਰਥੀ ਸੋਸ਼ਲ ਮੀਡੀਆ ’ਤੇ ਦੇਰ ਨਾਲ ਜਾਗਦੇ ਰਹਿੰਦੇ ਹਨ, ਜਿਸ ਨਾਲ ਨੀਂਦ ਦੀ ਕਮੀ ਹੋ ਸਕਦੀ ਹੈ। ਨੀਂਦ ਦੀ ਕਮੀ ਬੋਧਾਤਮਕ ਕਾਰਜਾਂ, ਮੂਡ ਅਤੇ ਸਮੁੱਚੀ ਸਿਹਤ ਨੂੰ ਪ੍ਰਭਾਵਿਤ ਕਰਦੀ ਹੈ, ਜਿਸ ਨਾਲ ਵਿਦਿਆਰਥੀਆਂ ਲਈ ਕਲਾਸਾਂ ਦੌਰਾਨ ਧਿਆਨ ਕੇਂਦਰਿਤ ਕਰਨਾ ਅਤੇ ਜਾਣਕਾਰੀ ਨੂੰ ਬਰਕਰਾਰ ਰੱਖਣਾ ਔਖਾ ਹੋ ਜਾਂਦਾ ਹੈ।

ਸੋਸ਼ਲ ਮੀਡੀਆ ਦੀ ਜ਼ਿਆਦਾ ਵਰਤੋਂ ਕਈ ਮਾਨਸਿਕ ਸਿਹਤ ਮੁੱਦਿਆਂ ਜਿਵੇਂ ਕਿ ਚਿੰਤਾ, ਡਿਪਰੈਸ਼ਨ ਅਤੇ ਘੱਟ ਸਵੈਮਾਣ ਨਾਲ ਜੁੜੀ ਹੋਈ ਹੈ। ਇਸ ਨਾਲ ਵਿਦਿਆਰਥੀ ਸਮਾਜ ਵਿੱਚ ਇਕੱਲਤਾ ਦਾ ਸ਼ਿਕਾਰ ਹੋ ਜਾਂਦਾ ਹੈ। ਸਮਾਜ ਵਿੱਚ ਸਹਿਯੋਗ ਦੇਣ ਦੀ ਭਾਵਨਾ ਨਾਂਹ ਦੇ ਬਰਾਬਰ ਹੋ ਜਾਂਦੀ ਹੈ।

ਸੋਸ਼ਲ ਮੀਡੀਆ ਸਾਈਬਰ ਧੱਕੇਸ਼ਾਹੀ ਲਈ ਇੱਕ ਪਲੇਟਫਾਰਮ ਹੋ ਸਕਦਾ ਹੈ, ਜਿੱਥੇ ਵਿਦਿਆਰਥੀਆਂ ਨੂੰ ਪ੍ਰੇਸ਼ਾਨੀ ਜਾਂ ਨਕਾਰਾਤਮਕ ਟਿੱਪਣੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਉਹਨਾਂ ਦੀ ਮਾਨਸਿਕ ਤੰਦਰੁਸਤੀ ਨੂੰ ਮਹੱਤਵਪੂਰਣ ਰੂਪ ਵਿੱਚ ਪ੍ਰਭਾਵਿਤ ਕਰ ਸਕਦਾ ਹੈ ਅਤੇ ਤਣਾਅ, ਚਿੰਤਾ, ਜਾਂ ਇੱਥੋਂ ਤਕ ਕਿ ਉਦਾਸੀ ਦਾ ਕਾਰਨ ਬਣ ਸਕਦਾ ਹੈ।

ਸ਼ੁਰੂ ਵਿੱਚ ਸੋਸ਼ਲ ਮੀਡੀਆ ਸਮਾਜ ਵਿੱਚ ਲੋਕਾਂ ਨੂੰ ਜੋੜਨ ਲਈ ਤਿਆਰ ਕੀਤਾ ਗਿਆ ਸੀ ਪਰ ਸਮਾਂ ਬੀਤਣ ਦੇ ਨਾਲ ਇਸਦੀ ਬਹੁਤ ਜ਼ਿਆਦਾ ਵਰਤੋਂ ਹੋਣ ਕਾਰਨ ਇਨਸਾਨ ਸਮਾਜ ਜਾਂ ਪਰਿਵਾਰ ਵਿੱਚ ਇਕੱਲਤਾ ਦਾ ਆਦਿ ਹੋ ਰਿਹਾ ਹੈ। ਵਿਦਿਆਰਥੀ, ਪਰਿਵਾਰ ਅਤੇ ਦੋਸਤਾਂ ਨਾਲ ਆਹਮੋ-ਸਾਹਮਣੇ ਗੱਲਬਾਤ ਕਰਨ ਨਾਲੋਂ ਔਨਲਾਈਨ ਜ਼ਿਆਦਾ ਸਮਾਂ ਬਿਤਾ ਰਹੇ ਹਨ, ਜਿਸ ਨਾਲ ਅਸਲ-ਸੰਸਾਰ ਵਿੱਚ ਰਿਸ਼ਤੇ ਕਮਜ਼ੋਰ ਹੋ ਜਾਂਦੇ ਹਨ।

ਸੋਸ਼ਲ ਮੀਡੀਆ ਬਿਨਾਂ ਸੇਧ ਤੋਂ ਭਟਕਣ ਦਾ ਇੱਕ ਵੱਡਾ ਸਰੋਤ ਹੋ ਸਕਦਾ ਹੈ। ਵਿਦਿਆਰਥੀ ਆਪਣੀ ਪੜ੍ਹਾਈ ’ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ ਆਪਣੇ ਆਪ ਨੂੰ ਲਗਾਤਾਰ ਆਪਣੇ ਫ਼ੋਨਾਂ ’ਤੇ ਸੁਨੇਹੇ ਦੇਖਦੇ ਰਹਿ ਸਕਦੇ ਹਨ, ਜਿਸ ਨਾਲ ਅਧੂਰੀਆਂ ਅਸਾਈਨਮੈਂਟਾਂ ਅਤੇ ਸਮੇਂ ਦਾ ਸਹੀ ਉਪਯੋਗ ਨਾ ਹੋਣ ਕਾਰਨ ਪੜ੍ਹਾਈ ਦਾ ਨੁਕਸਾਨ ਹੋ ਸਕਦਾ ਹੈ।

ਸੋਸ਼ਲ ਮੀਡੀਆ ਦੀ ਵਰਤੋਂ ਕਾਰਨ ਅਕਿਰਿਆਸ਼ੀਲਤਾ ਦੇ ਵਧੇ ਹੋਏ ਸਮੇਂ ਕਾਰਨ ਵੱਖ-ਵੱਖ ਸਰੀਰਕ ਸਿਹਤ ਸਮੱਸਿਆਵਾਂ ਉਤਪਨ ਹੋ ਸਕਦੀਆਂ ਹਨ ਜਿਵੇਂ ਕਿ ਅੱਖਾਂ ਵਿੱਚ ਤਣਾਅ, ਮਾੜੀ ਸਥਿਤੀ, ਅਤੇ ਇੱਥੋਂ ਤਕ ਕਿ ਮੋਟਾਪਾ। ਸਰੀਰਕ ਗਤੀਵਿਧੀ ਦੀ ਘਾਟ ਸਮੁੱਚੀ ਸਿਹਤ ਅਤੇ ਤੰਦਰੁਸਤੀ ਨੂੰ ਵੀ ਨਕਾਰਾਤਮਕ ਤੌਰ ’ਤੇ ਪ੍ਰਭਾਵਿਤ ਕਰ ਸਕਦੀ ਹੈ।

ਸਮੱਸਿਆਵਾਂ ਨੂੰ ਦੂਰ ਕਰਨ ਲਈ ਹੱਲ:

ਵਿਦਿਆਰਥੀਆਂ ਨੂੰ ਸੋਸ਼ਲ ਮੀਡੀਆ ਦੀ ਵਰਤੋਂ ਲਈ ਖਾਸ ਸਮਾਂ ਸੀਮਾਵਾਂ ਤੈਅ ਕਰਨੀਆਂ ਚਾਹੀਦੀਆਂ ਹਨ। ਇਹ ਸਮਾਰਟਫ਼ੋਨਾਂ ਜਾਂ ਸਮਰਪਿਤ ਐਪਾਂ ’ਤੇ ਬਿਲਟ-ਇਨ ਸਕ੍ਰੀਨ ਟਾਈਮ ਟ੍ਰੈਕਰਸ ਦੀ ਵਰਤੋਂ ਕਰਕੇ ਕੀਤਾ ਜਾ ਸਕਦਾ ਹੈ ਜੋ ਵਰਤੋਂ ਦੀ ਨਿਗਰਾਨੀ ਅਤੇ ਪ੍ਰਤਿਬੰਧਿਤ ਕਰਦੇ ਹਨ। ਸੋਸ਼ਲ ਮੀਡੀਆ ਲਈ ਪ੍ਰਤੀ ਦਿਨ ਇੱਕ ਨਿਸ਼ਚਿਤ ਸਮਾਂ ਨਿਰਧਾਰਤ ਕਰਨ ਨਾਲ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲ ਸਕਦੀ ਹੈ ਕਿ ਇਹ ਅਕਾਦਮਿਕ ਜ਼ਿੰਮੇਵਾਰੀਆਂ ਵਿੱਚ ਦਖ਼ਲ ਨਹੀਂ ਦਿੰਦਾ ਹੈ।

ਅਧਿਐਨ ਸਮੇਂ ਛੋਟੇ ਅੰਤਰਾਲ ਵਿੱਚ ਵਰਤੋਂ ਦੇ ਨਿਯਮ ਨੂੰ ਸ਼ਾਮਲ ਕਰਨ ਨਾਲ ਉਤਪਾਦਕਤਾ ਵਿੱਚ ਸੁਧਾਰ ਹੋ ਸਕਦਾ ਹੈ ਅਤੇ ਸੋਸ਼ਲ ਮੀਡੀਆ ਨੂੰ ਲਗਾਤਾਰ ਚੈੱਕ ਕਰਨ ਦੇ ਲਾਲਚ ਨੂੰ ਘਟਾਇਆ ਜਾ ਸਕਦਾ ਹੈ। ਪੋਮੋਡੋਰੋ ਤਕਨੀਕ ਵਰਗੀਆਂ ਤਕਨੀਕਾਂ ਦੀ ਵਰਤੋਂ ਕਰਨਾ, ਜਿੱਥੇ ਵਿਦਿਆਰਥੀ 25 ਮਿੰਟ ਕੰਮ ਕਰਦੇ ਹਨ ਅਤੇ ਫਿਰ 5-ਮਿੰਟ ਦਾ ਬ੍ਰੇਕ ਲੈਂਦੇ ਹਨ, ਫੋਕਸ ਬਣਾਈ ਰੱਖਣ ਵਿੱਚ ਮਦਦ ਕਰ ਸਕਦੇ ਹਨ।

ਵਿਦਿਆਰਥੀਆਂ ਨੂੰ ਸੋਸ਼ਲ ਮੀਡੀਆ ’ਤੇ ਆਪਣੀਆਂ ਅਕਾਦਮਿਕ ਅਤੇ ਨਿੱਜੀ ਜ਼ਿੰਮੇਵਾਰੀਆਂ ਨੂੰ ਪਹਿਲ ਦੇਣੀ ਚਾਹੀਦੀ ਹੈ। ਇੱਕ ਰੋਜ਼ਾਨਾ ਜਾਂ ਹਫਤਾਵਾਰੀ ਸਮਾਂ-ਸਾਰਣੀ ਬਣਾਉਣਾ ਜਿਸ ਵਿੱਚ ਅਧਿਐਨ ਕਰਨ, ਕਸਰਤ ਕਰਨ ਅਤੇ ਸਮਾਜਿਕ ਪਰਸਪਰ ਕ੍ਰਿਆਵਾਂ ਲਈ ਸਮਾਂ ਸ਼ਾਮਲ ਹੋਵੇ, ਸਮੇਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕਰਨ ਅਤੇ ਬੇਲੋੜੀ ਸੋਸ਼ਲ ਮੀਡੀਆ ਦੀ ਵਰਤੋਂ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ।

ਨਿਯਮਤ ਡਿਜਿਟਲ ਡੀਟੌਕਸ ਲਾਹੇਵੰਦ ਹੋ ਸਕਦੇ ਹਨ। ਵਿਦਿਆਰਥੀ ਖਾਸ ਦਿਨ ਜਾਂ ਹਫਤੇ ਦੇ ਅੰਤ ਨੂੰ ਇੱਕ ਪਾਸੇ ਰੱਖ ਸਕਦੇ ਹਨ ਜਿੱਥੇ ਉਹ ਅਸਲ ਸੰਸਾਰ ਨਾਲ ਮੁੜ ਜੁੜਨ ਅਤੇ ਡਿਜਿਟਲ ਪਲੇਟਫਾਰਮਾਂ ’ਤੇ ਨਿਰਭਰਤਾ ਘਟਾਉਣ ਲਈ ਸੋਸ਼ਲ ਮੀਡੀਆ ਤੋਂ ਪੂਰੀ ਤਰ੍ਹਾਂ ਬਚਦੇ ਹਨ।

ਔਫਲਾਈਨ ਗਤੀਵਿਧੀਆਂ ਜਿਵੇਂ ਕਿ ਖੇਡਾਂ, ਸ਼ੌਕ, ਪੜ੍ਹਨ, ਜਾਂ ਸਮਾਜਿਕ ਕੰਮਾਂ ਵਿੱਚ ਭਾਗੀਦਾਰੀ ਨੂੰ ਉਤਸ਼ਾਹਿਤ ਕਰਨਾ - ਸੋਸ਼ਲ ਮੀਡੀਆ ਨੂੰ ਸੰਪੂਰਨ ਵਿਕਲਪ ਪ੍ਰਦਾਨ ਕਰ ਸਕਦਾ ਹੈ। ਇਹ ਗਤੀਵਿਧੀਆਂ ਨਾ ਸਿਰਫ਼ ਜੀਵਨ ਦੇ ਤਜਰਬਿਆਂ ਨੂੰ ਭਰਪੂਰ ਕਰਦੀਆਂ ਹਨ ਬਲਕਿ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਨੂੰ ਵੀ ਉਤਸ਼ਾਹਿਤ ਕਰਦੀਆਂ ਹਨ।

ਸੋਸ਼ਲ ਮੀਡੀਆ ਦੀ ਵਰਤੋਂ ਦੇ ਪ੍ਰਬੰਧਨ ਲਈ ਸਵੈ-ਅਨੁਸ਼ਾਸਨ ਦਾ ਨਿਰਮਾਣ ਕਰਨਾ ਮਹੱਤਵਪੂਰਨ ਹੈ। ਵਿਦਿਆਰਥੀ ਲਗਾਤਾਰ ਆਪਣੇ ਫ਼ੋਨਾਂ ਉੱਪਰ ਸਮਾਂ ਬਿਤਾਉਣ ਦੀ ਇੱਛਾ ਦਾ ਵਿਰੋਧ ਕਰਨ ਲਈ ਸਾਵਧਾਨੀ ਅਤੇ ਸਵੈ-ਨਿਯੰਤਰਣ ਤਕਨੀਕਾਂ ਦਾ ਅਭਿਆਸ ਕਰ ਸਕਦੇ ਹਨ। ਮੈਡੀਟੇਸ਼ਨ ਅਤੇ ਦਿਮਾਗੀ ਅਭਿਆਸ ਫੋਕਸ ਨੂੰ ਬਿਹਤਰ ਬਣਾਉਣ ਅਤੇ ਤਣਾਅ ਘਟਾਉਣ ਵਿੱਚ ਮਦਦ ਕਰ ਸਕਦੇ ਹਨ।

ਮਾਪੇ ਅਤੇ ਸਿੱਖਿਅਕ ਵਿਦਿਆਰਥੀਆਂ ਨੂੰ ਸੋਸ਼ਲ ਮੀਡੀਆ ਦੀ ਜ਼ਿੰਮੇਵਾਰ ਵਰਤੋਂ ਬਾਰੇ ਮਾਰਗਦਰਸ਼ਨ ਕਰਕੇ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਸੰਭਾਵੀ ਨਕਾਰਾਤਮਕ ਪ੍ਰਭਾਵਾਂ ਬਾਰੇ ਖੁੱਲ੍ਹ ਕੇ ਵਿਚਾਰ-ਵਟਾਂਦਰਾ ਕਰਨਾ ਅਤੇ ਉਹਨਾਂ ਦੇ ਆਪਣੇ ਸੋਸ਼ਲ ਮੀਡੀਆ ਦੀ ਵਰਤੋਂ ਨੂੰ ਸੰਚਾਲਿਤ ਕਰਕੇ ਇੱਕ ਚੰਗੀ ਮਿਸਾਲ ਕਾਇਮ ਕਰਨਾ ਵਿਦਿਆਰਥੀਆਂ ਨੂੰ ਸਕਾਰਾਤਮਕ ਤੌਰ ’ਤੇ ਪ੍ਰਭਾਵਿਤ ਕਰ ਸਕਦਾ ਹੈ।

ਸਕੂਲ ਅਤੇ ਵਿੱਦਿਅਕ ਅਦਾਰੇ ਬਹੁਤ ਜ਼ਿਆਦਾ ਸੋਸ਼ਲ ਮੀਡੀਆ ਦੀ ਵਰਤੋਂ ਦੇ ਸੰਭਾਵੀ ਖ਼ਤਰਿਆਂ ਬਾਰੇ ਜਾਗਰੂਕਤਾ ਨੂੰ ਵਧਾ ਸਕਦੇ ਹਨ। ਵਰਕਸ਼ਾਪਾਂ, ਸੈਮੀਨਾਰ ਅਤੇ ਮੁਹਿੰਮਾਂ ਵਿਦਿਆਰਥੀਆਂ ਨੂੰ ਔਨਲਾਈਨ ਅਤੇ ਔਫਲਾਈਨ ਗਤੀਵਿਧੀਆਂ ਵਿਚਕਾਰ ਇੱਕ ਸਿਹਤਮੰਦ ਸੰਤੁਲਨ ਬਣਾਈ ਰੱਖਣ ਬਾਰੇ ਸਿੱਖਿਅਤ ਕਰ ਸਕਦੀਆਂ ਹਨ।

ਵਿਦਿਆਰਥੀਆਂ ਨੂੰ ਵਿੱਦਿਅਕ ਉਦੇਸ਼ਾਂ ਲਈ ਤਕਨਾਲੋਜੀ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰਨਾ ਮਨੋਰੰਜਨ ਤੋਂ ਉਤਪਾਦਕ ਵਰਤੋਂ ਵੱਲ ਧਿਆਨ ਕੇਂਦਰਿਤ ਕਰ ਸਕਦਾ ਹੈ। ਵਿੱਦਿਅਕ ਐਪਸ, ਔਨਲਾਈਨ ਕੋਰਸ, ਅਤੇ ਡਿਜਿਟਲ ਲਾਇਬ੍ਰੇਰੀਆਂ ਸਿੱਖਣ ਦੇ ਅਨੁਭਵਾਂ ਨੂੰ ਵਧਾ ਸਕਦੀਆਂ ਹਨ ਅਤੇ ਡਿਜਿਟਲ ਡਿਵਾਈਸਾਂ ਦੀ ਰਚਨਾਤਮਕ ਵਰਤੋਂ ਪ੍ਰਦਾਨ ਕਰ ਸਕਦੀਆਂ ਹਨ।

ਜੇਕਰ ਸੋਸ਼ਲ ਮੀਡੀਆ ਦੀ ਵਰਤੋਂ ਵਿਦਿਆਰਥੀ ਦੀ ਮਾਨਸਿਕ ਸਿਹਤ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀ ਹੈ, ਤਾਂ ਕਿਸੇ ਸਲਾਹਕਾਰ ਜਾਂ ਥੈਰੇਪਿਸਟ ਤੋਂ ਪੇਸ਼ੇਵਰ ਮਦਦ ਮੰਗਣਾ ਲਾਭਦਾਇਕ ਹੋ ਸਕਦਾ ਹੈ। ਪੇਸ਼ੇਵਰ ਮਾਰਗਦਰਸ਼ਨ ਸੋਸ਼ਲ ਮੀਡੀਆ ਦੀ ਵਰਤੋਂ ਦਾ ਪ੍ਰਬੰਧਨ ਕਰਨ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਨੂੰ ਹੱਲ ਕਰਨ ਲਈ ਰਣਨੀਤੀਆਂ ਪ੍ਰਦਾਨ ਕਰ ਸਕਦਾ ਹੈ।

ਬਿਨਾਂ ਕਿਸੇ ਵੱਡੇ ਲਾਭ ਦੇ ਸੋਸ਼ਲ ਮੀਡੀਆ ਦੀਆਂ ਗਤੀਵਿਧੀਆਂ ਵਿੱਚ ਨੌਜਵਾਨ ਵਿਦਿਆਰਥੀਆਂ ਦੀ ਜ਼ਿਆਦਾ ਸ਼ਮੂਲੀਅਤ ਕਈ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ, ਜਿਸ ਵਿੱਚ ਅਕਾਦਮਿਕ ਗਿਰਾਵਟ, ਧਿਆਨ ਦਾ ਸਮਾਂ ਘਟਣਾ, ਨੀਂਦ ਦੀ ਕਮੀ, ਮਾਨਸਿਕ ਸਿਹਤ ਸਮੱਸਿਆਵਾਂ, ਸਾਈਬਰ ਧੱਕੇਸ਼ਾਹੀ, ਸਮਾਜਿਕ ਇਕੱਲਤਾ, ਪੜ੍ਹਾਈ ਵਿੱਚ ਨੁਕਸਾਨ, ਅਤੇ ਸਰੀਰਕ ਸਿਹਤ ਸਮੱਸਿਆਵਾਂ ਸ਼ਾਮਲ ਹਨ। ਹਾਲਾਂਕਿ, ਇਹਨਾਂ ਚੁਣੌਤੀਆਂ ਨੂੰ ਵਿਹਾਰਕ ਹੱਲਾਂ ਦੇ ਲਾਗੂ ਕਰਨ ਨਾਲ ਘਟਾਇਆ ਜਾ ਸਕਦਾ ਹੈ ਜਿਵੇਂ ਕਿ ਸਮਾਂ ਸੀਮਾਵਾਂ ਨਿਰਧਾਰਤ ਕਰਨਾ, ਸਮਾਂ-ਸੀਮਾ ਤੈਅ ਕਰਨਾ, ਜ਼ਿੰਮੇਵਾਰੀਆਂ ਨੂੰ ਤਰਜੀਹ ਦੇਣਾ, ਡਿਜਿਟਲ ਡੀਟੌਕਸ ਵਿੱਚ ਸ਼ਾਮਲ ਹੋਣਾ, ਔਫਲਾਈਨ ਗਤੀਵਿਧੀਆਂ ਵਿੱਚ ਹਿੱਸਾ ਲੈਣਾ, ਸਵੈ-ਅਨੁਸ਼ਾਸਨ ਵਿੱਚ ਸੁਧਾਰ ਕਰਨਾ, ਮਾਪਿਆਂ ਅਤੇ ਵਿੱਦਿਅਕ ਮਾਰਗਦਰਸ਼ਨ, ਜਾਗਰੂਕਤਾ ਨੂੰ ਉਤਸ਼ਾਹਿਤ ਕਰਨਾ, ਤਕਨਾਲੋਜੀ ਦੀ ਵਰਤੋਂ ਕਰਨਾ, ਸਕਾਰਾਤਮਕ ਅਤੇ ਪੇਸ਼ੇਵਰ ਮਦਦ ਦੀ ਮੰਗ ਆਦਿ। ਇਹਨਾਂ ਰਣਨੀਤੀਆਂ ਨੂੰ ਅਪਣਾ ਕੇ ਵਿਦਿਆਰਥੀ ਆਪਣੇ ਔਨਲਾਈਨ ਅਤੇ ਔਫਲਾਈਨ ਜੀਵਨ ਵਿੱਚ ਇੱਕ ਸਿਹਤਮੰਦ ਸੰਤੁਲਨ ਪ੍ਰਾਪਤ ਕਰ ਸਕਦੇ ਹਨ, ਇਹ ਯਕੀਨੀ ਬਣਾਉਂਦੇ ਹੋਏ ਕਿ ਸੋਸ਼ਲ ਮੀਡੀਆ ਭਟਕਣਾ ਅਤੇ ਤਣਾਅ ਦੇ ਸਰੋਤ ਦੀ ਬਜਾਏ ਕੁਨੈਕਸ਼ਨ ਅਤੇ ਸਿੱਖਣ ਦਾ ਇੱਕ ਸਾਧਨ ਬਣ ਜਾਂਦਾ ਹੈ। ਮਾਪਿਆਂ, ਸਿੱਖਿਅਕਾਂ ਅਤੇ ਸਾਥੀਆਂ ਦੇ ਸੁਚੇਤ ਯਤਨਾਂ ਅਤੇ ਸਮਰਥਨ ਨਾਲ ਨੌਜਵਾਨ ਵਿਦਿਆਰਥੀ ਬਹੁਤ ਜ਼ਿਆਦਾ ਸੋਸ਼ਲ ਮੀਡੀਆ ਦੀ ਵਰਤੋਂ ਦੇ ਮਾੜੇ ਪ੍ਰਭਾਵਾਂ ਨੂੰ ਦੂਰ ਕਰ ਸਕਦੇ ਹਨ ਅਤੇ ਵਧੇਰੇ ਲਾਭਕਾਰੀ ਅਤੇ ਸੰਪੂਰਨ ਜੀਵਨ ਜੀ ਸਕਦੇ ਹਨ।

# ਬਹਿਸਾਂ ਨੇ ਅਮਰੀਕੀ ਲੋਕਤੰਤਰ ਦਾ ਮਜ਼ਬੂਤ ਥੰਮ੍ਹ

ਲਿਖਤ : ਦਰਬਾਰਾ ਸਿੰਘ ਕਾਹਲੋਂ
ਸੰਪਰਕ : +12898 292929

ਅਮਰੀਕੀ ਰਾਜਨੀਤੀਵਾਨਾਂ, ਰਾਸ਼ਟਰਵਾਦੀ ਸ਼ਖ਼ਸੀਅਤਾਂ ਅਤੇ ਲੋਕਤੰਤਰ ਦੇ ਦੀਵਾਨਿਆਂ ਨੇ ਅਮਰੀਕੀ ਲੋਕਤੰਤਰ ਦੀ ਰਾਖੀ, ਵਿਕਾਸ, ਸਦਾਕਤ, ਪਵਿੱਤਰਤਾ, ਰਾਸ਼ਟਰਵਾਦੀ ਇਕਜੁੱਟਤਾ ਕਾਇਮ ਰੱਖਣ ਲਈ ਰਾਸ਼ਟਰਪਤੀ ਦੇ ਨਾਮਵਰ ਅਹੁਦੇ ਲਈ ਸਹੀ ਰਾਜਨੀਤਕ ਆਗੂ ਤੇ ਸ਼ਖ਼ਸੀਅਤ ਦੀ ਚੋਣ ਲਈ ਰਾਸ਼ਟਰੀ ਪੱਧਰ 'ਤੇ ਬਹਿਸ ਕੀਤੇ ਜਾਣ ਦੇ ਤਰੀਕਾਕਾਰ ਨੂੰ ਅਪਨਾਇਆ। ਅਮਰੀਕੀ ਲੋਕਤੰਤਰ ਦੀ ਮਜ਼ਬੂਤੀ ਸਵੱਛਤਾ, ਉੱਚ ਕਦਰਾਂ-ਕੀਮਤਾਂ ਦੀ ਰਾਖੀ ਲਈ ਇਸ ਨੂੰ ਇਕ ਜ਼ਰੂਰੀ ਰਵਾਇਤ ਵਜੋਂ ਅਪਨਾਇਆ ਭਾਵੇਂ ਇਸ ਨੂੰ ਕੋਈ ਸੰਵਿਧਾਨਕ ਮਾਨਤਾ ਹਾਸਲ ਨਹੀਂ ਹੈ।

ਰਾਸ਼ਟਰਪਤੀ ਪਦ ਲਈ ਪ੍ਰਾਇਮਰੀ ਚੋਣਾਂ ਵੇਲੇ ਵੱਖ-ਵੱਖ ਉਮੀਦਵਾਰਾਂ ਵਿਚਕਾਰ ਬਹਿਸਾਂ ਦਾ ਇਤਿਹਾਸ ਕਾਫ਼ੀ ਪੁਰਾਣਾ ਹੈ। ਸੰਨ 1860 'ਚ ਇਬਰਾਹੀਮ ਲਿੰਕਨ ਅਤੇ ਸੈਨੇਟਰ ਸਟੀਫਨ ਏ ਡਗਲਸ ਵੀ ਭਿੜੇ ਸਨ ਪਰ ਕਿਸੇ ਸੰਚਾਲਕ ਬਗੈਰ। ਰੇਡੀਓ ਤੇ ਟੈਲੀਵਿਜ਼ਨ 'ਤੇ ਅਮਰੀਕੀ ਰਾਸ਼ਟਰਪਤੀ ਪਦ ਲਈ ਪ੍ਰਮੁੱਖ ਡੈਮੋਕ੍ਰੇਟਿਕ ਤੇ ਰਿਪਬਲਿਕਨ ਉਮੀਦਵਾਰਾਂ ਦਰਮਿਆਨ ਪਹਿਲੀ ਵਿਧੀਵਤ ਬਹਿਸ 26 ਸਤੰਬਰ 1960 ਨੂੰ ਜਾਹਨ ਐੱਫ ਕੈਨੇਡੀ ਤੇ ਰਿਚਰਡ ਨਿਕਸਨ ਵਿਚਾਲੇ ਹੋਈ ਸੀ। ਅਮਰੀਕਾ ਦੀ ਉਸ ਸਮੇਂ ਕੁੱਲ ਆਬਾਦੀ 179 ਮਿਲੀਅਨ 'ਚੋਂ 66 ਮਿਲੀਅਨ ਲੋਕਾਂ ਨੇ ਇਸ ਨੂੰ ਵੇਖਿਆ ਸੀ। ਇਸ ਤੋਂ 16 ਸਾਲ ਬਾਅਦ 1976 'ਚ 23 ਸਤੰਬਰ ਨੂੰ ਜਿਮੀ ਕਾਰਟਰ ਤੇ ਜੇਰਾਲਡ ਫੋਰਡ ਦਰਮਿਆਨ ਗਹਿਗੱਚ ਬਹਿਸ ਵੇਖਣ ਨੂੰ ਮਿਲੀ ਸੀ। ਸੰਨ 1980 'ਚ ਹੋਈ ਬਹਿਸ 226 ਮਿਲੀਅਨ ਅਮਰੀਕੀਆਂ 'ਚੋਂ 80 ਮਿਲੀਅਨ ਨੇ ਵੇਖੀ ਸੀ। ਸੰਨ 1992 ਵਿਚ ਤ੍ਰੈਪੱਖੀ ਬਹਿਸ ਵੇਖਣ ਨੂੰ ਮਿਲੀ। ਇਹ ਡੈਮੋਕ੍ਰੇਟ ਬਿਲ ਕਲਿੰਟਨ, ਰਿਪਬਲਿਕਨ ਰਾਸ਼ਟਰਪਤੀ ਜਾਰਜ ਬੁਸ਼ ਤੇ ਅਰਬਪਤੀ ਰਾਸ ਪੀਰੋਟ ਦਰਮਿਆਨ ਹੋਈ ਸੀ। ਸੰਨ 2012 ਦੀ ਬਹਿਸ 67 ਮਿਲੀਅਨ ਲੋਕਾਂ ਨੇ ਵੇਖੀ ਸੀ ਪਰ ਸੰਨ 2016 'ਚ ਰਿਪਬਲਿਕਨ ਡੋਨਾਲਡ ਟਰੰਪ ਤੇ ਡੈਮੋਕ੍ਰੇਟ ਹਿਲੇਰੀ ਕਲਿੰਟਨ ਵਿਚਾਲੇ ਦਿਲਚਸਪ ਬਹਿਸ 'ਚ ਪਿਛਲੇ ਸਭ ਰਿਕਾਰਡ ਟੁੱਟੇ। ਲਗਪਗ 84 ਮਿਲੀਅਨ ਅਮਰੀਕਨਾਂ ਨੇ ਇਹ ਬਹਿਸ ਵੇਖੀ। ਸੰਨ 2020 'ਚ ਬਾਇਡਨ ਤੇ ਰਾਸ਼ਟਰਪਤੀ ਟਰੰਪ ਦੀ ਬਹਿਸ 73.1 ਮਿਲੀਅਨ ਲੋਕਾਂ ਵੇਖੀ। ਦਸ ਸਤੰਬਰ 2024 ਨੂੰ ਡੈਮੋਕ੍ਰੇਟ ਉਮੀਦਵਾਰ ਕਮਲਾ ਹੈਰਿਸ ਤੇ ਰਿਪਬਲਿਕਨ ਉਮੀਦਵਾਰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਾਲੇ ਬਹਿਸ ਫਿਲਾਡੇਲਫੀਆ (ਪੈਨਸਿਲਵੇਨੀਆ) ਵਿਖੇ 90 ਮਿੰਟ ਚੱਲੀ।

ਇਹ ਬਹਿਸ 67.1 ਮਿਲੀਅਨ ਲੋਕਾਂ ਨੇ ਵੇਖੀ। ਇਹ ਗਿਣਤੀ 27 ਜੂਨ 2024 ਨੂੰ ਰਾਸ਼ਟਰਪਤੀ ਜੋਅ ਬਾਇਡਨ ਤਤਕਾਲੀ ਡੈਮੋਕ੍ਰੇਟਿਕ ਉਮੀਦਵਾਰ ਤੇ ਡੋਨਾਲਡ ਟਰੰਪ ਰਿਪਬਲਿਕਨ ਉਮੀਦਵਾਰ ਦਰਮਿਆਨ ਹੋਈ ਬਹਿਸ ਨਾਲੋਂ 16 ਮਿਲੀਅਨ ਭਾਵ 31 ਪ੍ਰਤੀਸ਼ਤ ਗਿਣਤੀ ਪੱਖੋਂ ਵੱਧ ਸੀ। ਇਹ ਬਹਿਸਾਂ ਕਿਵੇਂ ਅਮਰੀਕੀ ਰਾਸ਼ਟਰ, ਜਨਤਾ ਤੇ ਨੀਤੀਆਂ ਨੂੰ ਪ੍ਰਭਾਵਿਤ ਕਰਦੀਆਂ ਹਨ, ਇਸ ਦੀ ਜਿਊਂਦੀ-ਜਾਗਦੀ ਮਿਸਾਲ 27 ਜੂਨ ਦੀ ਬਹਿਸ ਹੈ ਜਿਸ ਵਿਚ 82 ਸਾਲਾ ਬੁੱਢੇ ਭੁਲੱਕੜ ਮਾਨਸਿਕ ਤੇ ਸਰੀਰਕ ਪੱਖੋਂ ਕਮਜ਼ੋਰ ਪੈ ਚੁੱਕੇ ਰਾਸ਼ਟਰਪਤੀ ਜੋਅ ਬਾਇਡਨ ਦੀ ਅਤਿ-ਨਿਰਾਸ਼ਾਜਨਕ ਕਾਰਗੁਜ਼ਾਰੀ ਕਰ ਕੇ ਡੈਮੋਕ੍ਰੇਟਿਕ ਪਾਰਟੀ ਨੂੰ ਆਪਣਾ ਉਮੀਦਵਾਰ ਬਦਲਣਾ ਪਿਆ। ਉਸ ਦੀ ਥਾਂ ਗਤੀਸ਼ੀਲ ਕਾਨੂੰਨਦਾਨ, ਪ੍ਰਸ਼ਾਸਕ ਤੇ ਦੂਰ-ਅੰਦੇਸ਼ ਡਿਪਲੋਮੈਟ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਉਮੀਦਵਾਰ ਚੁਣਨਾ ਪਿਆ। ਰਾਸ਼ਟਰਪਤੀ ਪਦ ਲਈ ਚੋਣ 5 ਨਵੰਬਰ 2024 ਨੂੰ ਹੋਣ ਜਾ ਰਹੀ ਹੈ। ਰਾਸ਼ਟਰਪਤੀ ਬਾਇਡਨ ਸਾਹਮਣੇ ਪਾਰਟੀ ਨਿਰਣੇ ਅੱਗੇ ਗੋਡੇ ਟੇਕਣ ਤੋਂ ਬਗ਼ੈਰ ਹੋਰ ਕੋਈ ਚਾਰਾ ਵੀ ਨਹੀਂ ਸੀ ਤਾਂ ਕਿ ਉਨ੍ਹਾਂ ਦੀ ਸਨਮਾਨਤ ਵਿਦਾਇਗੀ ਸੰਭਵ ਹੋ ਸਕੇ। ਸਾਰਾ ਵਿਸ਼ਵ ਜਾਣਦਾ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਸੰਨ 2020 ਦੀ ਚੋਣ ਹਾਰਨ ਦੇ ਬਾਵਜੂਦ ਆਪਣਾ ਅਹੁਦਾ ਨਹੀਂ ਸੀ ਛੱਡਣਾ ਚਾਹੁੰਦਾ। ਇਸ ਮੰਤਵ ਲਈ ਉਸ ਨੇ ਅਮਰੀਕੀ ਇਤਿਹਾਸ ਵਿਚ ਕਮਲਾ ਹੈਰਿਸ ਅਨੁਸਾਰ 6 ਜਨਵਰੀ 2021 ਨੂੰ ਅਮਰੀਕੀ ਕੈਪੀਟਲ 'ਤੇ ਰਾਸ਼ਟਰਪਤੀ ਹੁੰਦੇ ਹਮਲੇ ਲਈ ਹਿੰਸਾ ਨੂੰ ਭੜਕਾਇਆ। ਸੋ, ਇਸ ਵਾਰ ਹਰ ਹਾਲਤ ਵਿਚ ਅਮਰੀਕੀ ਰਾਸ਼ਟਰਪਤੀ ਚੋਣਾਂ ਜਿੱਤਣਾ ਚਾਹੁੰਦਾ ਹੈ।



ਸਤਾਈ ਜੂਨ 2024 ਦੀ ਬਹਿਸ ਵਿਚ ਰਾਸ਼ਟਰਪਤੀ ਜੋਅ ਬਾਇਡਨ ਨੂੰ ਚਿੱਤ ਕਰਨ ਤੋਂ ਬਾਅਦ ਨਿਸ਼ਚਤ ਤੌਰ 'ਤੇ ਉਸ ਦੇ ਹੌਸਲੇ ਬੁਲੰਦ ਸਨ। ਪਰ ਜਿਉਂ ਹੀ ਬਹਿਸ ਦੇ ਪੋਡੀਅਮ 'ਤੇ ਕਮਲਾ ਹੈਰਿਸ ਨੇ ਪੂਰਨ ਵਿਸ਼ਵਾਸ ਅਤੇ ਸਵੈ ਮਾਨਸਿਕ ਸੰਤੁਲਨ ਦਾ ਮੁਜ਼ਾਹਰਾ ਕਰਦੇ ਹੋਏ ਡੋਨਾਲਡ ਟਰੰਪ ਨਾਲ ਹੱਥ ਮਿਲਾਇਆ, ਮਿਲੀਅਨਜ਼ ਲੋਕਾਂ ਨੇ ਮਹਿਸੂਸ ਕੀਤਾ ਜਿਵੇਂ ਉਹ ਛਾ ਗਈ ਹੋਵੇ। ਪੈਂਦਿਆਂ ਹੀ ਹੈਰਿਸ ਬਹਿਸ ਦੌਰਾਨ ਹਾਵੀ-ਪ੍ਰਭਾਵੀ ਹੁੰਦੀ ਦਿਸੀ। ਟਰੰਪ ਆਪਣੇ ਹਮਲਾਵਰ ਤੇ ਤੇਜ਼-ਤਰਾਰ ਗੁਸੈਲੇ ਸੁਭਾਅ ਕਰ ਕੇ ਮਸ਼ਹੂਰ ਹੈ ਪਰ ਇਸ ਬਹਿਸ ਵਿਚ ਉਹ ਜੁੰਬਸ਼ ਅੰਗੜਾਈ ਲੈਂਦੀ ਕਿਧਰੇ ਨਜ਼ਰ ਨਹੀਂ ਆਈ। ਇਹ ਗੱਲ ਰਿਪਬਲਿਕਨ ਸਾਂਸਦ ਵੀ ਮਹਿਸੂਸ ਕਰਦੇ ਵਿਖਾਈ ਦਿੰਦੇ ਦਿਸੇ। ਟੈਸਲਾ ਦੇ ਸੀਈਓ ਐਲਨ ਮਸਕ ਦਾ ਕਹਿਣਾ ਹੈ ਕਿ 10 ਸਤੰਬਰ ਦੀ ਰਾਤ ਟਰੰਪ ਲਈ ਬੁਰੀ ਸਾਬਿਤ ਹੋਈ। ਹੈਰਿਸ ਲੋਕਾਂ ਦੀਆਂ ਉਮੀਦਾਂ ਤੋਂ ਵੱਧ ਖਰੀ ਉਤਰੀ ਭਾਵੇਂ ਉਹ ਇਹ ਵੀ ਕਹਿੰਦਾ ਸੁਣਿਆ ਕਿ ਹੈਰਿਸ ਜੇ ਜਿੱਤ ਜਾਂਦੀ ਹੈ ਤਾਂ ਕੀ ਅਸੀਂ ਮੰਗਲ ਗ੍ਰਹਿ 'ਤੇ ਪੁੱਜ ਜਾਵਾਂਗੇ। ਹਕੀਕਤ ਵਿਚ ਇਹ ਬਹਿਸ ਬਹੁਤ ਹੀ ਤਿੱਖੀ ਅਤੇ ਹਮਲਾਵਰ ਕਿਸਮ ਦੀ ਸੀ। ਇਸ ਵਿਚ ਟਰੰਪ ਨੇ ਆਪਣੀ ਆਦਤ ਮੁਤਾਬਕ ਝੂਠ ਲੱਦਣ, ਬਦਨਾਮੀ ਭਰੀ ਸ਼ਬਦਾਵਲੀ, ਨਾਮਕਰਨ ਪੱਖੋਂ ਕੋਈ ਕਸਰ ਨਹੀਂ ਛੱਡੀ। ਕੌਮਾਂਤਰੀ ਮਸਲਿਆਂ 'ਤੇ ਗਾਜ਼ਾ ਜੰਗਬੰਦੀ, ਯੂਕਰੇਨ 'ਤੇ ਰੂਸੀ ਹਮਲਾ, ਵਾਤਾਵਰਨ, ਕੌਮਾਂਤਰੀ ਭਾਈਚਾਰੇ ਨਾਲ ਸਬੰਧ, ਨਾਟੋ, ਵਪਾਰਕ, ਘਰੇਗੀ ਮਤਿਆਂ ਤੇ ਟੈਕਸ ਨਿਜ਼ਾਮ, ਲੋਕਤੰਤਰ ਦੀ ਰਾਖੀ, ਗਰਭਪਾਤ, ਬੰਦੂਕ ਸੱਭਿਆਚਾਰ, ਅਮਰੀਕਨ ਕੌਮੀ ਸਬੰਧਾਂ, ਮਹਿੰਗਾਈ, ਰੁਜ਼ਗਾਰ ਆਦਿ 'ਤੇ ਗਹਿ-ਗੱਚ ਮੁਕਾਬਲਾ ਚੱਲਿਆ।

ਸ਼ੁਰੂ 'ਚ ਟਰੰਪ ਸ਼ਾਂਤੀ ਦਾ ਮੁਜ਼ਾਹਰਾ ਆਪਣੇ ਸੁਭਾਅ ਦੇ ਉਲਟ ਕਰਦਾ ਵਿਖਾਈ ਦਿੱਤਾ ਪਰ ਫਿਰ ਉਸ ਨੇ ਭੌਂਅ-ਭੌਂਅ ਹਮਲੇ ਕੀਤੇ। ਕਮਲਾ ਹੈਰਿਸ ਨੇ ਜਵਾਬ 'ਚ ਆਪਣੀਆਂ ਟੈਕਸ ਨੀਤੀਆਂ ਦਾ ਪ੍ਰਗਟਾਵਾ ਕਰਦੇ ਹੋਏ ਉਸ ਦੀ ਬੋਲਤੀ ਬੰਦ ਕਰਦਿਆਂ ਕਿਹਾ ਕਿ ਉਹ ਬਾਇਡਨ ਵਿਰੁੱਧ ਨਹੀਂ, ਉਸ ਵਿਰੁੱਧ ਚੋਣ ਲੜ ਰਹੇ ਹਨ। ਉਸ ਨੂੰ ਕਈ ਵਾਰ ਚਿਤਾਵਨੀ ਦਿੱਤੀ, 'ਕੁਫ਼ਰ ਮਤ ਤੋਲੋ।' ਟਰੰਪ ਨੇ ਆਪਣੇ ਵਿਰੁੱਧ ਅਪਰਾਧਾਂ ਨੂੰ ਡੈਮੋਕ੍ਰੇਟਾਂ ਵੱਲੋਂ ਬੁਣਿਆ ਜਾਲ ਦੱਸਿਆ ਜਿਸ ਕਰਕੇ ਉਸ ਨੂੰ ਆਪਣੇ ਸਿਰ ਵਿਚ ਗੋਲ਼ੀ ਖਾਣੀ ਪਈ। ਪਰ ਕੌਣ ਨਹੀਂ ਜਾਣਦਾ ਉਸ ਦੇ ਸ਼ਰਮਨਾਕ ਅਪਰਾਧਾਂ ਨੂੰ। 'ਹੱਸ਼ ਮਨੀ' ਪੋਰਨ ਫਿਲਮ ਔਰਤ ਨਾਲ ਜਿਨਸੀ ਸਬੰਧਾਂ ਕਰਕੇ ਕੀ ਰਾਸ਼ਟਰਪਤੀ ਪਦ ਦੇ ਉਮੀਦਵਾਰ ਲਈ ਚੱਪਣੀ 'ਚ ਨੱਕ ਡੋਬ ਕੇ ਮਰਨ ਵਾਲੀ ਗੱਲ ਨਹੀਂ? ਹਰਬਰਟ ਹੂਵਰ ਅਨੁਸਾਰ ਸਿਰਫ਼ ਫਰੈਂਕਲਿਨ ਰੂਜ਼ਵੈਲਟ ਆਧੁਨਿਕ ਅਮਰੀਕਾ ਦੀ ਐਸੀ ਮਿਸਾਲ ਹਨ ਜਿਨ੍ਹਾਂ ਹਮੇਸ਼ਾ ਆਪਣੇ ਪੂਰਵਜ ਰਾਸ਼ਟਰਪਤੀਆਂ ਦੀ ਆਲੋਚਨਾ ਤੋਂ ਗੁਰੇਜ਼ ਕੀਤਾ। ਬਹਿਸ ਦੌਰਾਨ ਬਾਇਡਨ ਦੀ ਤਿੱਖੀ ਆਲੋਚਨਾ ਕਰਨ ਵਜੋਂ ਟਰੰਪ ਸਭ ਮਾਨਵੀ, ਰਾਸ਼ਟਰੀ ਅਮਰੀਕੀ ਕਦਰਾਂ-ਕੀਮਤਾਂ ਭੁੱਲ ਗਿਆ। ਉਸ ਨੇ ਹੈਰਿਸ ਨੂੰ ਮਾਰਕਸਵਾਦੀ ਗਰਦਾਨਿਆ ਤੇ ਡੈਮੋਕ੍ਰੇਟਾਂ 'ਤੇ ਦੇਸ਼ ਨੂੰ ਬਰਬਾਦ ਕਰਨ ਦਾ ਦੋਸ਼ ਲਗਾਇਆ। ਯੂਕਰੇਨ 'ਚ ਜੰਗਬੰਦੀ ਦਾ ਦਾਅਵਾ ਕੀਤਾ। ਹੈਰਿਸ ਨੂੰ ਸੁਰੱਖਿਆ ਮਾਮਲਿਆਂ ਲਈ ਕਮਜ਼ੋਰ ਤੇ ਪਾਗਲਾਨਾ ਪਰਵਾਸੀ ਪਨਾਹਗਾਹ ਲਈ ਦੋਸ਼ੀ ਕਿਹਾ। ਹੈਰਿਸ ਨੇ ਉਸ ਨੂੰ ਪੁਤਿਨ ਦੀ ਤਰ੍ਹਾਂ ਡਿਕਟੇਟਰ ਬਣਨ ਦਾ ਚਾਹਵਾਨ ਦੱਸਿਆ। ਵਾਤਾਵਰਨ ਸਬੰਧੀ ਨੀਤੀਆਂ ਢਿੱਲੀਆਂ ਕਰ ਕੇ ਤੇਲ ਕੰਪਨੀਆਂ ਨੂੰ ਫ਼ਾਇਦਾ ਪਹੁੰਚਾਉਣ ਵਾਲਾ ਦੱਸਿਆ, ਉਨ੍ਹਾਂ ਤੋਂ ਚੋਣ ਮੁਹਿੰਮ ਲਈ 1 ਬਿਲੀਅਨ ਡਾਲਰ ਦਾਨ ਦੀ ਮੰਗ ਕੀਤੀ, ਅਮੀਰਾਂ ਤੋਂ ਫੈਕਸ ਹਟਾ ਕੇ ਦਰਾਮਦ 'ਤੇ 10 ਤੋਂ 20% ਟੈਰਿਫ ਠੋਕਣ, ਨੀਰਸ ਚੋਣ ਰੈਲੀਆਂ 'ਚ ਵਿੰਡ ਮਿੱਲਾਂ ਤੋਂ ਕੈਂਸਰ ਹੋਣ ਦਾ ਡਰ ਪੈਦਾ ਕਰਨ, ਅਮਰੀਕੀਆਂ 'ਚ ਰੰਗਭੇਦ ਤੇ ਸੱਜੇ-ਪੱਖੀਆਂ ਨੂੰ ਭੜਕਾ ਕੇ ਵੰਡ ਪਾਉਣ, ਗਰਭਪਾਤ ਤੇ ਬੰਦੂਕ ਸੱਭਿਆਚਾਰ 'ਤੇ ਸਟੈਂਡ ਨਾ ਲੈਣ, ਰੂਸ ਨੂੰ ਨਾਟੋ ਨਾਲ ਟਕਰਾਅ ਲਈ ਉਕਸਾਉਣ ਆਦਿ ਮੁੱਦਿਆਂ 'ਤੇ ਲੰਬੇ ਹੱਥੀਂ ਲਿਆ।

ਸੀਐੱਨਐੱਨ ਫਲੈਸ਼ ਪੋਲ ਅਨੁਸਾਰ 37 ਪ੍ਰਤੀਸ਼ਤ ਦੇ ਮੁਕਾਬਲੇ 63% ਲੋਕ ਮੰਨਦੇ ਹਨ ਕਿ ਹੈਰਿਸ ਨੇ ਵਧੀਆ ਬਹਿਸ ਕੀਤੀ। ਹੈਰਿਸ ਦੇ 96 ਫ਼ੀਸਦ ਜਦਕਿ ਟਰੰਪ ਦੇ 69% ਹਮਾਇਤੀ ਉਨ੍ਹਾਂ ਦੀ ਕਾਰਗੁਜ਼ਾਰੀ ਵਧੀਆ ਮੰਨਦੇ ਵਿਖਾਈ ਦਿੱਤੇ। ਪਰ ਟਰੰਪ ਦੀਆਂ ਨੀਤੀਆਂ ਤੋਂ ਗੁਆਂਢੀ ਕੈਨੇਡਾ ਤੇ ਮੈਕਸੀਕੋ ਸਹਿਮੇ ਨਜ਼ਰ ਆਏ। ਟਰੰਪ ਨੇ ਬਹਿਸ ਤੋਂ ਬਾਅਦ ਦਾਅਵਾ ਕੀਤਾ ਕਿ ਲੋਕ ਇਸ ਨੂੰ ਉਸ ਦੀ ਵੱਡੀ ਜਿੱਤ ਦੱਸ ਰਹੇ ਹਨ। ਜਦੋਂ ਟਰੰਪ ਨੇ ਬਹਿਸ ਦੌਰਾਨ ਹੈਰਿਸ ਨੂੰ ਜੋਅ ਬਾਇਡਨ ਕਿਹਾ ਤਾਂ ਉਸ ਨੇ ਅਮਰੀਕੀਆਂ ਦੇ ਮਨਾਂ ਨੂੰ ਟੁੰਬਣ ਵਾਲੀ ਭਾਸ਼ਾ ਵਿਚ ਜਵਾਬ ਦਿੱਤਾ, ''ਮੈਂ ਦੇਸ਼ ਨੂੰ ਨਵੀਂ ਪੀੜ੍ਹੀ ਦੀ ਲੀਡਰਸ਼ਿਪ ਪੇਸ਼ ਕਰ ਰਹੀ ਹਾਂ।'' ਇਸ ਬਹਿਸ ਤੋਂ ਬਾਅਦ ਸਟਾਰ ਟੇਲਰ ਸਵਿਫਟ ਨੇ ਹੈਰਿਸ ਦੀ ਹਮਾਇਤ ਦਾ ਐਲਾਨ ਕਰ ਦਿੱਤਾ।

Passport Photos
Family Partrait
Graduation
Fashion | Glamour
Photo Restoration
Photography
for all occasions
ਪਾਸਪੋਰਟ ਫੋਟੋ 2 ਫੋਟੋ $5 ਦੀਆਂ
ROYAL PHOTO STUDIO
ਵਿਆਹ ਜਾਂ ਕਿਸੇ ਵੀ ਫੰਕਸ਼ਨ ਤੇ ਵੀਡੀਓ ਦੀ ਸੇਵਾ
HD Blu-Ray, Cinematography
#171-8138 128 Street, Surrey (Payal Business Centre)
8140-120 Street, Surrey ( ਇੰਡੀਆ ਕੌਂਸਲੇਟ ਦੇ ਥੱਲੇ)
Mandeep S. Dhillon 604-594-2131, 778-840-4600

ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ? ARE YOU IN DEBT?
ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।ਅਸੀਂ ਵੱਧ ਤੋਂ ਵੱਧ ਕਰਜ਼ਾ ਮੁਆਫ਼ ਕਰਵਾ ਸਕਦੇ ਹਾਂ।
ਕਿਸੇ ਤਰ੍ਹਾਂ ਦੀ ਵੀ ਫਾਈਨੈਂਸ਼ਲ ਪ੍ਰੋਬਲਮ ਹੋਵੇ
Any type Unsecured Debt WE CAN REDUCE YOU DEBT BY 70%
ਸਾਡੇ ਰੇਟ ਕਾਫੀ ਵਾਜ਼ਿਬ ਹਨ।
- ਕ੍ਰੈਡਿਟ ਕਾਰਡ - ਲਾਈਨ ਆਫ਼ ਕ੍ਰੈਡਿਟ
- ਜੀ.ਐਸ.ਟੀ. - ਕੋਲੈਕਸ਼ਨ ਕਾਲਜ਼
- ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।
Kulwinder Bains
Certified Credit Counseller
778-998-9402
Any type of Financial Problems?
- Personal or Business Loan
- Canada Revenue Debt
- Credit Cards - Line of Credits
- Student Loan
- We help you in Bankruptcy and Proposals
DDS: Diverse Debt Solutions Ltd.
unit # 205-12899-76 Ave. Surrey



ਲਿਖਤ
ਡਾ. ਦਰਸ਼ਨ ਸਿੰਘ
ਹਰਵਿੰਦਰ

# – ਕੇਜਰੀਵਾਲ –
# ਮੁੜ 'ਜਜ਼ਬਾਤੀ ਪੈਂਤੜਾ'



ਪਿਆਰ ਤੇ ਵਾਰ (ਜੰਗ) ਵਿਚ ਸਭ ਜਾਇਜ਼ ਹੁੰਦਾ ਹੈ। ..ਤੇ ਬਕੌਲ ਮਾਓ ਜ਼ੇ ਤੁੰਗ "ਸਿਆਸਤ ਅਜਿਹੀ ਜੰਗ ਹੈ ਜਿਸ ਵਿਚ ਲਹੂ ਨਹੀਂ ਵਹਿੰਦਾ।"

ਆਖ਼ਰ ਉਹੀ ਹੋਇਆ ਜਿਸ ਦੀ ਆਸ ਸੀ। ਹਿੰਦੁਸਤਾਨ ਦੀ ਹੁਕਮਰਾਨ ਪਾਰਟੀ ਭਾਜਪਾ ਆਪਣੀਆਂ ਪੰਜੇ ਉਂਗਲਾਂ ਘਿਉ ਵਿਚ ਹੋਣ ਦੇ ਬਾਵਜੂਦ ਆਮ ਆਦਮੀ ਪਾਰਟੀ (ਆਪ) ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਜੇਲ੍ਹ ਵਿਚ ਰਹਿੰਦਿਆਂ ਇਸ ਨੂੰ ਰਾਜਧਾਨੀ ਦਿੱਲੀ ਦੇ ਅਵਾਮ ਵਿਚ ਵੱਡਾ ਮਸਲਾ ਨਹੀਂ ਬਣਾ ਸਕੀ , ਪਰ ਕੇਜਰੀਵਾਲ ਨੇ ਜੇਲ੍ਹ 'ਚੋਂ ਜ਼ਮਾਨਤ 'ਤੇ ਬਾਹਰ ਆਉਂਦਿਆਂ ਹੀ ਅਸਤੀਫਾ ਦੇਣ ਦੀ ਬੜ੍ਹਕ ਮਾਰ ਕੇ ਭਾਜਪਾ ਨੂੰ ਨਵੀਂ ਰਣਨੀਤੀ ਬਣਾਉਣ ਲਈ ਮਜ਼ਬੂਰ ਕਰ ਕੇ ਰੱਖ ਦਿੱਤਾ ਹੈ।

ਵਿਵਾਦਗ੍ਰਸਤ ਆਬਕਾਰੀ ਨੀਤੀ ਦੇ ਕੇਸ ਵਿਚ ਤਕਰੀਬਨ ਛੇ ਮਹੀਨੇ ਤਿਹਾੜ ਜੇਲ੍ਹ ਵਿਚ ਰਹਿਣ ਤੋਂ ਬਾਅਦ ਬਾ- ਸ਼ਰਤ ਜ਼ਮਾਨਤ 'ਤੇ ਛੁੱਟ ਕੇ ਬਾਹਰ ਆਏ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅਹੁਦੇ ਤੋਂ ਅਸਤੀਫਾ ਦੇ ਕੇ ਅਗਲੇ ਸਾਲ 2025 ਦੇ ਸ਼ੁਰੂਆਤੀ ਮਹੀਨਿਆਂ ਵਿਚ ਹੋਣ ਵਾਲੀਆਂ ਦਿੱਲੀ ਵਿਧਾਨ ਸਭਾ ਚੋਣਾਂ ਲੜਨ ਲਈ "ਇਮਾਨਦਾਰ ਹਮਦਰਦ" ਵਾਲਾ ਪੈਂਤੜਾ ਚੱਲਣ ਦਾ ਸੰਕਲਪ ਲੈ ਲਿਆ ਹੈ।

ਇਸ ਪੈਂਤੜੇ ਨਾਲ ਕੇਜਰੀਵਾਲ ਦੁਆਰਾ ਇੱਕ ਤੀਰ ਨਾਲ ਦੋ ਸ਼ਿਕਾਰ ਕਰਨ ਦਾ ਮਨ ਹੈ ਜਿਸ ਤਹਿਤ ਆਪਣੇ ਆਪ ਨੂੰ ਸਿਆਸੀ ਬਦਲਾਖੋਰੀ ਦੇ ਬਣੇ ਸ਼ਿਕਾਰ ਦਾ ਲਾਹਾ ਲੈਂਦਿਆਂ ਲੋਕ ਹਮਦਰਦੀ ਲੈ ਕੇ ਭਾਜਪਾ ਦੇ ਹੁਣ ਤੱਕ ਦੇ ਸਿਰਜੇ ਚੱਲੇ ਆ ਰਹੇ ਭ੍ਰਿਸ਼ਟਾਚਾਰ ਦੇ ਬਿਰਤਾਂਤ ਨੂੰ ਖੁੰਢਾ ਕਰ ਕੇ ਲੋਕ ਹਮਦਰਦੀ ਲੈਣਾ ਹੈ।

ਕੇਜਰੀਵਾਲ ਦਾ ਇਹ ਅਜ਼ਮਾਇਆ ਹੋਇਆ ਦਾਅ ਹੈ ਜਿਸ ਨਾਲ ਉਹ ਅਜਿਹੀ ਖੇਡ ਪਹਿਲੀ ਵਾਰ ਨਹੀਂ ਖੇਡ ਰਹੇ । ਇਸ ਤੋਂ ਪਹਿਲਾਂ 28 ਦਸੰਬਰ 2013 ਵਿਚ 'ਆਪ' ਦੀ ਪਲੇਠੀ ਹਕੂਮਤ ਬਣਨ ਬਾਅਦ ਕੇਜਰੀਵਾਲ ਨੇ ਮਹਿਜ਼ 49 ਦਿਨਾਂ ਬਾਅਦ ਹੀ 14 ਫਰਵਰੀ 2014 ਨੂੰ ਦਿੱਲੀ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

ਸਮਾਜਿਕ ਐਕਟੀਵਿਸਟ ਅੰਨਾ ਹਜ਼ਾਰੇ ਦੇ 2011 ਦੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ 'ਚੋਂ ਉੱਭਰੇ ਕੇਜਰੀਵਾਲ ਉਸ ਵੇਲੇ ਨੈਤਿਕ ਲਹਿਰ 'ਤੇ ਸਵਾਰ ਸਨ ਜਦੋਂ ਉਹਨਾਂ ਦੀ ਤਤਕਾਲੀ ਹਮਾਇਤੀ ਕਾਂਗਰਸ ਤੇ ਆਪੋਜ਼ੀਸ਼ਨ ਭਾਜਪਾ ਦੋਨਾਂ ਵੱਲੋਂ ਜਨ ਲੋਕ ਪਾਲ ਬਿੱਲ ਨੂੰ ਨਾਕਾਮ ਕਰਨ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਦਾ 'ਤਖ਼ਤ' ਛੱਡ ਦਿੱਤਾ ਸੀ।

ਪਰ ਹੁਣ ਹਾਲਾਤ ਕਾਫੀ ਬਦਲ ਚੁੱਕੇ ਹਨ। ਉਸ ਸਮੇਂ ਭ੍ਰਿਸ਼ਟਾਚਾਰ ਵਿਰੋਧੀ ਯੋਧਾ ਰਹੇ ਅਰਵਿੰਦ ਕੇਜਰੀਵਾਲ ਅੱਜ ਆਪਣੇ ਸਾਬਕਾ ਡਿਪਟੀ ਮਨੀਸ਼ ਸਿਸੋਧੀਆ ਸਹਿਤ ਆਪਣੇ ਸਿਖਰਲੇ ਸਲਾਹਕਾਰਾਂ ਨਾਲ ਕੁਰਪਸ਼ਨ ਦੇ ਇਲਜ਼ਾਮਾਂ ਨਾਲ ਜੂਝ ਰਹੇ ਹਨ। ਜ਼ਮਾਨਤ 'ਤੇ ਬਾਹਰ ਹੋਣ ਦੇ ਬਾਵਜੂਦ ਦੋਨਾਂ ਸਾਹਮਣੇ ਉਹ ਨੈਤਿਕ ਉਚਾਈ ਮੁੜ ਹਾਸਿਲ ਕਰਨ ਦੀ ਵੰਗਾਰ ਹੈ ਜਿਸ ਨੇ ਕਦੇ 'ਆਪ' ਨੂੰ ਵੱਖਰੇ ਮੁਕਾਮ 'ਤੇ ਖੜ੍ਹਾ ਕੀਤਾ ਸੀ।

ਵੈਸੇ ਕਮਾਲ ਨਹੀਂ ! ਅਰਵਿੰਦ ਕੇਜਰੀਵਾਲ ਹਿੰਦੁਸਤਾਨ ਦੇ ਪਹਿਲੇ ਅਜਿਹੇ ਮੁੱਖ ਮੰਤਰੀ ਹਨ ਜੋ ਆਪਣੀ ਹੀ ਹਕੂਮਤ ਵਿਚ ਜੇਲ੍ਹ ਚਲੇ ਗਏ, ਪਰ ਇਸ ਦੇ ਬਾਵਜੂਦ ਵੀ ਉਨ੍ਹਾਂ ਆਪਣਾ ਅਸਤੀਫਾ ਨਹੀਂ ਦਿੱਤਾ। ਇਸ ਤੋਂ ਪਹਿਲਾਂ ਹੇਮੰਤ ਸੋਰੇਨ ਹੀ ਨਹੀਂ , ਮਧੂ ਕੋੜਾ ਝਾਰਖੰਡ ਦੇ ਮੁੱਖ ਮੰਤਰੀ ਦੇ ਰੂਪ ਵਿਚ ਜੇਲ੍ਹ ਗਏ। 2006 ਵਿਚ ਮੁੱਖ ਮੰਤਰੀ ਰਹਿੰਦਿਆਂ ਸ਼ਿਬੂ ਸੋਰੇਨ ਜੇਲ੍ਹ ਵਿਚ ਸਨ , 1996 ਵਿਚ ਜੈ ਲਲਿਤਾ ਨੂੰ ਜੇਲ ਹੋਈ , ਪਰ ਇਨ੍ਹਾਂ ਨੇ ਇੰਨੀ ਨੈਤਿਕਤਾ ਤਾਂ ਨਿਭਾਈ ਕਿ ਜੇਲ੍ਹ ਜਾਣ ਤੋਂ ਪਹਿਲਾਂ ਅਸਤੀਫਾ ਦੇ ਦਿੱਤਾ ਤੇ ਸਿਆਸੀ ਨੈਤਿਕਤਾ ਬਰਕਰਾਰ ਰਹੀ ।

ਕਾਬਲ-ਏ- ਗ਼ੌਰ ਹੈ ਕਿ ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਮੈਗਸਸੇ ਪੁਰਸਕ੍ਰਿਤ ਅਰਵਿੰਦ ਕੇਜਰੀਵਾਲ ਅੰਨਾ ਹਜ਼ਾਰੇ ਦੇ ਲੋਕਪਾਲ ਬਿੱਲ ਨਾਲ ਜੁੜੇ ਤੇ 2012 ਵਿਚ ਆਮ ਆਦਮੀ ਪਾਰਟੀ ਬਣੀ। ਪਾਰਟੀ ਨੇ 2013 ਵਿਚ ਪਹਿਲੀ ਇਲੈਕਸ਼ਨ ਲੜੀ ਜਿਸ ਵਿਚ 28 ਸੀਟਾਂ ਜਿੱਤ ਕੇ ਤਤਕਾਲੀਨ ਕਾਂਗਰਸੀ ਨੇਤਾ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੂੰ ਹਰਾਇਆ। ਪਰ ਉਣੰਜਾ ਦਿਨ ਬਾਅਦ ਅਸਤੀਫਾ ਦੇ ਕੇ ਕੇਜਰੀਵਾਲ ਨੇ 2015 ਵਿਚ ਮਜ਼ਬੂਤ ਜਿੱਤ ਦੀ ਬੁਨਿਆਦ ਰੱਖੀ। ਭ੍ਰਿਸ਼ਟਾਚਾਰ ਦੇ ਇਲਜ਼ਾਮ 'ਤੇ ਅਸਤੀਫ਼ਾ ਦੇ ਕੇ ਇੱਕ ਵਾਰ ਫਿਰ ਉਸੇ ਅਜ਼ਮਾਏ ਭਰੋਸੇਮੰਦ ਦਾਅ 'ਤੇ ਕੇਜਰੀਵਾਲ ਨੇ 'ਜੂਆ' ਖੇਡਿਆ ਹੈ।

28 ਦਸੰਬਰ 2013 ਨੂੰ ਰਾਮ ਲੀਲਾ ਮੈਦਾਨ ਵਿਚ ਸਹੁੰ ਚੁੱਕ ਕੇ 14 ਫਰਵਰੀ 2014 ਨੂੰ ਵਿਧਾਨ ਸਭਾ ਅੰਦਰ ਜਨ ਲੋਕਪਾਲ ਬਿੱਲ ਪਾਸ ਨਾ ਕਰ ਪਾਉਣ 'ਤੇ ਅਸਤੀਫ਼ੇ ਨਾਲ ਕੇਜਰੀਵਾਲ ਨਾਇਕ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਏ।

" ਮੈਨੂੰ ਕੁਰਸੀ ਦਾ ਕੋਈ ਲਾਲਚ ਨਹੀਂ ਹੈ ", ਇਹ ਕੇਜਰੀ ਪਿਆਰ ਅਵਾਮ ਨੂੰ ਖ਼ੂਬ ਭਾਇਆ ।

ਇਹੋ ਵਜ੍ਹਾ ਰਹੀ ਕਿ ਰਾਸ਼ਟਰਪਤੀ ਸ਼ਾਸਨ ਬਾਅਦ ਜਦ 2015 ਵਿਚ ਚੋਣਾਂ ਹੋਈਆਂ ਤਾਂ ਦਿੱਲੀ ਦਾ ਸਥਾਨਕ ਤਖ਼ਤ ਠੁਕਰਾਉਣ ਵਾਲੇ ਇਸ ਨਾਇਕ ਅਰਵਿੰਦ ਕੇਜਰੀਵਾਲ ਨੂੰ ਅਜਿਹਾ ਪਲਕਾਂ 'ਤੇ ਬਿਠਾਇਆ ਕਿ ਦਿੱਲੀ ਵਾਲਿਆਂ 70 'ਚੋਂ 67 ਸੀਟਾਂ ਨਾਲ ਨਿਵਾਜ਼ਿਆ। ਸੰਨ 2020 ਵਿਚ ਵੀ 62 ਸੀਟਾਂ 'ਤੇ ਆਪ ਨੂੰ ਸ਼ਾਨਦਾਰ ਜਿੱਤ ਮਿਲੀ।

ਪਾਰਟੀ ਨੇ ਨਾ ਕੇਵਲ ਪੰਜਾਬ ਵਿਚ ਸ਼ਾਨਦਾਰ ਹਕੂਮਤ ਬਣਾਈ , ਸਗੋਂ ਗੋਆ, ਗੁਜਰਾਤ ਦੇ ਬਾਅਦ ਉਸ ਨੂੰ ਨੈਸ਼ਨਲ ਪਾਰਟੀ ਦਾ ਰੁਤਬਾ ਵੀ ਮਿਲਿਆ। ਕੇਜਰੀਵਾਲ ਨੂੰ ਆਸ ਹੈ ਕਿ ਸਰਕਾਰ ਦੀਆਂ ਮੁਫ਼ਤ ਸੇਵਾਵਾਂ ਵਾਲੀਆਂ ਸਕੀਮਾਂ ਦੇ ਦਮ 'ਤੇ ਬਰਾਂਡ ਕੇਜਰੀਵਾਲ ਬਲਬੂਤੇ 'ਅਸਤੀਫ਼ੇ' ਦੇ ਦਾਅ ਨੂੰ ਇੱਕ ਵਾਰ ਫਿਰ ਆਪਣੇ ਹੱਕ ਵਿਚ ਭੁਗਤਾਉਣ ਵਿਚ ਕਾਮਯਾਬ ਹੋਣਗੇ।

ਖ਼ੈਰ ! ਕੇਜਰੀਵਾਲ ਨੇ ਬੇਸ਼ਕ ਇਹ ਅਜ਼ਮਾਇਆ ਹੋਇਆ ' ਅਸਤੀਫਾ' ਦਾਅ ਮੁੜ ਖੇਡਿਆ ਹੈ , ਪਰ ਐਤਕੀਂ ਇਹ ਜੂਆ ਜਿੱਤਣਾ ਇੰਨਾ ਸੁਖਾਲਾ ਨਹੀਂ। ਦਿੱਲੀ ਵਿਚ 2024 ਦੀਆਂ ਲੋਕ ਸਭਾ ਚੋਣਾਂ ਸਮੇਂ 'ਆਪ' ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰ ਚੁੱਕੀ ਹੈ ਜਿਸ ਨੂੰ ਇੱਕ ਵੀ ਸੀਟ ਨਹੀਂ ਮਿਲੀ। ਕੇਜਰੀਵਾਲ ਜਿਹੇ ਆਹਲਾ ਨੇਤਾਵਾਂ ਦੇ ਭ੍ਰਿਸ਼ਟਾਚਾਰ ਵਿਚ ਘਿਰ ਜਾਣ ਕਾਰਨ ਪਾਰਟੀ ਦੇ ਭ੍ਰਿਸ਼ਟਾਚਾਰ ਵਿਰੋਧੀ ਅਕਸ ਨੂੰ ਢਾਹ ਲੱਗੀ ਹੈ।

ਕਿਹਾ ਸੁਣਿਆ ਤਾਂ ਇਥੋਂ ਤੱਕ ਜਾ ਰਿਹਾ ਹੈ ਕਿ ਬਦਲਦੇ ਹਾਲਾਤ 'ਚ ਅਸਤੀਫ਼ਾ ਅਰਵਿੰਦ ਕੇਜਰੀਵਾਲ ਵੱਲੋਂ ਲਿਆ ਗਿਆ ਸਭ ਤੋਂ ਅਕਲਮੰਦੀ ਵਾਲਾ ਫੈਸਲਾ ਹੈ ਜਦੋਂ ਸੁਪਰੀਮ ਕੋਰਟ ਨੇ ਬਤੌਰ ਮੁੱਖ ਮੰਤਰੀ ਸਾਰੇ ਖੰਭ ਕੁਤਰ ਦਿੱਤੇ। ਮਹਿਜ਼ ਨਾਂ ਦਾ ਮੁੱਖ ਮੰਤਰੀ ਬਣੇ ਰਹਿਣ ਦੀ ਅੜ ਨਾਲ ਕੇਜਰੀਵਾਲ ਦਾ ਹੁਣ ਕੁਝ ਨਹੀਂ ਸੀ ਸੰਵਰਨਾ , ਸਗੋਂ ਕਹਿਰ ਦੀ ਫਜੀਹਤ ਹੀ ਹੁੰਦੀ। ਸਿਖਰਲੀ ਅਦਾਲਤ ਨੇ ਉਹਨਾਂ ਨੂੰ ( ਆਬਕਾਰੀ ਨੀਤੀ ਘਪਲਾ ) ਕੇਸ ਵਿਚ ਬਰੀ ਨਹੀਂ ਕੀਤਾ, ਸ਼ਰਤਾਂ ਸਹਿਤ ਜ਼ਮਾਨਤ ਦਿੱਤੀ ਹੈ। ਜ਼ਮਾਨਤ ਮਿਲਣ ਦੇ ਬਾਵਜੂਦ ਉਹ ਨਾ ਤਾਂ ਕੈਬਨਿਟ ਮੀਟਿੰਗ ਬੁਲਾ ਸਕਦੇ ਸਨ, ਨਾ ਸਕੱਤਰੇਤ ਜਾ ਸਕਦੇ ਸੀ ਤੇ ਨਾ ਹੀ ਬਤੌਰ ਮੁੱਖ ਮੰਤਰੀ ਕਿਸੇ ਫ਼ਾਈਲ 'ਤੇ ਦਸਤਖ਼ਤ।

ਕੇਜਰੀਵਾਲ ਨੇ ਛੇ ਮਹੀਨੇ ਜੇਲ੍ਹ 'ਚ ਰਹਿ ਕੇ ਹਕੂਮਤ ਚਲਾਉਣ ਦੀ ਸਿਆਸੀ ਸ਼ਤਰੰਜ 'ਤੇ ਦਿੱਲੀ ਵਿਧਾਨ ਸਭਾ ਚੋਣਾਂ ਲਈ ਛੇ ਮਹੀਨੇ ਵੀ ਨਾ ਬਚੇ ਰਹਿਣ ਸਮੇਂ ਅਸਤੀਫਾ ਦੇ ਕੇ ਹਮਦਰਦੀ ਬਟੋਰਨ ਲਈ 'ਵਿਕਟਿਮ ਕਾਰਡ' ਖੇਡਣ ਦੀ ਇੱਕ ਜਜ਼ਬਾਤੀ ਚਾਲ ਚੱਲੀ ਹੈ ਕਿ ਉਹ ਤਾਂ ਦੇਹਲਵੀਆਂ ਦੀ ਸੇਵਾ ਕਰਨ ਲਈ ਦ੍ਰਿੜ ਸਨ , ਪਰ ਸੁਪਰੀਮ ਅਦਾਲਤ ਨੇ ਉਨ੍ਹਾਂ ( ਕੇਜਰੀਵਾਲ) ਦੇ ਹੱਥ ਹੀ ਬੰਨ ਕੇ ਰੱਖ ਦਿੱਤੇ।

ਖ਼ੈਰ ! ਵੇਖੋ ਹਮਦਰਦੀ ਬਟੋਰਨ ਵਾਲਾ ਇਹ 'ਜਜ਼ਬਾਤੀ ਪੈਂਤੜਾ' ਅਰਵਿੰਦ ਕੇਜਰੀਵਾਲ ਲਈ ਕਿੰਨਾ ਬਾ -ਵਫ਼ਾ ਸਾਥ ਨਿਭਾ ਸਕੇਗਾ ।

… ਤੇ ਫਿਰ ਉਹ ਵੀ ਤਦ ਜਦ ਵਿਛ ਚੁੱਕੀ ਇਸ ਬਿਸਾਤ 'ਤੇ ਪਹਿਰਾ ਹਿੰਦੁਸਤਾਨ 'ਤੇ ਰਾਜ ਕਰੇਂਦੇ ਡਾਢਢੇ 'ਸ਼ਰੀਕ' ਹੁਕਮਰਾਨਾ ਦਾ ਹੋਵੇ।

# ਸਫਲਤਾ ਤੇ ਸਬਰ ਦਾ ਸੁਮੇਲ ਮਨੁੱਖ ਦੀ ਸਖਸ਼ੀਅਤ ਨੂੰ ਚਾਨਣ ਮੁਨਾਰਾ ਬਣਾਉਂਦਾ ਹੈ

**ਪ੍ਰਿੰ. ਵਿਜੈ ਕੁਮਾਰ,** 98726 – 27136

ਸਬਰ ਸ਼ਬਦ ਲਿਖਣ ਲਈ ਤਿੰਨ ਅੱਖਰ ਤੇ ਸਫਲਤਾ ਸ਼ਬਦ ਲਿਖਣ ਲਈ ਚਾਰ ਅੱਖਰ ਵਰਤੇ ਜਾਂਦੇ ਹਨ। ਵੇਖਣ ਨੂੰ ਤਾਂ ਸਬਰ ਦੇ ਮੁਕਾਬਲੇ ਸਫਲਤਾ ਸ਼ਬਦ ਵੱਡਾ ਲੱਗਦਾ ਹੈ ਪਰ ਜੇਕਰ ਇਨ੍ਹਾਂ ਦੋਹਾਂ ਸ਼ਬਦਾਂ ਦੇ ਭਾਵਨਾਤਮਕ ਅਰਥਾਂ ਦੀ ਪਰਖ ਪੜਚੋਲ ਕੀਤੀ ਜਾਵੇ ਤਾਂ ਦੋਵੇਂ ਸ਼ਬਦ ਇੱਕ ਦੂਜੇ ਨਾਲ ਜੁੜੇ ਹੋਏ ਅਤੇ ਸਕਾਰਾਤਮਕ ਹੋਣ ਦੇ ਬਾਵਜੂਦ ਵੀ ਜ਼ਿੰਦਗੀ ਦੇ ਵੱਖ ਵੱਖ ਪਹਿਲੂਆਂ ਨੂੰ ਦਰਸਾਉਂਦੇ ਹਨ। ਸਬਰ ਦੇ ਸਮਾਨਾਰਥਕ ਸ਼ਬਦ ਸੰਤੁਸ਼ਟੀ, ਤਸੱਲੀ ਅਤੇ ਸਿਦਕ ਹੁੰਦੇ ਹਨ ਤੇ ਸਫਲਤਾ ਦੇ ਸਮਾਨਾਰਥਕ ਸ਼ਬਦ ਕਾਮਯਾਬੀ ਅਤੇ ਟੀਚੇ ਦੀ ਪ੍ਰਾਪਤੀ ਹੁੰਦੇ ਹਨ। ਸਬਰ ਅਤੇ ਸਫ਼ਲਤਾ ਦੋਹਾਂ ਲਈ ਸਾਧਨਾ ਕਰਨੀ ਪੈਂਦੀ ਹੈ ਪਰ ਜਦੋਂ ਮਨੁੱਖ ਨੂੰ ਸਬਰ ਹਾਸਲ ਹੋ ਜਾਂਦਾ ਹੈ ਤਾਂ ਉਸ ਦੀਆਂ ਲਾਲਸਾਵਾਂ ਖਤਮ ਹੋ ਜਾਂਦੀਆਂ ਹਨ। ਸਬਰ ਦੀ ਪ੍ਰਾਪਤੀ ਤੋਂ ਬਾਅਦ ਉਸ ਨੂੰ ਕੁੱਝ ਹੋਰ ਪ੍ਰਾਪਤ ਹੋਣ ਦੀ ਬਹੁਤੀ ਖੁਸ਼ੀ ਨਹੀਂ ਹੁੰਦੀ ਤੇ ਨਾ ਹੀ ਖੁਸ ਜਾਣ ਅਤੇ ਖੋ ਜਾਣ ਦਾ ਮਲਾਲ ਹੁੰਦਾ ਹੈ। ਉਹ ਲਾਲਚ, ਸਵਾਰਥ, ਹਸਦ, ਦਵੇਸ਼ ਅਤੇ ਦੂਜਿਆਂ ਦੀ ਤਰੱਕੀ ਨੂੰ ਵੇਖਕੇ ਸੜਣੇ ਦੀ ਸੌੜੀ ਸੋਚ ਤੋਂ ਮੁਕਤ ਹੋ ਜਾਂਦਾ ਹੈ। ਸਬਰ ਦੀ ਪ੍ਰਾਪਤੀ ਮਨੁੱਖ ਦੀ ਆਤਮਾ ਦੇ ਜਾਗਣ ਤੋਂ ਬਾਅਦ ਹੁੰਦੀ ਹੈ। ਮਨੁੱਖ ਦੀ ਆਤਮਾ ਉਦੋਂ ਜਾਗਦੀ ਹੈ, ਜਦੋਂ ਉਹ ਗਿਆਨ ਅਤੇ ਅਧਿਆਤਮ ਨਾਲ ਜੁੜ ਜਾਂਦਾ ਹੈ। ਸਬਰ ਦੀ ਪ੍ਰਾਪਤੀ ਲਈ ਮੁਕਾਬਲਾ ਦੂਜਿਆਂ ਨਾਲ ਨਹੀਂ, ਸਗੋਂ ਆਪਣੇ ਆਪ ਨਾਲ ਹੁੰਦਾ ਹੈ। ਸਫਲਤਾ ਪ੍ਰਾਪਤ ਕਰਨ ਦੀ ਪ੍ਰਵਿਰਤੀ ਮਨੁੱਖ ਦੇ ਬਚਪਨ ਤੋਂ ਲੈਕੇ ਜ਼ਿੰਦਗੀ ਦੇ ਆਖਰੀ ਸਾਹਾਂ ਤੱਕ ਚੱਲਦੀ ਰਹਿੰਦੀ ਹੈ। ਇਸ ਪ੍ਰਵਿਰਤੀ ਦਾ ਕਦੇ ਅੰਤ ਨਹੀਂ ਹੁੰਦਾ। ਸਫਲਤਾ ਦੇ ਪੜ੍ਹਾਈ, ਪ੍ਰੀਖਿਆ, ਵਪਾਰ, ਖੇਡਾਂ, ਨੌਕਰੀ, ਤਰੱਕੀ, ਕੋਈ ਕਲਾ ਸਿੱਖਣ ਆਦਿ ਅਨੇਕਾਂ ਖੇਤਰ ਹਨ।

ਇੱਕ ਵੇਰ ਸਫਲਤਾ ਹਾਸਲ ਹੋਣ ਤੋਂ ਬਾਅਦ ਮਨੁੱਖ ਦੀ ਤਸੱਲੀ ਨਹੀਂ ਹੁੰਦੀ ਸਗੋਂ ਹੋਰ ਅੱਗੇ ਵਧਣ ਲਈ ਉਸਦੇ ਮਨ ਵਿਚ ਨਵੇਂ ਟੀਚੇ ਸਰ ਕਰਨ ਦੀ ਤੜਪ ਪੈਦਾ ਹੋ ਜਾਂਦੀ ਹੈ। ਉਹ ਨਵੀਂ ਤੋਂ ਨਵੀਂ ਸਫਲਤਾ ਲਈ ਹਰ ਵੇਲੇ ਬੇਚੈਨ ਰਹਿੰਦਾ ਹੈ। ਸਫਲਤਾ ਪ੍ਰਾਪਤ ਕਰਨ ਲਈ ਮੁਕਾਬਲਾ ਆਪਣੇ ਆਪ ਨਾਲ ਨਹੀਂ ਸਗੋਂ ਦੂਜਿਆਂ ਨਾਲ ਹੁੰਦਾ ਹੈ। ਸਬਰ ਸਿਦਕ ਵਾਲੇ, ਇਮਾਨਦਾਰ, ਉੱਦਮੀ, ਅਸੂਲੀ ਅਤੇ ਦਿਆਨਤਦਾਰ ਲੋਕ ਸਫਲਤਾ ਹਾਸਲ ਕਰਨ ਲਈ ਕਦੇ ਵੀ ਗਲਤ ਰਾਹ ਨਹੀਂ ਅਪਣਾਉਂਦੇ ਪਰ ਆਲਸੀ, ਨਿਕੰਮੇ, ਬੇਈਮਾਨ, ਲਾਲਚੀ, ਮੌਕਾ ਪ੍ਰਸਤ ਅਤੇ ਬੇਅਸੂਲੇ ਲੋਕ ਸਫਲਤਾ ਪ੍ਰਾਪਤੀ ਦੇ ਪਾਗਲਪਨ ਵਿੱਚ ਮਾੜਾ ਰਾਹ ਵੀ ਅਖਤਿਆਰ ਕਰਨ ਤੋਂ ਗੁਰੇਜ਼ ਨਹੀਂ ਕਰਦੇ । ਸਫਲਤਾ ਲਈ ਗਲਤ ਰਾਹ ਵੀ ਉਹੀ ਲੋਕ ਅਪਣਾਉਂਦੇ ਹਨ, ਜਿਨ੍ਹਾਂ ਦੇ ਪੱਲੇ ਸਬਰ ਨਹੀਂ ਹੁੰਦਾ। ਬੁੱਧੀਮਾਨ ਅਤੇ ਸਿਦਕੀ ਲੋਕਾਂ ਨੂੰ ਪਤਾ ਹੁੰਦਾ ਹੈ ਕਿ ਤਾੜੀਆਂ ਇਮਾਨਦਾਰੀ ਨਾਲ ਪ੍ਰਾਪਤ ਕੀਤੀ ਸਫਲਤਾ ਲਈ ਹੀ ਵਜਦੀਆਂ ਹਨ। ਧੋਖੇ, ਰੋਂਦੀ ਤੇ ਬੇਈਮਾਨੀ ਨਾਲ ਪ੍ਰਾਪਤ ਕੀਤੀ ਸਫਲਤਾ ਅਸਫਲਤਾ ਨਾਲੋਂ ਵੀ ਮਾੜੀ ਹੁੰਦੀ ਹੈ ਕਿਉਂਕਿ ਉਸਦੀ ਲੋਕ ਮਨਾਂ ਵਿੱਚ ਇੱਜ਼ਤ ਅਤੇ ਕਦਰ ਨਹੀਂ ਹੁੰਦੀ। ਬੇਸਬਰੇ ਖਿਡਾਰੀ ਹੀ ਖੇਡ ਦੇ ਮੈਦਾਨ ਵਿੱਚ ਆਪਣੀ ਵਿਰੋਧੀ ਟੀਮ ਦੀ ਸਫਲਤਾ ਨੂੰ ਵੇਖਕੇ ਆਪਣੇ ਮਨ ਦਾ ਸੰਤੁਲਨ ਖੋ ਬੈਠਦੇ ਹਨ ਤੇ ਲੜਾਈ ਝਗੜੇ 'ਤੇ ਉੱਤਰ ਆਉਂਦੇ ਹਨ। ਜਦੋਂ ਹਾਰੀ ਹੋਈ ਟੀਮ ਦੇ ਖਿਡਾਰੀ ਜਿੱਤੀ ਹੋਈ ਟੀਮ ਦੇ ਖਿਡਾਰੀਆਂ ਦੀ ਪਿੱਠ ਥਾਪੜਦੇ ਹਨ, ਉਨ੍ਹਾਂ ਨਾਲ ਜੱਫੀਆਂ ਪਾਕੇ ਹੱਸਦੇ ਹਨ ਤਾਂ ਉਦੋਂ ਉਹ ਉਨ੍ਹਾਂ ਦੇ ਸਬਰ ਦਾ ਪ੍ਰਗਟਾਵਾ ਹੀ ਹੁੰਦਾ ਹੈ। ਦੋ ਟੀਮਾਂ ਦੀ ਜਿੱਤ ਹਾਰ ਤੋਂ ਬਾਅਦ ਹਾਰੀ ਹੋਈ ਟੀਮ ਦੇ ਕਪਤਾਨ ਨੂੰ ਕਿਸੇ ਨੇ ਪੁੱਛਿਆ ਗਿਆ, "ਤੁਹਾਡੀ ਟੀਮ ਵੀ ਬਹੁਤ ਚੰਗੀ ਖੇਡੀ ਸੀ, ਫੇਰ ਤੁਸੀਂ ਕਿਵੇਂ ਹਾਰ ਗਏ?"


ਹਾਰੀ ਹੋਈ ਟੀਮ ਦੇ ਕਪਤਾਨ ਨੇ ਕਿਹਾ, "ਜਿੱਤਾਂ ਹਾਰਾਂ ਖੇਡ ਦਾ ਹਿੱਸਾ ਹਨ, ਇਹ ਕਿਵੇਂ ਹੋ ਸਕਦਾ ਹੈ ਕਿ ਹਰ ਵੇਲੇ ਹ ਸਾਡੀ ਟੀਮ ਦੀ ਜਿੱਤ ਜਿੱਤ ਹੋਵੇ। ਅਸੀਂ ਜੇਤੂ ਟੀਮ ਦੀ ਖੇਡ ਦੀ ਪ੍ਰਸ਼ੰਸਾ ਕਰਦੇ ਹਾਂ। ਅਸੀਂ ਜਿਹੜੀਆਂ ਗਲਤੀਆਂ ਇਸ ਵੇਰ ਕੀਤੀਆਂ ਹਨ, ਉਹ ਅੱਗੇ ਤੋਂ ਨਹੀਂ ਕਰਾਂਗੇ।" ਉਸ ਕਪਤਾਨ ਦੀਆਂ ਗੱਲਾਂ ਤੋਂ ਸਬਰ ਦਾ ਸਬਕ ਸਿੱਖਣ ਨੂੰ ਮਿਲਦਾ ਹੈ। ਮਨੁੱਖ ਦੀ ਜ਼ਿੰਦਗੀ ਦੀ ਕਿੰਨੀ ਵੱਡੀ ਤ੍ਰਾਸਦੀ ਹੈ ਕਿ ਉਹ ਦਸ ਵੇਰ ਸਫਲਤਾ ਹਾਸਲ ਕਰਕੇ ਉਸ ਅਕਾਲ ਪੁਰਖ ਦਾ ਸ਼ੁਕਰ ਗੁਜ਼ਾਰ ਨਹੀਂ ਹੁੰਦਾ ਪਰ ਜੇਕਰ ਇਕ ਵੇਰ ਅਸਫਲ ਹੋ ਜਾਵੇ ਤਾਂ ਆਪਣੀ ਕਿਸਮਤ ਨੂੰ ਕੋਸਦਾ ਨਹੀਂ ਹਟਦਾ। ਸਫਲਤਾ ਨੂੰ ਉਹ ਆਪਣੀ ਕਾਬਲੀਅਤ ਦੱਸਦਾ ਹੈ ਤੇ ਅਸਫਲਤਾ ਨੂੰ ਉਸ ਪ੍ਰਮਾਤਮਾ ਦੀ ਕਰੋਪੀ ਸਮਝਦਾ ਹੈ। ਸਬਰ ਦਾ ਸੰਬੰਧ ਆਤਮਾ ਨਾਲ ਅਤੇ ਸਫਲਤਾ ਦਾ ਸੰਬੰਧ ਮਨ ਨਾਲ ਹੈ। ਸਬਰ ਆਉਣ ਨਾਲ ਸਫਲਤਾ ਅਤੇ ਅਸਫਲਤਾ ਵਿਚਲਾ ਫਰਕ ਖਤਮ ਹੋ ਜਾਂਦਾ ਹੈ। ਸਬਰ ਅਤੇ ਸਫ਼ਲਤਾ, ਦੋਵੇਂ ਮਨੁੱਖ ਦੇ ਮਨ ਦਾ ਸੰਤੁਲਨ ਵਿਗੜਨ ਨਹੀਂ ਦਿੰਦੇ। ਸਬਰ ਸਫਲਤਾ ਤੋਂ ਬਾਅਦ ਮਨੁੱਖ ਦੇ ਪੈਰ ਧਰਤੀ ਨਾਲ ਟਿਕਾਈ ਰੱਖਦਾ ਹੈ ਤੇ ਉਸ ਵਿਚ ਹੰਕਾਰ ਪੈਦਾ ਨਹੀਂ ਹੋਣ ਦਿੰਦਾ।

ਇੱਕ ਵਿਅਕਤੀ ਨੇ ਆਪਣੇ ਪਿੰਡ ਦੀ ਦੋ ਵੇਰ ਸਰਪੰਚੀ ਦੀ ਚੋਣ ਜਿੱਤਣ ਤੋਂ ਬਾਅਦ ਆਪਣੇ ਪਿੰਡ ਦੇ ਲੋਕਾਂ ਅੱਗੇ ਹੱਥ ਜੋੜਕੇ ਕਿਹਾ ਕਿ ਉਹ ਹੁਣ ਤੀਜੀ ਵੇਰ ਸਰਪੰਚੀ ਦੀ ਚੋਣ ਨਹੀਂ ਲੜੇਗਾ। ਪਰ ਪਿੰਡ ਦੇ ਲੋਕਾਂ ਨੇ ਉਸ ਨੂੰ ਚੋਣ ਲੜਨ ਲਈ ਜ਼ੋਰ ਪਾਇਆ ਪਰ ਉਹ ਨਹੀਂ ਮੰਨਿਆ। ਪਿੰਡ ਦੇ ਲੋਕਾਂ ਨੇ ਉਸਨੂੰ ਚੋਣ ਨਾ ਲੜਨ ਦਾ ਕਾਰਨ ਪੁੱਛਿਆ। ਉਸਨੇ ਲੋਕਾਂ ਨੂੰ ਕਿਹਾ, "ਭਰਾਵੋ, ਸਰਪੰਚੀ ਦਾ ਅਹੁਦਾ ਇਸ ਤਰ੍ਹਾਂ ਦਾ ਹੈ ਕਿ ਇਸ ਉੱਤੇ ਕੰਮ ਕਰਦਿਆਂ ਲੋਕ ਖੁਸ਼ ਘੱਟ ਤੇ ਨਰਾਜ਼ ਜਿਆਦਾ ਹੁੰਦੇ ਹਨ। ਤੁਸੀਂ ਮੈਨੂੰ ਦੋ ਵੇਰ ਜਿਤਾਇਆ ਹੈ, ਉਸ ਲਈ ਮੈਂ ਤੁਹਾਡਾ ਰਿਣੀ ਹਾਂ ਪਰ ਹੁਣ ਮੈਂ ਤੀਜੀ ਵੇਰ ਹਾਰਕੇ ਤੁਹਾਡਾ ਅਕ੍ਰਿਤਘਣ ਨਹੀਂ ਹੋਣਾ ਚਾਹੁੰਦਾ। ਮੈਂ ਇੱਜ਼ਤ ਨਾਲ ਆਪਣਾ ਇਹ ਅਹੁਦਾ ਛੱਡਣਾ ਚਾਹੁੰਦਾ ਹਾਂ। ਇਸ ਸਰਪੰਚ ਦੇ ਸਬਰ ਦੀ ਪਿੰਡ ਦੇ ਲੋਕ ਅੱਜ ਵੀ ਸ਼ਲਾਘਾ ਕਰਦੇ ਹਨ।

ਸਫਲਤਾ ਅਨੇਕਾਂ ਲੋਕ ਹਾਸਲ ਕਰਦੇ ਹਨ ਪਰ ਜਿਨ੍ਹਾਂ ਲੋਕਾਂ ਨੇ ਸਬਰ ਅਤੇ ਸਿਧਾਂਤਾ ਦੇ ਰਾਹ 'ਤੇ ਚੱਲਦਿਆਂ ਸਫਲਤਾ ਪ੍ਰਾਪਤ ਕੀਤੀ ਹੁੰਦੀ ਹੈ, ਉਹ ਵਿਰਲੇ ਹੀ ਹੁੰਦੇ ਹਨ। ਲੋਕ ਉਨ੍ਹਾਂ ਦੇ ਕਿਰਦਾਰ ਦੀ ਮਨੋਂ ਇੱਜ਼ਤ ਕਰਦੇ ਹਨ। ਸਬਰ ਅਤੇ ਸਫਲਤਾ ਦਾ ਸੁਯੋਗ ਬਣਾਕੇ ਅੱਗੇ ਵਧਣ ਵਾਲੇ ਲੋਕ ਦੂਜਿਆਂ ਲਈ ਚਾਨਣ ਮੁਨਾਰੇ ਹੁੰਦੇ ਹਨ ਅਤੇ ਉਨ੍ਹਾਂ ਨੂੰ ਲੋਕ ਵੱਲੋਂ ਯੁੱਗਾਂ ਤੱਕ ਚੇਤੇ ਰੱਖਿਆ ਜਾਂਦਾ ਹੈ।

# ਹਰੀ ਕ੍ਰਿਸ਼ਨ ਮਾਇਰ ਦੀ ਬਹੁ ਮੁੱਖੀ ਪੁਸਤਕ : ਪੰਜਾਬੀ ਖੋਜਕਾਰ

**ਲਿਖਤ : ਰਵਿੰਦਰ ਸਿੰਘ ਸੋਢੀ**
**ਸੰਪਰਕ : 604-369-2371**




ਸਾਹਿਤਕ ਵੰਨਗੀਆਂ ਵਿਚੋਂ ਵਾਰਤਕ ਵਿਧਾ ਦਾ ਵੱਖਰਾ ਸਥਾਨ ਹੈ। ਵਾਰਤਕ ਵਿਚ ਸੰਬੰਧਿਤ ਵਿਸ਼ੇ ਦੀ ਜਾਣਕਾਰੀ ਦੇ ਨਾਲ-ਨਾਲ ਜਾਣਕਾਰ ਕਿਵੇਂ ਮੁਹੱਈਆ ਕਰਵਾਈ ਗਈ ਹੈ, ਵਾਰਤਕ ਸ਼ੈਲੀ ਅਤੇ ਭਾਸ਼ਾ ਦਾ ਆਪਸੀ ਸਮਤੋਲ ਕਿਵੇਂ ਰੱਖਿਆ ਗਿਆ ਹੈ, ਇਸ ਦਾ ਧਿਆਨ ਰੱਖਣਾ ਬਹੁਤ ਜਰੂਰੀ ਹੁੰਦਾ ਹੈ। ਲੇਖਕ ਨੂੰ ਇਹ ਦੇਖਣਾ ਪੈਂਦਾ ਹੈ ਕਿ ਉਹ ਕਿਸ ਵਰਗ ਦੇ ਪਾਠਕਾਂ ਲਈ ਲਿਖ ਰਿਹਾ ਹੈ, ਜਿਹੜੇ ਵਿਸ਼ੇ ਤੇ ਲਿਖ ਰਿਹਾ ਹੈ, ਉਸ ਦਾ ਕੀ ਮਹੱਤਵ ਹੈ, ਕੀ ਵਿਸ਼ੇ ਅਨੁਸਾਰ ਭਾਸ਼ਾ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਜੇ ਵਿਸ਼ਾ ਬੱਚਿਆਂ ਨਾਲ ਸੰਬੰਧਿਤ ਹੈ, ਪਰ ਭਾਸ਼ਾ ਔਖੀ ਵਰਤੀ ਗਈ ਹੈ ਤਾਂ ਲਿਖਣ ਦਾ ਮਕਸਦ ਹੀ ਪੂਰਾ ਨਹੀਂ ਹੁੰਦਾ। ਜੇ ਭਾਸ਼ਾ ਵੀ ਬੱਚਿਆਂ ਅਨੁਸਾਰ ਵਰਤੀ ਹੈ, ਪਰ ਲੇਖਕ ਦੀ ਸ਼ੈਲੀ ਵਿਚ ਹੀ ਕੋਈ ਖਿੱਚ ਨਹੀਂ ਤਾਂ ਪਾਠਕਾਂ ਨੂੰ ਉਹ ਲਿਖਤ ਕਦੇ ਵੀ ਪ੍ਰਭਾਵਿਤ ਨਹੀਂ ਕਰ ਸਕਦੀ।

ਪੰਜਾਬੀ ਸਾਹਿਤ ਦੇ ਇਕ ਹਸਤਾਖਰ ਪ੍ਰਿੰਸੀਪਲ ਹਰੀ ਕ੍ਰਿਸ਼ਨ ਮਾਇਰ ਦੀ ਪੁਸਤਕ 'ਪੰਜਾਬੀ ਖੋਜਕਾਰ' ਪੜ੍ਹਦਿਆਂ ਮੈਂ ਇਹ ਮਹਿਸੂਸ ਕੀਤਾ ਹੈ ਕਿ ਵਿਦਵਾਨ ਲੇਖਕ ਇਕ ਸਫਲ ਵਾਰਤਾਕਾਰ ਦੇ ਤੌਰ ਤੇ ਆਪਣੀ ਵੱਖਰ ਪਹਿਚਾਣ ਬਣਾਉਣ ਵਿਚ ਸਫਲ ਹੋਇਆ ਹੈ। ਇਸ ਪੁਸਤਕ ਵਿਚ ਪੰਜਾਬ ਨਾਲ ਸਬੰਧਿਤ 22 ਵਿਗਿਆਨਕਾਂ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ। ਇਹਨਾਂ ਵਿਚੋਂ ਕਈ ਵਿਗਿਆਨਕ ਖੋਜੀਆਂ ਨੇ ਪੰਜਾਬ ਜਾਂ ਭਾਰਤ ਨੂੰ ਹੀ ਆਪਣੀ ਕਰਮ ਭੂਮੀ ਬਣਾਉਣ ਵਿਚ ਫਖਰ ਮਹਿਸੂਸ ਕੀਤਾ ਅਤੇ ਕਈਆਂ ਨੇ ਆਪਣੀ ਖੋਜ ਦੇ ਖੇਤਰ ਦੀ ਵਿਸ਼ਾਲਤਾ ਨੂੰ ਪਹਿਚਾਣਦੇ ਹੋਏ ਵਿਦੇਸ਼ਾਂ ਵੱਲ ਉਡਾਨ ਭਰੀ ਅਤੇ ਵਿਸ਼ੇਸ਼ ਪ੍ਰਾਪਤੀਆਂ ਕਰਦੇ ਹੋਏ ਆਪਣਾ ਅਤੇ ਆਪਣੀ ਜਨਮ ਭੂਮੀ ਦੇ ਨਾਂ ਨੂੰ ਚਮਕਾਇਆ। ਪ੍ਰਸਤੁਤ ਪੁਸਤਕ ਦੀ ਇਕ ਵਿਸ਼ੇਸ਼ਤਾ ਹੋਰ ਹੈ ਕਿ ਲੇਖਕ ਨੇ ਇਸ ਪੁਸਤਕ ਵਿਚ ਕਈ ਅਜਿਹੇ ਖੋਜਕਾਰ ਵਿਗਿਆਨੀਆਂ ਨਾਲ ਪਾਠਕਾਂ ਦੀ ਜਾਣ-ਪਛਾਣ ਕਰਵਾਈ ਹੈ ਜਿੰਨਾ ਸੰਬੰਧੀ ਪੰਜਾਬੀ ਵਿਚ ਪਹਿਲਾਂ ਬਹੁਤ ਕੁਝ ਨਹੀਂ ਸੀ ਲਿਖਿਆ ਗਿਆ। ਇਸ ਪੁਸਤਕ ਵਿਚ ਜਿਨ੍ਹਾਂ ਪੰਜਾਬੀ ਵਿਗਿਆਨਕ ਖੋਜੀਆਂ ਸੰਬੰਧੀ ਲੇਖ ਲਿਖੇ ਗਏ ਹਨ, ਉਹ ਹਨ:- ਡਾ. ਰੁਚੀ ਰਾਮ ਸਾਹਨੀ, ਡਾ. ਬੀਰਬਲ ਸਾਹਨੀ, ਡਾ. ਸ਼ਾਂਤੀ ਸਰੂਪ ਭਟਨਾਗਰ, ਡਾ. ਬੈਂਜਾਮਿਨ ਪੀਅਰੀ ਪਾਲ, ਡਾ. ਮਹਿੰਦਰ ਸਿੰਘ ਰੰਧਾਵਾ, ਡਾ. ਪਿਆਰਾ ਸਿੰਘ ਗਿੱਲ, ਡਾ. ਹਰਗੋਬਿੰਦ ਖੁਰਾਣਾ, ਮੁਹੰਮਦ ਅਬਦੁਸ ਸਲਾਮ, ਡਾ. ਨਰਿੰਦਰ ਸਿੰਘ ਕੰਪਾਨੀ, ਪ੍ਰੋ. ਯਸ਼ਪਾਲ, ਡਾ. ਓਮ ਪ੍ਰਕਾਸ਼ ਬਹਿਲ, ਡਾ. ਦਿਲਬਾਗ ਸਿੰਘ ਅਟਵਾਲ, ਡਾ. ਖੇਮ ਸਿੰਘ ਗਿੱਲ, ਰਾਜ ਕੁਮਾਰ ਪਥਰੀਆ, ਡਾ. ਗੁਰਦੇਵ ਸਿੰਘ ਖੁਸ਼, ਪ੍ਰੋ. ਕਮਲਜੀਤ ਸਿੰਘ ਬਾਵਾ, ਪ੍ਰੋ. ਵੇਦ ਪ੍ਰਕਾਸ਼ ਸੈਂਡਲਸ, ਡਾ. ਹਰਦੇਵ ਸਿੰਘ ਵਿਰਕ, ਡਾ. ਬਲਦੇਵ ਸਿੰਘ ਢਿੱਲੋਂ, ਡਾ. ਸੁਰੇਸ਼ ਰਤਨ, ਡਾ. ਗਗਨਦੀਪ ਕੰਗ, ਪ੍ਰੋ. ਅਰਵਿੰਦ। ਇਹਨਾਂ ਵਿਚੋਂ ਕੁਝ ਖੋਜਕਾਰਾਂ ਸੰਬੰਧੀ ਤਾਂ ਪੰਜਾਬੀ ਦੇ ਆਮ ਪਾਠਕ ਵੀ ਜਾਣਦੇ ਹਨ, ਪਰ ਕਈ ਖੋਜੀਆਂ ਸੰਬੰਧੀ ਮਾਇਰ ਸਾਹਿਬ ਨੇ ਪਹਿਲੀ ਵਾਰ ਜਾਣਕਾਰੀ ਮੁਹੱਈਆ ਕਰਵਾਈ ਹੈ।

ਸਾਰੇ ਲੇਖਾਂ ਵਿਚ ਲੇਖਕ ਨੇ ਇਕ ਹੀ ਢੰਗ ਵਰਤਿਆ ਹੈ, ਮਸਲਨ ਵਿਗਿਆਨਕ ਬਾਰੇ ਕੁਝ ਸ਼ਬਦ, ਜਨਮ ਅਤੇ ਪਰਿਵਾਰ ਸੰਬੰਧੀ ਜਾਣਕਾਰੀ, ਵਿਦਿਅਕ ਯੋਗਤਾ, ਖੋਜ ਦਾ ਵਿਸ਼ਾ, ਆਪਣੇ ਖੇਤਰ ਦੀਆਂ ਪ੍ਰਾਪਤੀਆਂ, ਖੋਜ ਪੱਤਰ ਅਤੇ ਲਿਖੀਆਂ ਪੁਸਤਕਾਂ ਦਾ ਵੇਰਵਾ, ਇਨਾਮ/ ਸਨਮਾਨ, ਸ਼ੌਕ ਅਤੇ ਸਮੇਟਵੀਂ ਟਿੱਪਣੀ ਆਦਿ। ਲੇਖਕ ਨੇ ਇਸ ਢੰਗ ਨਾਲ ਪਾਠਕ ਨੂੰ ਸੰਬੰਧਿਤ ਖੋਜਕਾਰ ਸੰਬੰਧੀ ਮੁੱਢਲੀ ਜਾਣਕਾਰੀ ਦੇ ਕੇ ਇਹਨਾਂ ਮਹਾਨ ਪੰਜਾਬੀ ਖੋਜੀਆਂ ਸੰਬੰਧ ਵਿਸਤਾਰ ਵਿਚ ਜਾਣਕਾਰੀ ਪ੍ਰਾਪਤ ਕਰਨ ਦੀ ਚਿਣਗ ਸੁਲਘਾ ਦਿੱਤੀ ਹੈ। ਇਸ ਨੂੰ ਉੱਚ ਕੋਟੀ ਦੇ ਲੇਖਕ ਅਤੇ ਵਧੀਆ ਲਿਖਤ ਦੀ ਪ੍ਰਾਪਤੀ ਮੰਨਿਆ ਜਾਂਦਾ ਹੈ, ਜਦੋਂ ਪਾਠਕ ਦੇ ਮਨ ਵਿਚ ਸੰਬੰਧਿਤ ਵਿਸ਼ੇ ਪ੍ਰਤੀ ਹੋਰ ਰੁਚੀ ਪੈਦਾ ਹੋਵੇ।

ਲੇਖਕ ਵੱਲੋਂ ਤਕਰੀਬਨ ਹਰ ਲੇਖ ਦਾ ਅੰਤ ਹੀ ਭਾਵਪੂਰਤ ਸ਼ਬਦਾਂ ਨਾਲ ਕੀਤਾ ਗਿਆ ਹੈ। ਇਸ ਦੀਆਂ ਕੁਝ ਉਦਾਹਰਣਾਂ ਹਨ:

1. ਆਓ ਆਪਾਂ ਮਾਂ-ਬੋਲੀ ਪੰਜਾਬੀ ਵਿਚ ਵਿਗਿਆਨਕ ਵਿਸ਼ੇ ਨੂੰ ਪੜਾਉਣ ਦੇ ਡਾ. ਸਾਹਨੀ ਵੱਲੋਂ ਲਏ ਸੁਪਨੇ ਨੂੰ ਹਕੀਕਤ ਵਿਚ ਬਦਲਣ ਲਈ ਯਤਨ ਮੁੜ ਤੋਂ ਅਰੰਭੀਏ।(ਡਾ. ਰੁਚੀ ਰਾਮ ਸਾਹਨੀ)
2. ਸਚਮੁਚ ਉਹ ਵਿਗਿਆਨ, ਟੈਕਨਾਲੋਜੀ ਅਤੇ ਮੁਲਕ ਦੇ ਵਿਕਾਸ ਵਿਚਕਾਰ ਦ੍ਰਿੜ ਇਰਾਦੇ ਵਾਲਾ ਇਕ ਮਜ਼ਬੂਤ ਪੁਲ ਬਣ ਕੇ ਜਿਉਂਦਾ ਰਿਹਾ ਸੀ।(ਸ਼ਾਂਤੀ ਸਰੂਪ ਭਟਨਾਗਰ)
3. ਉਸ ਦੀ ਨਿਜੀ ਪ੍ਰਯੋਗਸ਼ਾਲਾ 'ਚੋਂ ਆਉਣ ਵਾਲੀਆਂ ਪੀੜ੍ਹੀਆਂ ਦੇ ਨੌਜਵਾਨ ਖੋਜੀ ਉਸ ਦੇ ਖੋਜ ਕਾਰਜਾਂ ਨੂੰ ਹੋਰ ਅੱਗੇ ਲੈ ਕੇ ਜਾਣ ਦਾ ਬੀੜਾ ਚੁੱਕਣ ਗੇ।(ਡਾ. ਹਰਗੋਬਿੰਦ ਖੁਰਾਣਾ) ਆਦਿ।

ਹਰੀ ਕ੍ਰਿਸ਼ਨ ਮਾਇਰ ਦੀ ਸ਼ੈਲੀ ਦਾ ਮੀਰੀ ਗੁਣ ਇਹ ਹੈ ਕਿ ਉਹ ਕੁਝ ਸ਼ਬਦਾਂ ਵਿਚ ਹੀ ਬਹੁਤੀ ਜਾਣਕਾਰੀ ਦੇ ਜਾਂਦਾ ਹੈ। ਮੁਹੰਮਦ ਅਬਦੁਸ ਸਲਾਮ ਵਾਲੇ ਲੇਖ ਦੇ ਮੁੱਢ ਵਿਚ ਉਹ ਲਿਖਦਾ ਹੈ, "ਅੰਗ੍ਰੇਜ਼ੀ ਰਾਜ ਵੇਲੇ ਡਾ. ਅਬਦੁਸ ਸਲਾਮ ਭਾਰਤੀ ਪੰਜਾਬ ਦਾ ਇਕ ਸਿਧਾਂਤਕ ਭੌਤਿਕ ਵਿਗਿਆਨੀ ਹੋਇਆ ਹੈ, ਜਿਸ ਨੇ ਅੱਗੇ ਜਾ ਕੇ ਨੋਬਲ ਪੁਰਸਕਾਰ ਵੀ ਹਾਸਿਲ ਕੀਤਾ ਸੀ। ਵੰਡ ਤੋਂ ਪਿੱਛੋਂ ਉਸ ਦੀ ਜੰਮਣ ਭੋਇੰ ਪਾਕਿਸਤਾਨ ਵਿਚ ਚਲੀ ਗਈ ਸੀ। ਉਸ ਨੇ ਸੰਨ 1879 ਵਿਚ ਫਿਜ਼ਿਕਸ ਦਾ ਨੋਬਲ ਪੁਰਸਕਾਰ ਸ਼ੈਲਡਨ ਗਲਾਸ਼ੋ ਅਤੇ ਸਟੀਵਨ ਵੇਨਵਰਗ ਨਾਲ ਸਾਂਝੇ ਤੌਰ ਤੇ ਪ੍ਰਾਪਤ ਕੀਤਾ ਸੀ। ਪਰ ਅਹਿਮਦੀਆ ਪੰਜਾਬੀ ਹੋਣ ਕਰਕੇ ਨੋਬਲ ਪੁਰਸਕਾਰ ਦਾ ਜਸ਼ਨ ਪਾਕਿਸਤਾਨ ਵਿਚ ਨਹੀਂ ਮਨਾਇਆ ਗਿਆ ਸੀ।"

ਵੱਖ-ਵੱਖ ਖੋਜਕਾਰਾਂ ਦੀਆਂ ਖੋਜਾਂ ਸੰਬੰਧੀ ਲੇਖਕ ਨੇ ਦਿਲਚਸਪ ਜਾਣਕਾਰੀ ਮੁਹੱਈਆ ਕਰਵਾਈ ਹੈ:-

ਡਾ. ਬੀਰਬਲ ਸਾਹਨੀ ਜਦੋਂ ਪੜ੍ਹਦਾ ਸੀ, ਉਹ ਟੈਨਿਸ, ਹਾਕੀ ਅਤੇ ਸ਼ਤਰੰਜ ਖੇਡਣ ਦਾ ਸ਼ੌਕੀਨ ਸੀ। ਉਸ ਦੀ ਦਿਲਚਸਪੀ ਸੰਗੀਤ, ਸਿਤਾਰ ਅਤੇ ਵਾਇਲਿਨ ਵਜਾਉਣ ਵੱਲ ਸੀ। ਉਸ ਨੂੰ ਕਈ ਭਾਸ਼ਾਵਾਂ ਦਾ ਗਿਆਨ ਸੀ। ਉਹ ਵਧੀਆ ਲਿਖਾਰੀ ਅਤੇ ਪ੍ਰਭਾਵਸ਼ਾਲੀ ਬੁਲਾਰਾ ਵੀ ਸੀ।

ਡਾ. ਸ਼ਾਂਤੀ ਸਰੂਪ ਭਟਨਾਗਰ ਨੂੰ ਇਕ ਤੇਲ ਕੰਪਨੀ ਦੀ ਸਹਾਇਤਾ ਕਰਨ ਬਦਲੇ ਕੰਪਨੀ ਨੇ ਉਸ ਨੂੰ ਡੇਢ ਲੱਖ ਰੁਪਏ ਦੇਣਾ ਚਾਹੁੰਦੀ ਸੀ, ਪਰ ਉਸ ਨੇ ਇਹ ਪੈਸਾ ਵਿਸ਼ਵ ਵਿਦਿਆਲਿਆ ਨੂੰ ਦੇਣ ਲਈ ਕਿਹਾ ਤਾਂ ਜੋ ਇਸ ਪੈਸੇ ਨਾਲ ਤੇਲ ਅਤੇ ਪੈਟ੍ਰੋਲੀਅਮ ਤੇ ਖੋਜ ਕੀਤੀ ਜਾਵੇ।

ਡਾ. ਬੈਂਜਾਮਿਨ ਪੀਅਰੀ ਪਾਲ ਨੇ ਅਠਾਰਾਂ ਸਾਲ ਦੀ ਖੋਜ ਬਾਅਦ ਨਵੀਂ ਕਿਸਮ ਦੀ ਕਣਕ ਦੀ ਖੋਜ ਕੀਤੀ ਜਿਹੜੀ ਕਈ ਰੋਗਾਂ ਦਾ ਟਾਕਰਾ ਕਰ ਸਕਦੀ ਸੀ। ਇਹ ਕਣਕ ਵਿਸ਼ਵ ਭਰ ਵਿਚ ਪ੍ਰਸਿੱਧ ਹੋਈ।

ਪ੍ਰੋ. ਯਸ਼ਪਾਲ ਨੇ ਸਭ ਭਾਰਤ ਵਿਚ ਸਭ ਤੋਂ 'ਬੋਝ ਤੋਂ ਬਿਨਾਂ ਸਿੱਖਣਾ' ਦਾ ਸੁਝਾਅ ਦਿੱਤਾ ਸੀ।

ਡਾ. ਦਿਲਬਾਗ ਸਿੰਘ ਅਟਵਾਲ ਨੇ ਭਾਰਤ ਵਿਚ ਕਣਕ ਦੀ 'ਕਲਿਆਣ' ਕਿਸਮ ਦੀ ਖੋਜ ਕੀਤੀ, ਜਿਸ ਦੀ ਰੋਟੀ ਸੁੱਕਦੀ ਨਹੀਂ ਸੀ। ਆਪਣੇ ਪਿੰਡ ਕਲਿਆਣ ਪੁਰ ਦੇ ਨਾਂ ਤੇ ਕਣਕ ਦੀ ਇਸ ਨਵੀਂ ਕਿਸਮ ਦਾ ਨਾਂ ਰੱਖਿਆ ਸੀ।

ਡਾ. ਖੇਮ ਸਿੰਘ ਗਿੱਲ ਨੇ ਜਿਆਦਾ ਝਾੜ ਦੇਣ ਵਾਲੀਆਂ ਕਣਕ ਦੀਆਂ ਕਿਸਮਾਂ ਦੀ ਖੋਜ ਕਰਕੇ ਭਾਰਤ ਨੂੰ 'ਅੰਨ ਦੇ ਭੰਡਾਰ' ਵੱਜੋਂ ਪ੍ਰਸਿੱਧ ਕੀਤਾ।

ਡਾ. ਹਰਦੇਵ ਸਿੰਘ ਵਿਰਕ ਨੇ 'ਬ੍ਰਹਿਮੰਡ ਦੀ ਰਚਨਾ' ਪੁਸਤਕ ਰਾਹੀਂ ਗੁਰਬਾਣੀ ਦੀ ਵਿਗਿਆਨਕ ਵਿਆਖਿਆ ਕਰਨ ਦੀ ਸ਼ੁਰੂਆਤ ਕੀਤੀ।

ਕਿਤਾਬ ਦੇ ਮੁੱਖ ਬੰਦ ਦੇ ਰੂਪ ਵਿਚ ਲਿਖੀ 'ਜਾਣ-ਪਛਾਣ' ਵਿਚ ਲੇਖਕ ਹਰੀ ਕ੍ਰਿਸ਼ਨ ਮਾਇਰ ਨੇ ਪੁਸਤਕ ਵਿਚ ਦਰਜ ਸਾਰੇ ਵਿਗਿਆਨਕ ਖੋਜੀਆਂ ਬਾਰੇ ਇਕ ਦੋ ਸਤਰਾਂ ਲਿਖ ਕੇ ਪਾਠਕਾਂ ਦੇ ਦਿਲ ਵਿਚ ਪੁਸਤਕ ਨੂੰ ਪੜ੍ਹਨ ਦੀ ਜਿਗਿਆਸਾ ਪੈਦਾ ਕਰ ਦਿੱਤੀ ਹੈ। ਨਿਰਸੰਦੇਹ ਇਸ ਪੁਸਤਕ ਨਾਲ ਪੰਜਾਬ ਦੀਆਂ ਖੋਜੀ ਸਖਸ਼ੀਅਤਾਂ ਨਾਲ ਜਾਣ-ਪਛਾਣ ਕਰਵਾ ਕੇ ਪੰਜਾਬੀ ਪਾਠਕਾਂ ਲਈ ਵਧੀਆ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਕੁਝ ਲੇਖਾਂ ਵਿਚ ਨਿਰੋਲ ਵਿਗਿਆਨਕ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ, ਪਰ ਉਸ ਲਈ ਲੇਖਕ ਦੀ ਕੋਈ ਗਲਤੀ ਨਹੀਂ ਬਲਕਿ ਪੰਜਾਬੀ ਵਿਚ ਵਿਗਿਆਨਕ ਸ਼ਬਦਾਵਲੀ ਦੀ ਹੀ ਘਾਟ ਹੈ। ਇਹ ਪੁਸਤਕ ਬੱਚਿਆਂ ਅਤੇ ਵੱਡਿਆਂ ਦੋਹਾਂ ਲਈ ਪੜ੍ਹਨ ਯੋਗ ਹੈ। ਸੌਖੀ ਸ਼ਬਦਾਵਲੀ ਵਿੱਚ ਰਚੀ ਇਹ ਪੁਸਤਕ ਪਾਠ ਪੁਸਤਕ ਬਣਨ ਦੀ ਸਮਰਥਾ ਰੱਖਦੀ ਹੈ। ਗੋਰਕੀ ਪ੍ਰਕਾਸ਼ਨ, ਲੁਧਿਆਣਾ ਵੱਲੋਂ ਪ੍ਰਕਾਸ਼ਿਤ 112 ਪੰਨਿਆਂ ਦੀ ਇਸ ਪੁਸਤਕ ਦੀ ਕੀਮਤ 140 ਰੁਪਏ ਬਹੁਤ ਵਾਜਬ ਹੈ।

ਹਰੀ ਕ੍ਰਿਸ਼ਨ ਮਾਇਰ ਇਸ ਪੁਸਤਕ ਤੋਂ ਪਹਿਲਾਂ ਵੀ ਭਾਰਤ ਦੇ ਵਿਗਿਆਨੀ(ਦੋ ਭਾਗ), ਮਹਾਨ ਖੋਜਕਾਰ, ਭਾਰਤੀ ਖੋਜਕਾਰ ਸਮੇਤ ਜਾਣਕਾਰੀ ਭਰਪੂਰ 12 ਪੁਸਤਕਾਂ ਦੀ ਰਚਨਾ ਕਰ ਚੁੱਕਿਆ ਹੈ ਅਤੇ ਤਿੰਨ ਕਿਤਾਬਾਂ ਦਾ ਅਨੁਵਾਦ ਵੀ।

---



# ਮਹਿੰਗਾਈ ਦੇ ਬੋਝ ਹੇਠ ਦੱਬਦੀ
## ਜਾ ਰਹੀ ਆਮ ਜਨਤਾ

**ਲਿਖਤ : ਗੁਰਤੇਜ ਸਿੰਘ ਖੁਡਾਲ**
**ਸੰਪਰਕ : 94641-29118**

ਮਹਿੰਗਾਈ ਲਗਾਤਾਰ ਵਧਦੀ ਹੀ ਜਾ ਰਹੀ ਹੈ। ਵੋਟਾਂ ਵੇਲੇ ਇਸ ਨੂੰ ਘੱਟ ਕਰਨ ਜਾਂ ਰੋਕਣ ਦਾ ਮੁੱਦਾ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਚੋਣ ਮਨੋਰਥ ਪੱਤਰਾਂ ਵਿਚ ਸ਼ਾਮਲ ਹੁੰਦਾ ਹੈ। ਸਭ ਪਾਰਟੀਆਂ ਮਹਿੰਗਾਈ ਨੂੰ ਲੈ ਕੇ ਸਰਕਾਰਾਂ ਨੂੰ ਕੋਸਦੀਆਂ ਰਹਿੰਦੀਆਂ ਹਨ ਪਰ ਜੋ ਵੀ ਸਿਆਸੀ ਪਾਰਟੀ ਆਪਣੀ ਸਰਕਾਰ ਬਣਾ ਲੈਂਦੀ ਹੈ, ਉਹ ਲੋਕਾਂ ਦੇ ਸਾਰੇ ਮੁੱਦੇ ਮਨੋਂ ਵਿਸਾਰ ਦਿੰਦੀ ਹੈ। ਜੇ ਪੰਜਾਬ ਦੀ ਗੱਲ ਕਰੀਏ ਤਾਂ ਪੰਜਾਬ ਸਰਕਾਰ ਮਹਿੰਗਾਈ ਦੇ ਮੁੱਦੇ ਨੂੰ ਲੈ ਕੇ ਬੜੇ ਹੀ ਸੋਚ-ਸੋਚ ਕੇ ਕਦਮ ਪੁੱਟ ਰਹੀ ਸੀ ਪਰ ਉਸ ਨੇ ਇਕਦਮ ਪੈਟਰੋਲ, ਡੀਜ਼ਲ, ਬਿਜਲੀ ਦੇ ਰੇਟ ਅਤੇ ਬੱਸਾਂ ਦਾ ਕਿਰਾਇਆ ਵਧਾ ਕੇ ਆਮ ਲੋਕਾਂ ਦੀ ਜੇਬ ’ਤੇ ਬੋਝ ਪਾ ਦਿੱਤਾ ਹੈ ਜਿਸ ਨਾਲ ਸਾਰੇ ਹੀ ਲੋਕਾਂ ਨੂੰ ਮਹਿੰਗਾਈ ਦੀ ਮਾਰ ਸਹਿਣੀ ਪੈਣੀ ਹੈ। ਕੁਝ ਚੀਜ਼ਾਂ ਤੇ ਸੇਵਾਵਾਂ ਦੀਆਂ ਦਰਾਂ ਵਿਚ ਵਾਧਾ ਕਰਨਾ ਚਾਹੇ ਸਰਕਾਰਾਂ ਦੀ ਮਜਬੂਰੀ ਹੈ ਪਰ ਉਨ੍ਹਾਂ ਦੇ ਕੁਝ ਫ਼ੈਸਲੇ ਉਨ੍ਹਾਂ ’ਤੇ ਭਾਰੀ ਪੈ ਰਹੇ ਹਨ। ਉਕਤ ਫ਼ੈਸਲਿਆਂ ’ਤੇ ਸਰਕਾਰ ਨੂੰ ਨਜ਼ਰਸਾਨੀ ਕਰਨੀ ਚਾਹੀਦੀ ਹੈ। ਬਿਜਲੀ ਕਿਸੇ ਨੂੰ ਵੀ ਮੁਫ਼ਤ ਨਹੀਂ ਮਿਲਣੀ ਚਾਹੀਦੀ ਸਗੋਂ ਉਹ ਸਭ ਲਈ ਸਸਤੀ ਮੁਹੱਈਆ ਕਰਵਾਈ ਜਾਵੇ। ਇਸੇ ਤਰ੍ਹਾਂ ਹੀ ਸੂਬਾ ਸਰਕਾਰ ਵੱਲੋਂ ਔਰਤਾਂ ਨੂੰ ਦਿੱਤੀ ਗਈ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਲਈ ਵੀ ਮੁੜ ਵਿਚਾਰ ਕਰਨਾ ਚਾਹੀਦਾ ਹੈ। ਜਿਨ੍ਹਾਂ ਕੋਲ ਦਸ ਕਿੱਲਿਆਂ ਤੋਂ ਵੱਧ ਜ਼ਮੀਨ ਹੈ, ਜੋ ਔਰਤਾਂ ਸਰਕਾਰੀ ਨੌਕਰੀ ਕਰਦੀਆਂ ਹਨ, ਜਿਨ੍ਹਾਂ ਦੀ ਤਨਖ਼ਾਹ ਪੰਜਾਹ ਹਜ਼ਾਰ ਤੋਂ ਲੈ ਕੇ ਲੱਖ ਰੁਪਏ ਤੱਕ ਹੈ ਅਤੇ ਕਾਰੋਬਾਰੀ ਔਰਤਾਂ ਜਿਨ੍ਹਾਂ ਦੀ ਵਧੀਆ ਆਮਦਨ ਹੈ, ਉਨ੍ਹਾਂ ਦਾ ਬੱਸਾਂ ਦਾ ਕਿਰਾਇਆ ਹਰਗਿਜ਼ ਮਾਫ਼ ਨਹੀਂ ਕੀਤਾ ਜਾਣਾ ਚਾਹੀਦਾ।

ਜਿਨ੍ਹਾਂ ਔਰਤਾਂ ਦੀ ਆਰਥਿਕ ਸਥਿਤੀ ਕਮਜ਼ੋਰ ਹੈ, ਸਿਰਫ਼ ਉਨ੍ਹਾਂ ਨੂੰ ਹੀ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਦਿੱਤੀ ਜਾਵੇ। ਸਾਰੀਆਂ ਔਰਤਾਂ ਨੂੰ ਨਹੀਂ। ਕਿੰਨਾ ਚੰਗਾ ਹੋਵੇ ਜੇ ਉਨ੍ਹਾਂ ਲਈ ਰੋਜ਼ਾਨਾ ਜਾਂ ਮਹੀਨਾਵਾਰ ਸਫ਼ਰ ਦੀ ਕਿੱਲੋਮੀਟਰਾਂ ਵਾਲੀ ਹੱਦ ਨਿਰਧਾਰਤ ਕਰ ਦਿੱਤੀ ਜਾਵੇ। ਜਦੋਂ ਵੀ ਹੱਦ ਖ਼ਤਮ ਹੋ ਜਾਵੇ ਤਾਂ ਪੂਰਾ ਕਿਰਾਇਆ ਵਸੂਲਿਆ ਜਾਵੇ। ਇਨ੍ਹਾਂ ਸਕੀਮਾਂ ’ਤੇ ਸਰਕਾਰ ਮੁੜ ਵਿਚਾਰ ਕਰਦੀ ਹੋਈ ਸਿਰਫ਼ ਲੋੜਵੰਦਾਂ ਨੂੰ ਸਹੂਲਤਾਂ ਦੇ ਕੇ ਕਰੋੜਾਂ ਰੁਪਏ ਸਰਕਾਰੀ ਖ਼ਜ਼ਾਨੇ ਵਿਚ ਲਿਆ ਸਕਦੀ ਹੈ।

ਸੂਬਾ ਸਰਕਾਰ ਨੂੰ ਬੇਨਤੀ ਹੈ ਕਿ ਮੁਫ਼ਤ ਸਹੂਲਤਾਂ ਦੇਣ ਦੀ ਬਜਾਏ ਵਧੀਆ ਤੇ ਪਾਏਦਾਰ ਸਹੂਲਤਾਂ ਦੇਵੇ। ਇਹ ਮੁਫ਼ਤਖੋਰੀ ਵਾਲੀਆਂ ਸਾਰੀਆਂ ਸਹੂਲਤਾਂ ਤੁਰੰਤ ਬੰਦ ਹੋਣੀਆਂ ਚਾਹੀਦੀਆਂ ਹਨ ਕਿਉਂਕਿ ਇਨ੍ਹਾਂ ਬਦਲੇ ਵਿੱਤੀ ਬੋਝ ਟੈਕਸਾਂ ਜਾਂ ਮਹਿੰਗਾਈ ਦੇ ਰੂਪ ਵਿਚ ਹੋਰ ਲੋਕਾਂ ’ਤੇ ਪੈਂਦਾ ਹੈ। ਸਰਕਾਰ ਜਦ ਤੱਕ ਆਪਣੀ ਆਮਦਨ ਦੇ ਸੋਮੇ ਨਹੀਂ ਵਧਾਏਗੀ ਉਦੋਂ ਤੱਕ ਪੰਜਾਬ ਦਾ ਵਿਕਾਸ ਨਹੀਂ ਹੋ ਸਕਦਾ। ਜਦ ਕੇਂਦਰ ਤੇ ਸੂਬਾ ਸਰਕਾਰਾਂ ਦੀ ਵਿੱਤੀ ਹਾਲਤ ਠੀਕ ਹੋਣ ਲੱਗੇਗੀ, ਉਦੋਂ ਹੀ ਲੋਕਾਂ ਨੂੰ ਮਹਿੰਗਾਈ ਦੀ ਮਾਰ ਤੋਂ ਕੁਝ ਰਾਹਤ ਮਿਲਣ ਲੱਗੇਗੀ।




## ਥਕਾਵਟ ਦੂਰ ਕਰਨ ਦੇ ਕੁਝ ਉਪਯੋਗੀ ਸੁਝਾਅ

ਅੱਜ ਦੇ ਮਸ਼ੀਨੀ ਯੁੱਗ ਵਿਚ ਇਨਸਾਨ ਸਾਰਾ ਦਿਨ ਦੌੜ-ਭੱਜ ਕਰਦਾ ਹੈ। ਸ਼ਾਮ ਨੂੰ ਉਹ ਥੱਕਿਆ ਹੋਇਆ ਘਰ ਆਉਂਦਾ ਹੈ ਅਤੇ ਆਪਣੀ ਥਕਾਵਟ ਦੂਰ ਕਰਨ ਲਈ ਬਿਸਤਰ 'ਤੇ ਨਿਢਾਲ ਹੋ ਕੇ ਡਿਗ ਜਾਂਦਾ ਹੈ ਪਰ ਕਈ ਵਾਰ ਫਿਰ ਵੀ ਉਹ ਆਪਣੀ ਥਕਾਵਟ ਨੂੰ ਦੂਰ ਕਰਨ 'ਚ ਅਸਮਰੱਥ ਰਹਿੰਦਾ ਹੈ। ਇਥੇ ਥਕਾਵਟ ਦੂਰ ਕਰਨ ਦੇ ਕੁਝ ਸੁਝਾਅ ਦਿੱਤੇ ਜਾ ਰਹੇ ਹਨ ਜਿਨ੍ਹਾਂ ਨੂੰ ਅਪਣਾ ਕੇ ਕੋਈ ਵੀ ਆਪਣੀ ਥਕਾਵਟ ਆਸਾਨੀ ਨਾਲ ਦੂਰ ਕਰ ਸਕਦਾ ਹੈ।

- ਪੂਰੀ ਤਰ੍ਹਾਂ ਥਕਾਵਟ ਦੂਰ ਕਰਨ ਲਈ ਜ਼ਰੂਰੀ ਹੈ ਕਿ ਤੁਸੀਂ ਆਰਾਮ ਕਰਦੇ ਸਮੇਂ ਕੰਮ ਬਾਰੇ ਜ਼ਿਆਦਾ ਨਾ ਸੋਚੋ।
- ਲਗਾਤਾਰ ਯੋਗਾ ਅਤੇ ਕਸਰਤ ਨਾਲ ਵੀ ਥਕਾਵਟ ਨੂੰ ਕਾਫੀ ਹੱਦ ਤੱਕ ਦੂਰ ਕੀਤਾ ਜਾ ਸਕਦਾ ਹੈ।
- ਕਦੇ-ਕਦੇ ਆਪਣੇ ਕਰੀਅਰ ਤੋਂ ਹਟ ਕੇ ਆਪਣੀ ਰੁਚੀ ਅਨੁਸਾਰ ਕੁਝ ਕੰਮ ਕਰੋ।
- ਕਦੇ ਆਪਣੇ ਰੁਝੇਵੇਂ 'ਚੋਂ ਕੁਝ ਸਮਾਂ ਮਨੋਰੰਜਨ ਲਈ ਵੀ ਕੱਢੋ।
- ਸਾਧਾਰਨ ਖੇਡ ਖੇਡਣੀ ਵੀ ਲਾਭਕਾਰੀ ਹੈ।
- ਜ਼ਿਆਦਾ ਇੱਛਾ ਰੱਖਣ ਤੋਂ ਬਚੋ।
- ਵਿਚ-ਵਿਚ ਕਦੇ ਨਵੀਆਂ ਥਾਵਾਂ 'ਤੇ ਵੀ ਜਾਓ। ਇਸ ਨਾਲ ਤੁਹਾਨੂੰ ਤਾਜ਼ਗੀ ਦਾ ਅਹਿਸਾਸ ਹੋਵੇਗਾ।
- ਛੁੱਟੀ ਵਾਲੇ ਦਿਨ 3-4 ਘੰਟੇ ਆਰਾਮ ਲਈ ਸਮਾਂ ਕੱਢੋ।
- ਹਲਕਾ ਸੰਗੀਤ ਸੁਣੋ।
- ਕਦੇ-ਕਦੇ ਸੰਗੀਤ ਦੀਆਂ ਧੁੰਨਾਂ 'ਤੇ ਨੱਚਣਾ ਵੀ ਲਾਭਕਾਰੀ ਹੁੰਦਾ ਹੈ।



## ਭੋਜਨ ਵਿਚ ਕਾਰਬੋਹਾਈਡ੍ਰੇਟ ਘਟਾਓ ਤੰਦਰੁਸਤ ਰਹੋ

ਉਂਝ ਤਾਂ ਭੋਜਨ ਨੂੰ ਤਾਕਤ ਅਤੇ ਚਰਬੀ ਵਿਚ ਬਦਲਣ ਦੀ ਪ੍ਰਕਿਰਿਆ ਮਨੁੱਖ ਦੇ ਪਾਚਣ ਤੰਤਰ 'ਤੇ ਨਿਰਭਰ ਹੁੰਦੀ ਹੈ ਪਰ ਕੁਝ ਲੋਕਾਂ 'ਚ ਚਰਬੀ ਬਣਾਉਣ ਦੀ ਦਰ ਅਤੇ ਸਮਰੱਥਾ ਕਾਫੀ ਜ਼ਿਆਦਾ ਪਾਈ ਗਈ ਹੈ। ਜਦੋਂ ਉਹ ਚਰਬੀ ਵਾਲਾ ਭੋਜਨ ਘੱਟ ਖਾਂਦੇ ਹਨ ਤਾਂ ਵੀ ਉਨ੍ਹਾਂ ਵਿਚ ਕਾਰਬੋਹਾਈਡ੍ਰੇਟ ਦੇ ਚਰਬੀ ਵਿਚ ਤਬਦੀਲੀ ਹੋਣ ਨਾਲ ਚਰਬੀ ਵਧੇਰੇ ਵਧਦੀ ਹੈ। ਇਸ ਲਈ ਉਨ੍ਹਾਂ ਦਾ ਜ਼ਿਆਦਾ ਮੋਟਾ ਹੋਈ ਜਾਣਾ ਵਿਹਾਰਕ ਅਤੇ ਸੁਭਾਵਿਕ ਹੀ ਹੈ। ਮਾਹਰਾਂ ਦਾ ਤਰਕ ਹੈ ਕਿ ਜੇਕਰ ਚਰਬੀ ਭਰਪੂਰ ਭੋਜਨ ਦੇ ਨਾਲ ਹੀ ਕਾਰਬੋਹਾਈਡ੍ਰੇਟ ਭਰਪੂਰ ਭੋਜਨ ਦੀ ਵਰਤੋਂ ਬੰਦ ਜਾਂ ਬਹੁਤ ਘੱਟ ਕਰ ਦਿੱਤੀ ਜਾਵੇ ਤਾਂ ਮੋਟਾਪੇ ਤੋਂ ਪੀੜਤ ਲੋਕ ਆਪਣੇ ਮੋਟੇਪਣ ਤੋਂ ਛੁਟਕਾਰਾ ਪਾ ਸਕਦੇ ਹਨ। ਜੇਕਰ ਕੋਈ ਵੀ ਲੋੜ ਤੋਂ ਜ਼ਿਆਦਾ ਮੋਟਾ ਹੋ ਗਿਆ ਹੈ ਤਾਂ ਅਜਿਹੇ ਸਾਰੇ ਵਿਅਕਤੀਆਂ ਨੂੰ ਚਰਬੀ ਤੋਂ ਇਲਾਵਾ ਕਾਰਬੋਹਾਈਡ੍ਰੇਟ ਭੋਜਨ 'ਚ ਤਿਆਗ ਕਰਨਾ ਚਾਹੀਦਾ ਹੈ ਤਾਂ ਕਿ ਭਵਿੱਖ 'ਚ ਆਸਾਨੀ ਨਾਲ ਤੁਰ-ਫਿਰ ਸਕਣ ਜਾਂ ਦੌੜ ਸਕਣ ਨਹੀਂ ਤਾਂ ਮੋਟਾਪੇ ਰੂਪੀ ਬਿਮਾਰੀ ਨਾਲ ਬੁਰੀ ਤਰ੍ਹਾਂ ਪੀੜਤ ਹੋ ਜਾਣਗੇ ਤੇ ਦਿਨ ਭਰ ਦੇ ਕੰਮਕਾਜ, ਪਰਿਵਾਰ ਅਤੇ ਸਮਾਜ 'ਤੇ ਬੋਝ ਬਣ ਜਾਣਗੇ।



## ਢਿੱਡ ਨੂੰ ਰੱਖੋ ਕੰਟਰੋਲ ਵਿੱਚ

**ਲਿਖਤ : ਅਸ਼ੋਕ ਗੁਪਤਾ**

ਅਕਸਰ ਜਦੋਂ ਇਕ ਵਾਰ ਪੇਟ ਦਾ ਘੇਰਾ ਵਧ ਜਾਂਦਾ ਹੈ ਤਾਂ ਉਸ ਨੂੰ ਘੱਟ ਕਰਨਾ ਕਾਫੀ ਮੁਸ਼ਕਿਲ ਹੋ ਜਾਂਦਾ ਹੈ। ਪੇਟ ਵਧਣ ਦਾ ਮੂਲ ਕਾਰਨ ਵਾਰ-ਵਾਰ ਖਾਣਾ ਹੀ ਹੁੰਦਾ ਹੈ। ਦੁਪਹਿਰ ਅਤੇ ਰਾਤ ਦੇ ਭੋਜਨ ਦਰਮਿਆਨ ਅਸੀਂ ਕਈ ਤਰ੍ਹਾਂ ਦੇ ਸਨੈਕਸ ਖਾਂਦੇ ਹਾਂ। ਸ਼ਾਮ ਹੁੰਦਿਆਂ ਹੀ ਕਈ ਤਰ੍ਹਾਂ ਦੀਆਂ ਪੁੱਠੀਆਂ-ਸਿੱਧੀਆਂ ਚੀਜ਼ਾਂ ਖਾਣ ਦੀ ਇੱਛਾ ਹੁੰਦੀ ਹੈ। ਕੁਝ ਲੋਕ ਸਮੋਸੇ ਖਾਂਦੇ ਹਨ, ਕੁਝ ਕਚੌਰੀਆਂ, ਕੋਈ ਨਿਊਡਲਸ ਤੇ ਕੁਝ ਪੀਜ਼ਾ ਵਗੈਰਾ। ਕਈ ਵਾਰ ਤਾਂ ਇਕ ਸਨੈਕ ਖਾਣ ਨਾਲ ਕੋਈ ਹੋਰ ਸਕੈਨਸ ਖਾਣ ਦੀ ਇੱਛਾ ਹੁੰਦੀ ਹੈ। ਕੀ ਇਸ ਦਾ ਕਾਰਨ ਪੇਟ ਦੀ ਥੈਲੀ ਦੇ ਆਕਾਰ ਦਾ ਵਧਣਾ ਹੈ? ਮਾਹਰਾਂ ਦਾ ਕਹਿਣਾ ਹੈ ਕਿ ਅਸੀਂ ਜਿੰਨਾ ਭੋਜਨ ਖਾਂਦੇ ਹਾਂ ਉਸ ਦੇ ਹਿਸਾਬ ਨਾਲ ਪੇਟ ਦੀ ਥੈਲੀ ਦਾ ਆਕਾਰ ਵਧਦਾ ਜਾਂਦਾ ਹੈ ਅਤੇ ਸਾਨੂੰ ਜ਼ਿਆਦਾ ਭੁੱਖ ਲੱਗਣ ਲਗਦੀ ਹੈ ਜੋ ਕਈ ਵਾਰ ਖਾਣ ਨਾਲ ਵੀ ਸੰਤੁਸ਼ਟ ਨਹੀਂ ਹੁੰਦੀ। ਮਾਹਰਾਂ ਦਾ ਇਹ ਵੀ ਮੰਨਣਾ ਹੈ ਕਿ ਅਸੀਂ ਹਰ ਵਾਰ ਆਮ ਨਾਲੋਂ ਘੱਟ ਭੋਜਨ ਖਾ ਕੇ ਪੇਟ ਦੀ ਥੈਲੀ ਦਾ ਆਕਾਰ ਛੋਟਾ ਕਰ ਸਕਦੇ ਹਾਂ ਅਤੇ ਆਪਣਾ ਵਜ਼ਨ ਘਟਾ ਸਕਦੇ ਹਾਂ। ਜ਼ਿਆਦਾ ਭੁੱਖ ਅਤੇ ਵਧੇ ਹੋਏ ਪੇਟ ਦਾ ਸਬੰਧ ਤਾਂ ਸਭ ਨੂੰ ਪਤਾ ਹੀ ਹੈ।



ਇਕ ਮਨੋਵਿਗਿਆਨੀ ਨੇ ਕੁਝ ਵਿਅਕਤੀਆਂ ਦੇ ਪੇਟ ਵਿਚ ਇਕ ਬੈਲੂਨ ਪਾ ਕੇ ਉਸ ਵਿਚ ਪਾਣੀ ਭਰ ਕੇ ਉਨ੍ਹਾਂ ਦੇ ਪੇਟ ਦੀ ਸਮਰੱਥਾ ਮਾਪੀ। ਇਨ੍ਹਾਂ ਵਿਚੋਂ ਹਰੇਕ ਵਿਅਕਤੀ ਲਗਭਗ ਚਾਰ ਕੱਪ ਪਾਣੀ ਨਾਲ ਪੇਟ ਭਰਿਆ ਮਹਿਸੂਸ ਕਰਨ ਲੱਗਾ। ਉਸ ਤੋਂ ਬਾਅਦ ਇਨ੍ਹਾਂ ਵਿਅਕਤੀਆਂ ਨੂੰ ਇਕ ਮਹੀਨੇ ਤੱਕ ਘੱਟ ਕੈਲੋਰੀ ਵਾਲਾ ਹਲਕਾ ਭੋਜਨ ਦਿੱਤਾ ਗਿਆ। ਜਦੋਂ ਮੁੜ ਉਨ੍ਹਾਂ ਦੇ ਪੇਟ ਦੀ ਸਮਰੱਥਾ ਮਾਪੀ ਗਈ ਤਾਂ ਉਹ ਤਿੰਨ ਕੱਪ ਪਾਣੀ ਦੇ ਬਰਾਬਰ ਨਿਕਲੀ। ਪੇਟ ਦੀ ਸਮਰੱਥਾ ਵਧਣ ਵਿਚ ਕਿੰਨਾ ਸਮਾਂ ਲਗਦਾ ਹੈ? ਵਧਣ ਵਿਚ ਲਗਭਗ ਦੋ ਤੋਂ ਚਾਰ ਹਫ਼ਤਿਆਂ ਦਾ ਸਮਾਂ ਲੱਗਾ ਹੈ। ਇਕ-ਦੋ ਵਾਰ ਜ਼ਿਆਦਾ ਖਾ ਲੈਣ ਨਾਲ ਖ਼ਾਸ ਫ਼ਰਕ ਨਹੀਂ ਪੈਂਦਾ ਪਰ ਇਸ ਤੋਂ ਅਗਲੇ ਦਿਨ ਫਿਰ ਵਧੇਰੇ ਭੁੱਖ ਲੱਗ ਜਾਂਦੀ ਹੈ। ਇਕ ਮਾਹਰ ਨੇ ਦਿਨ ਵਿਚ ਘੱਟ ਭੋਜਨ ਅਤੇ ਰਾਤ ਨੂੰ ਭਾਰੀ ਭੋਜਨ ਕਰਨ ਨੂੰ ਇਸ ਦਾ ਦੋਸ਼ੀ ਮੰਨਿਆ ਸੀ। ਮਾਹਰਾਂ ਅਨੁਸਾਰ ਹੇਠ ਲਿਖੇ ਨੁਕਤੇ ਤੁਹਾਨੂੰ ਭੁੱਖ ਸੀਮਤ ਰੱਖਣ ਅਤੇ ਪੇਟ ਦਾ ਆਕਾਰ ਘੱਟ ਰੱਖਣ ਵਿਚ ਸਹਾਇਤਾ ਕਰ ਸਕਦੇ ਹਨ।

- ਦਿਨ ਵਿਚ ਪੰਜ ਵਾਰ ਖਾਓ, ਤਿੰਨ ਵਾਰ ਹਲਕਾ ਭੋਜਨ ਅਤੇ ਦੋ ਵਾਰ ਹਲਕੇ ਸਨੈਕਸ ਲਓ।
- ਹਰ ਵਸਤ ਦੀ ਸੀਮਤ ਮਾਤਰਾ ਲਓ ਅਤੇ ਹੌਲੀ-ਹੌਲੀ ਖਾਓ ਤਾਂ ਕਿ ਤੁਹਾਡੇ ਪੇਟ ਨੂੰ ਇਹ ਪਤਾ ਲੱਗਣ ਲੱਗੇ ਕਿ ਇਹ ਭਰ ਗਿਆ ਹੈ।
- ਕਿਸੇ ਜਨਮ ਦਿਨ ਜਾਂ ਕਿਸੇ ਖ਼ਾਸ ਮੌਕੇ 'ਤੇ ਕੇਕ ਜਾਂ ਪੀਜ਼ਾ ਖਾਣਾ ਹੋਵੇ ਤਾਂ ਆਪਣਾ ਮਨ ਨਾ ਮਾਰੋ। ਪਹਿਲਾਂ ਹੀ ਤੈਅ ਕਰ ਲਓ ਕਿ ਤੁਸੀਂ ਕੇਕ ਜਾਂ ਪੀਜ਼ਾ ਦਾ ਛੋਟਾ ਟੁਕੜਾ ਹੀ ਖਾਣਾ ਹੈ। ਜੇਕਰ ਸੰਭਵ ਹੋਵੇ ਤਾਂ ਪਾਰਟੀ ਵਿਚ ਜਾਣ ਤੋਂ ਪਹਿਲਾਂ ਦਹੀਂ ਜਾ ਕੋਈ ਫਲ ਖਾ ਲਓ।
- ਭੋਜਨ ਤੋਂ ਪਹਿਲਾਂ ਇਕ ਗਿਲਾਸ ਪਾਣੀ ਪੀਣ ਨਾਲ ਲੱਗੀ ਤੇਜ਼ ਭੁੱਖ ਘਟ ਜਾਂਦੀ ਹੈ।
- ਜ਼ਿਆਦਾ ਭਾਰ ਵਧਾਉਣ ਵਾਲੀਆਂ ਚੀਜ਼ਾਂ ਦੀ ਇੱਛਾ ਹੋਣ 'ਤੇ ਇਨ੍ਹਾਂ ਨਾਲ ਕੁਝ ਮਿਲਦੀਆਂ-ਜੁਲਦੀਆਂ ਚੀਜ਼ਾਂ ਖਾਣ ਦੀ ਕੋਸ਼ਿਸ਼ ਕਰੋ ਜਿਵੇਂ ਫਰੈਂਚ ਫਰਾਈਸ ਦੀ ਥਾਂ 'ਤੇ ਉੱਬਲੇ ਅਤੇ ਭੁੰਨੇ ਹੋਏ ਆਲੂ ਦੀ ਚਾਟ ਅਤੇ ਚਿਕਨ ਕਟਲੇਟ ਦੀ ਥਾਂ 'ਤੇ ਭੁੰਨਿਆ ਹੋਇਆ ਚਿਕਨ, ਸਟਫ ਪਰਾਂਠੇ ਦੀ ਥਾਂ 'ਤੇ ਸਟਫ ਰੋਟੀ। ਸ਼ੁਰੂ ਵਿਚ ਇਕ-ਦੋ ਹਫ਼ਤੇ ਤੁਹਾਨੂੰ ਮੁਸ਼ਕਿਲ ਹੋ ਸਕਦੀ ਹੈ ਪਰ ਹੌਲੀ-ਹੌਲੀ ਤੁਹਾਨੂੰ ਆਦਤ ਪੈ ਜਾਏਗੀ।

ਜੇ ਤੁਸੀਂ ਇਨ੍ਹਾਂ ਤਰੀਕਿਆਂ ਨੂੰ ਅਪਣਾ ਕੇ ਹੌਲੀ-ਹੌਲੀ ਖਾਣ ਦੀ ਆਦਤ ਪਾ ਲਓ ਤਾਂ ਹੌਲੀ-ਹੌਲੀ ਤੁਹਾਡਾ ਪੇਟ ਜ਼ਰੂਰ ਟਿਕਾਣੇ ਭਾਵ ਕਾਬੂ ਵਿਚ ਆ ਜਾਏਗਾ।

## ਚਮੜੀ ਦੇ ਰੋਗ

### ਲੱਛਣ ਅਤੇ ਘਰੇਲੂ ਇਲਾਜ



**ਲਿਖਤ : ਵੈਦ ਅਮਨਦੀਪ ਸਿੰਘ ਬਾਪਲਾ, ਸੰਪਰਕ : 9914611496**

ਆਯੁਰਵੇਦ ਹੀ ਇੱਕ ਅਜਿਹੀ ਪੈਥੀ ਹੈ , ਜਿਸ ਵਿਚ ਚਮੜੀ ਦੇ ਸਾਰੇ ਰੋਗਾਂ ਦਾ ਜੜ੍ਹ ਤੋਂ ਇਲਾਜ ਸੰਭਵ ਹੈ ਚਮੜੀ ਦੇ ਰੋਗ ਜਿਵੇਂ ਕਿ ਸੋਰਾਇਸਿਸ, ਐਗਜ਼ੀਮਾ, ਫੰਗਲ ਅਤੇ ਛਪਾਕੀ ਰੋਗਾਂ ਆਯੂਰਵੈਦਿਕ ਨਾਲ ਖਤਮ ਕੀਤਾ ਜਾਦਾ ਹੈ, ਮਨੁੱਖ ਦੀ ਚਮੜੀ ਉਸ ਦੇ ਸਰੀਰ ਦਾ ਸਭ ਤੋਂ ਵਿਸ਼ਾਲ ਅਤੇ ਮਹੱਤਵਪੂਰਨ ਅੰਗ ਹੈ। ਜਿਸ ਦੇ ਅੰਦਰ ਨਾੜੀਆਂ, ਖ਼ੂਨ ਦੀਆਂ ਨਾੜਾਂ, ਗ੍ਰੰਥੀਆਂ, ਕੋਸ਼ਿਕਾਵਾਂ ਅਤੇ ਚਰਬੀ ਆਦਿ ਸਾਰੀਆਂ ਲੁਕੀਆਂ ਰਹਿੰਦੀਆਂ ਹਨ। ਇਹ ਸਰੀਰ ਨੂੰ ਢੱਕਣ ਵਾਲੀਆਂ ਵਾਟਰ ਪਰੂਫ ਅਤੇ ਗੈਸ ਪਰੂਫ ਪਰਤਾਂ ਹਨ, ਜੋ ਅੰਦਰੂਨੀ ਅੰਗਾਂ ਦੀ ਰੱਖਿਆ ਕਰਦੀਆਂ ਹਨ ਅਤੇ ਹਰ ਵੇਲੇ ਬਾਹਰੀ ਵਾਤਾਵਰਣ ਦੇ ਪ੍ਰਭਾਵ ਨੂੰ ਰੋਕਦੀਆਂ ਹਨ। ਚਮੜੀ ਸੂਰਜ ਦੀਆਂ ਤਿੱਖੀਆਂ ਕਿਰਨਾਂ ਤੋਂ ਸਰੀਰ ਦੀ ਰੱਖਿਆ ਕਰਦੀ ਹੈ। ਸੂਰਜ ਦੀ ਗਰਮੀ ਰਾਹੀਂ ਸਰੀਰ ਦੇ ਅੰਦਰ ਵਿਟਾਮਿਨ ਡੀ ਦਾ ਨਿਰਮਾਣ ਚਮੜੀ ਰਾਹੀਂ ਹੁੰਦਾ ਹੈ। ਚਮੜੀ ਰੋਗਾਂ ਨਾਲ ਸਰੀਰ ਵਿਚ ਕਾਫੀ ਜਲਣ ਪੈਦਾ ਹੁੰਦੀ ਹੈ। ਚਮੜੀ ਦੀ ਜਲਣ ਨੂੰ ਡਾਰਮਾਡਿਰਿਸ ਕਿਹਾ ਜਾਂਦਾ ਹੈ। ਚਮੜੀ ਰੋਗਾਂ ਦੀ ਉਤਪਤੀ ਦਾ ਕਾਰਨ ਮੁੱਖ ਤੌਰ 'ਤੇ ਸਰੀਰ ਅੰਦਰ ਜ਼ਹਿਰੀਲੇ ਪਦਾਰਥਾਂ ਦਾ ਜਮ੍ਹਾ ਹੋਣਾ ਹੈ। ਇਨ੍ਹਾਂ ਦੇ ਕਾਰਨ ਚਮੜੀ ਵਿਚ ਜਲਣ ਹੋਣ ਲੱਗਦੀ ਹੈ। ਇਸਦੇ ਨਾਲ ਹੀ ਚਮੜੀ ਨੂੰ ਕਈ ਤਰ੍ਹਾਂ ਦੀਆਂ ਬੀਮਾਰੀਆਂ ਹੋਣ ਲੱਗਦੀਆਂ ਹਨ ,ਚਮੜੀ ਦੀ ਐਲਰਜ਼ੀ ਦੇ ਵੱਖ-ਵੱਖ ਰੋਗ

1. ਸੋਰਾਇਸਿਸ : ਇਸ ਰੋਗ ਵਿੱਚ ਚਮੜੀ 'ਤੇ ਖਾਰਿਸ਼, ਸਿੱਕਰੀ ਵਰਗੇ ਫਲੇਕ ਉੱਤਰਨਾ, ਸਿਰ ਅਤੇ ਕੰਨਾਂ 'ਤੇ ਫਲੇਕ ਉੱਤਰਨਾ, ਚਮੜੀ ਦਾ ਮੋਟਾ ਅਤੇ ਚਿੱਟਾ ਜਿਹਾ ਹੋ ਜਾਣਾ ਸੋਰਾਇਸਿਸ ਵਾਰ-ਵਾਰ ਹੋਣ ਵਾਲੀ ਇੱਕ ਬਿਮਾਰੀ ਹੈ, ਜੋ ਸਾਡੀ ਚਮੜੀ ਨੂੰ ਕਾਫੀ ਪ੍ਰਭਾਵਿਤ ਕਰਦੀ ਹੈ, ਚਮੜੀ 'ਤੇ ਬਹੁਤ ਖਾਰਿਸ਼ ਹੁੰਦੀ ਹੈ ਤੇ ਨਾਲ ਹੀ ਜੇ ਚਮੜੀ ਜ਼ਿਆਦਾ ਖਰਾਬ ਹੋਵੇ ਤਾਂ ਚਮੜੀ 'ਤੇ ਸੋਜ ਵੀ ਪੈ ਜਾਂਦੀ ਹੈ, ਕਈ ਵਾਰ ਚਮੜੀ 'ਤੇ ਦਰਦ ਵੀ ਮਹਿਸੂਸ ਹੁੰਦਾ ਹੈ।
2. ਐਗਜ਼ੀਮਾ : ਇੱਹ ਇੱਕ ਕਿਸਮ ਦੀ ਚਮੜੀ ਦੀ ਲਾਗ ਹੁੰਦੀ ਹੈ ਚੰਬਲ ਚਮੜੀ ਦੀ ਲਾਗ ਦੀ ਇੱਕ ਕਿਸਮ ਹੈ, ਇਸ ਰੋਗ ਵਿਚ ਖਾਰਿਸ਼, ਲਾਲਗੀ, ਚਮੜੀ 'ਚੋਂ ਪਾਣੀ ਰਿਸਣਾ ਆਦਿ ਲੱਛਣ ਪਾਏ ਜਾਂਦੇ ਹਨ ਇਹ ਬਗਲਾਂ ਅਤੇ ਪੱਟਾਂ ਦੇ ਅੰਦਰ ਪਸੀਨੇ ਵਾਲੀ ਥਾਂ 'ਤੇ ਵਧਦੀ ਜਾਂਦੀ ਹੈ ਨਾਲ ਹੀ ਭੋਜਨ ਜਾਂ ਹਵਾ ਦੀ ਐਲਰਜੀ ਕਾਰਨ ਵੀ ਐਗਜ਼ੀਮਾ ਦੀ ਸ਼ਿਕਾਇਤ ਹੋ ਜਾਂਦੀ ਹੈ।
3. ਛਪਾਕੀ : ਇਸ ਰੋਗ ਵਿੱਚ ਸਰੀਰ 'ਤੇ ਮੋਟੇ-ਮੋਟੇ ਲਾਲ ਧੱਫੜ ਵਾਰ-ਵਾਰ ਆਉਂਦੇ ਹਨ ਅਤੇ ਕੁਝ ਸਮੇਂ ਬਾਅਦ ਆਪੇ ਠੀਕ ਹੋ ਜਾਂਦੇ ਹਨ ਇਹ ਮੂੰਹ, ਲੱਤਾਂ ਅਤੇ ਬਾਹਵਾਂ 'ਤੇ ਜ਼ਿਆਦਾ ਦੇਖੀ ਜਾਂਦੀ ਹੈ।
4. ਫੰਗਲ ਰੋਗ: ਇਸ ਰੋਗ ਵਿਚ ਬਹੁਤ ਖਾਰਿਸ਼ ਹੁੰਦੀ ਹੈ, ਸਾਰੇ ਸਰੀਰ 'ਤੇ ਹਲਕੇ ਭੂਰੇ ਜਾਂ ਸਫੈਦ ਦਾਗ ਦਿਸਦੇ ਹਨ ਰਾਤ ਨੂੰ ਬਹੁਤ ਜ਼ਿਆਦਾ ਖਾਰਿਸ਼ ਹੁੰਦੀ ਹੈ ਅਤੇ ਪੂਰੇ ਪਿੰਡੇ 'ਤੇ ਹੁੰਦੀ ਹੈ , ਜਿਸ ਵਿਚ ਤਣੇ, ਗਰਦਨ, ਬਾਂਹ ਅਤੇ ਲੱਤਾਂ ਸ਼ਾਮਲ ਹੋ ਸਕਦੀਆਂ ਹਨ।

ਅੱਜ ਅਸੀਂ ਤੁਹਾਨੂੰ ਕੁਝ ਅਜਿਹੇ ਨੁਸਖਿਆ ਬਾਰੇ ਦੱਸਣ ਜਾ ਰਹੇ ਹਾਂ ਜਿਨ੍ਹਾਂ ਦੀ ਵਰਤੋ ਕਰਕ ਤੁਸੀਂ ਇਨ੍ਹਾਂ ਬੀਮਾਰੀਆਂ ਤੋਂ ਛੁਟਾਕਾਰਾ ਪਾ ਸਕਦੇ ਹੋ। ਆਓ ਜਾਣਦੇ ਹਾਂ ਉਨ੍ਹਾਂ ਨੁਸਖਿਆ ਬਾਰੇ...

1. ਚਮੜੀ ਦਾ ਰੋਗ ਹੋਵੇ ਤਾਂ ਪਿੰਡੇ 'ਤੇ ਦਹੀਂ ਵਿੱਚ ਸਰ੍ਹੋਂ ਦਾ ਤੇਲ ਮਿਲਾ ਕੇ ਨਹਾਉਣ ਤੋਂ ਪਹਿਲਾਂ ਲਗਾਓ ਇਹ ਹਫ਼ਤੇ ਵਿਚ ਦੋ ਵਾਰ ਜ਼ਰੂਰ ਕਰੋ।
2. ਦਹੀਂ ਵਿਚ ਨਿੰਬੂ ਨਿਚੋੜ ਕੇ ਸਿਰ 'ਤੇ ਲਗਾਓ।
3. ਨਹਾਉਣ ਤੋਂ ਬਾਅਦ ਪਿੰਡੇ 'ਤੇ ਨਾਰੀਅਲ ਦਾ ਤੇਲ ਜ਼ਰੂਰ ਲਗਾਓ।

# ਕਿਵੇਂ ਹੁੰਦਾ ਹੈ ਇੱਕ ਚੰਗੀ ਸ਼ਖਸੀਅਤ ਦਾ ਨਿਰਮਾਣ ?

**ਲਿਖਤ : ਹਰਕੀਰਤ ਕੌਰ, 9779118066**

ਸੰਸਾਰ ਦਾ ਹਰ ਵਿਅਕਤੀ ਜੀਵਨ ਵਿੱਚ ਆਪਣੇ ਢੰਗਾਂ ਨਾਲ ਵਿਚਰਦਾ ਹੈ। ਆਪਣੇ ਨਿੱਜੀ ਗੁਣਾਂ ਨੂੰ ਵਰਤੋਂ ਵਿੱਚ ਲਿਆਉਣ ਦਾ ਉਸਦਾ ਆਪਣਾ ਹੀ ਨਿਵੇਕਲਾ ਢੰਗ ਹੁੰਦਾ ਹੈ। ਦੂਸਰੇ ਲੋਕ ਉਸਦੇ ਸੋਚਣ, ਕਾਰਜ ਕਰਨ ਅਤੇ ਨਿਸ਼ਾਨੇ ਪ੍ਰਾਪਤ ਕਰਨ ਦੇ ਢੰਗ ਤਰੀਕੇ ਤੋਂ ਹੀ ਉਸਦੀ ਸ਼ਖਸ਼ੀਅਤ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਨ ਅਤੇ ਆਪਣੇ ਵਿਚਾਰ ਬਣਾਉਂਦੇ ਹਨ। ਸ਼ਖਸੀਅਤ ਇੱਕ ਵਿਅਕਤੀ ਦੇ ਤੌਰ ਤੇ ਤੁਹਾਡੀਆਂ ਆਦਤਾਂ ਅਤੇ ਵਰਤਾਰੇ ਦਾ ਇੱਕ ਅਜਿਹਾ ਪ੍ਰਗਟਾਵਾ ਹੁੰਦਾ ਹੈ ਜਿਸ ਦੁਆਰਾ ਤੁਹਾਡੀਆਂ ਸਰੀਰਕ ਅਤੇ ਮਾਨਸਿਕ ਗਤੀਵਿਧੀਆਂ ਦੇ ਨਾਲ ਤੁਹਾਡੀ ਮਾਨਸਿਕ ਪਹੁੰਚ ਦਾ ਵੀ ਪਤਾ ਲੱਗਦਾ ਹੈ। ਪ੍ਰਭਾਵਸ਼ਾਲੀ ਲੋਕਾਂ ਦੀਆਂ ਸ਼ਖਸ਼ੀਅਤਾਂ ਵੀ ਯਕੀਨਨ ਪ੍ਰਭਾਵਸ਼ਾਲੀ ਹੁੰਦੀਆਂ ਹਨ। ਇੱਕ ਪ੍ਰਭਾਵਸ਼ਾਲੀ ਸ਼ਖਸੀਅਤ ਦਾ ਨਿਰਮਾਣ ਕਰਨਾ ਹਰੇਕ ਵਿਅਕਤੀ ਦਾ ਸੁਪਨਾ ਹੁੰਦਾ ਹੈ। ਕਿਉਂਕਿ ਇਹ ਨਵੇਂ ਮੌਕਿਆਂ ਨੂੰ ਪ੍ਰਦਾਨ ਕਰਨ , ਅਰਥਪੂਰਨ ਸਬੰਧਾਂ ਨੂੰ ਵਧਾਉਣ, ਅਤੇ ਦੂਜਿਆਂ 'ਤੇ ਸਥਾਈ ਪ੍ਰਭਾਵ ਛੱਡਣ ਵਿੱਚ ਸਹਾਈ ਹੁੰਦਾ ਹੈ।

ਪ੍ਰਭਾਵਸ਼ਾਲੀ ਸ਼ਖਸੀਅਤ ਨੂੰ ਵਿਕਸਤ ਕਰਨ ਲਈ ਇਸ ਪਿੱਛੇ ਸਾਡੀ ਸਵੈ-ਜਾਗਰੂਕਤਾ ਅਤੇ ਸਵੈ-ਵਿਕਾਸ ਦੀ ਲਗਨ ਲੁਕੀ ਹੁੰਦੀ ਹੈ।

ਇੱਕ ਚੰਗੀ ਸ਼ਖਸੀਅਤ ਦੇ ਨਿਰਮਾਣ ਲਈ ਸਭ ਤੋਂ ਪਹਿਲਾਂ, ਭਾਵਨਾਤਮਕ ਬੁੱਧੀ ਪੈਦਾ ਕਰਨਾ ਜ਼ਰੂਰੀ ਹੈ, ਜਿਸ ਵਿੱਚ ਤੁਹਾਡੀਆਂ ਭਾਵਨਾਵਾਂ ਨੂੰ ਸਮਝਣਾ ਅਤੇ ਪ੍ਰਬੰਧਨ ਕਰਨਾ ਸ਼ਾਮਲ ਹੈ। ਇਸ ਵਿੱਚ ਦੂਜਿਆਂ ਨਾਲ ਹਮਦਰਦੀ ਕਰਨਾ ਵੀ ਸ਼ਾਮਲ ਹੈ। ਆਪਣੀਆਂ ਭਾਵਨਾਵਾਂ ਅਤੇ ਦੂਜਿਆਂ ਦੀਆਂ ਭਾਵਨਾਵਾਂ ਨਾਲ ਜੁੜੇ ਰਹਿਣ ਨਾਲ, ਤੁਸੀਂ ਇੱਕ ਵਧੇਰੇ ਪ੍ਰਭਾਵਸ਼ਾਲੀ ਸੰਚਾਰਕ ਬਣੋਗੇ । ਜੋ ਤੁਹਾਡੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਨਾਲ ਮਜ਼ਬੂਤ ਸੰਬੰਧ ਬਣਾਉਣ ਵਿੱਚ ਸਹਾਇਕ ਹੋਵੇਗਾ।

ਇੱਕ ਵਧੀਆ ਸ਼ਖਸੀਅਤ ਦਾ ਇੱਕ ਹੋਰ ਮਹੱਤਵਪੂਰਨ ਪਹਿਲੂ ਪ੍ਰਮਾਣਿਕਤਾ ਹੈ। ਲੋਕ ਉਹਨਾਂ ਵਿਅਕਤੀਆਂ ਵੱਲ ਖਿੱਚੇ ਜਾਂਦੇ ਹਨ ਜੋ ਸੱਚੇ, ਪਾਰਦਰਸ਼ੀ ਅਤੇ ਖਰੇ ਹੁੰਦੇ ਹਨ। ਆਪਣੀਆਂ ਵਿਲੱਖਣ ਸ਼ਕਤੀਆਂ, ਕਦਰਾਂ-ਕੀਮਤਾਂ ਅਤੇ ਗੁਣਾਂ ਨੂੰ ਜਾਣੋ , ਅਤੇ ਉਹਨਾਂ ਨੂੰ ਲੋਕਾਂ ਸਾਹਮਣੇ ਪ੍ਰਦਰਸ਼ਿਤ ਕਰਨ ਤੋਂ ਨਾ ਡਰੋ।

ਗੁਣੀ ਸ਼ਖਸੀਅਤ ਦਾ ਨਿਰਮਾਣ ਕਰਨ ਲਈ ਪ੍ਰਭਾਵਸ਼ਾਲੀ ਸੰਚਾਰ ਵੀ ਜ਼ਰੂਰੀ ਹੁੰਦਾ ਹੈ। ਸੱਪਸ਼ਟ, ਸੰਖੇਪ ਪ੍ਰਗਟਾਵੇ ਦਾ ਅਭਿਆਸ ਕਰਕੇ, ਅੱਖਾਂ ਦੇ ਸੰਪਰਕ ਨੂੰ ਬਣਾਈ ਰੱਖਣ, ਅਤੇ ਸਰਲ ਤਰੀਕੇ ਨਾਲ ਆਪਣੀ ਗੱਲ ਕਹਿਣ ਦੀਆਂ ਤਕਨੀਕਾਂ ਦੀ ਵਰਤੋਂ ਕਰੋ। ਸਰਗਰਮ ਸੁਣਨਾ ਅਤੇ ਸੂਝ-ਬੂਝ ਵਾਲੇ ਸਵਾਲ ਪੁੱਛਣਾ ਵੀ ਤੁਹਾਨੂੰ ਤਾਲਮੇਲ ਬਣਾਉਣ ਅਤੇ ਦੂਜਿਆਂ ਦੇ ਦ੍ਰਿਸ਼ਟੀਕੋਣਾਂ ਨੂੰ ਸਮਝਣ ਵਿੱਚ ਮਦਦ ਕਰ ਸਕਦਾ ਹੈ।

ਇਸ ਤੋਂ ਇਲਾਵਾ, ਇੱਕ ਸਤਿਕਾਰਤ ਵਿਅਕਤੀ ਨਿਯੰਤਰਣ ਵਿਕਾਸ ਦੀ ਮਾਨਸਿਕਤਾ ਰੱਖਦੇ ਹਨ। ਉਹ ਨਿਰੰਤਰ ਗਿਆਨ, ਚੁਣੌਤੀਆਂ ਅਤੇ ਸਵੈ-ਸੁਧਾਰ ਦੀ ਭਾਲ ਕਰਦੇ ਹਨ। ਅਜਿਹੀ ਸ਼ਖਸੀਅਤ ਦੀ ਘਾੜਤ ਲਈ ਉਤਸੁਕ ਰਹੋ, ਸਵਾਲ ਪੁੱਛੋ, ਅਤੇ ਵਿਕਾਸ ਦੇ ਮੌਕਿਆਂ ਵਜੋਂ ਅਸਫਲਤਾਵਾਂ ਨੂੰ ਗਲੇ ਲਗਾਓ। ਇਹ ਮਾਨਸਿਕਤਾ ਤੁਹਾਨੂੰ ਗਿਆਨ ਹਾਸਿਲ ਕਰਨ,ਅਨੁਕੂਲ, ਨਵੀਨਤਾਕਾਰੀ, ਅਤੇ ਦੂਸਰਿਆਂ ਤੋਂ ਅੱਗੇ ਰਹਿਣ ਵਿੱਚ ਮਦਦ ਕਰੇਗੀ।

ਚੰਗੀ ਸ਼ਖਸੀਅਤਾਂ ਹਮਦਰਦੀ ਅਤੇ ਦਿਆਲਤਾ ਦਾ ਪ੍ਰਦਰਸ਼ਨ ਕਰਦੀਆਂ ਹਨ। ਦੂਜਿਆਂ ਵਿੱਚ ਸੱਚੀ ਦਿਲਚਸਪੀ ਦਿਖਾਓ, ਸਮਰਥਨ ਅਤੇ ਉਤਸ਼ਾਹ ਦੀ ਪੇਸ਼ਕਸ਼ ਕਰੋ, ਅਤੇ ਉਹਨਾਂ ਦੀਆਂ ਸਫਲਤਾਵਾਂ ਦਾ ਜਸ਼ਨ ਮਨਾਓ। ਅਜਿਹਾ ਕਰਨ ਨਾਲ, ਤੁਸੀਂ ਇੱਕ ਸਕਾਰਾਤਮਕ, ਉੱਚਾ ਚੁੱਕਣ ਵਾਲਾ ਮਾਹੌਲ ਬਣਾਓਗੇ ਜੋ ਲੋਕਾਂ ਨੂੰ ਤੁਹਾਡੇ ਵੱਲ ਖਿੱਚਦਾ ਹੈ। ਇਕ ਪ੍ਰਭਾਵਸ਼ਾਲੀ ਸ਼ਖਸੀਅਤ ਦਾ ਨਿਰਮਾਣ ਕਰਨਾ ਇਕ ਚੁਣੌਤੀਪੂਰਨ ਸਫ਼ਰ ਹੈ। ਇਸ ਵਿਚ ਸਾਡੀਆਂ ਕਮਜ਼ੋਰੀਆਂ ਨੂੰ ਸਵੀਕਾਰਨਾ, ਆਪਣੇ ਆਪ ਨੂੰ ਸੁਧਾਰਨ ਦਾ ਸਾਹਸ ਕਰਨਾ ਅਤੇ ਹਰ ਦਿਨ ਆਪਣੇ ਆਪ ਨੂੰ ਬਿਹਤਰ ਬਣਾਉਣ ਦਾ ਜ਼ਿਆਦਾ ਯਤਨ ਕਰਨਾ ਸ਼ਾਮਲ ਹੈ। ਜੇਕਰ ਅਸੀਂ ਇਹ ਸਫ਼ਰ ਨਿਰੰਤਰ ਜਾਰੀ ਰੱਖਦੇ ਹਾਂ, ਤਾਂ ਅਸੀਂ ਨਾ ਸਿਰਫ਼ ਆਪਣੀ ਜ਼ਿੰਦਗੀ ਨੂੰ ਬਦਲ ਸਕਦੇ ਹਾਂ ਬਲਕਿ ਦੂਜਿਆਂ ਦੀਆਂ ਜ਼ਿੰਦਗੀਆਂ ਵਿੱਚ ਵੀ ਇੱਕ ਡੂੰਘਾ ਅਸਰ ਪਾ ਸਕਦੇ ਹਾਂ।

ਅੰਤ ਵਿੱਚ, ਇੱਕ ਅਸਰਦਾਰ ਸ਼ਖਸੀਅਤ ਬਣਾਉਣ ਲਈ ਇੱਕ ਬਹੁਪੱਖੀ ਪਹੁੰਚ ਦੀ ਲੋੜ ਹੁੰਦੀ ਹੈ ਜਿਸ ਵਿੱਚ ਭਾਵਨਾਤਮਕ ਬੁੱਧੀ, ਪ੍ਰਮਾਣਿਕਤਾ, ਪ੍ਰਭਾਵਸ਼ਾਲੀ ਸੰਚਾਰ, ਇੱਕ ਵਿਕਸਿਤ ਮਾਨਸਿਕਤਾ ਅਤੇ ਹਮਦਰਦੀ ਸ਼ਾਮਲ ਹੁੰਦੀ ਹੈ। ਇਹਨਾਂ ਮੁੱਖ ਖੇਤਰਾਂ 'ਤੇ ਧਿਆਨ ਕੇਂਦ੍ਰਤ ਕਰਕੇ ਅਤੇ ਨਿਰੰਤਰ ਸਵੈ-ਸੁਧਾਰ ਕਰਨ ਲਈ ਵਚਨਬੱਧ ਹੋ ਕੇ, ਤੁਸੀਂ ਇੱਕ ਵਧੇਰੇ ਪ੍ਰਭਾਵਸ਼ਾਲੀ, ਸਤਿਕਾਰਯੋਗ, ਅਤੇ ਪ੍ਰੇਰਨਾਦਾਇਕ ਵਿਅਕਤੀ ਬਣ ਸਕਦੇ ਹੋ।

# ਅਜੋਕੇ ਅਧਿਆਪਕ ਦਾ ਸੰਜੀਦਾ ਹੋਣਾ ਬਹੁਤ ਜ਼ਰੂਰੀ

**ਲੇਖਕ : ਅੰਮ੍ਰਿਤ ਕੌਰ**
**ਸੰਪਰਕ: 98767-14004**




ਅਧਿਆਪਕ ਰਾਸ਼ਟਰ ਦਾ ਨਿਰਮਾਤਾ ਹੈ। ਅਧਿਆਪਕ ਮੋਮਬੱਤੀ ਦੀ ਤਰ੍ਹਾਂ ਹੁੰਦਾ ਹੈ ਜੋ ਆਪ ਜਲ ਕੇ ਦੂਜਿਆਂ ਨੂੰ ਰੋਸ਼ਨੀ ਦਿੰਦਾ ਹੈ। ਪਰ ਮੈਂ ਕਈ ਵਾਰ ਮਹਿਸੂਸ ਕੀਤਾ ਕਿ ਮੋਮਬੱਤੀ ਅਤੇ ਉਸ ਦਾ ਧਾਗਾ ਤਾਂ ਜਲ ਕੇ ਖ਼ਤਮ ਹੋ ਜਾਂਦਾ ਹੈ। ਪਰ ਅਧਿਆਪਕ ਤਾਂ ਹਮੇਸ਼ਾ ਗਿਆਨ ਰੂਪੀ ਰੋਸ਼ਨੀ ਵੰਡਦਾ ਹੈ, ਇਹ ਗਿਆਨ ਕਦੇ ਵੀ ਖ਼ਤਮ ਨਹੀਂ ਹੁੰਦਾ ਸਗੋਂ ਅੱਗੇ ਜੋਤ ਤੋਂ ਜੋਤ ਜਗਦੀ ਰਹਿੰਦੀ ਹੈ। ਸੁਹਿਰਦ ਅਧਿਆਪਕ ਸੇਵਾਮੁਕਤ ਹੋਣ ਤੋਂ ਬਾਅਦ ਵੀ ਨਾ ਤੇਲ ਮੁੱਕਣ ਦਿੰਦੇ ਹਨ ਨਾ ਹੀ ਗਿਆਨ ਦੀ ਬੱਤੀ ਬੁਝਣ ਦਿੰਦੇ ਹਨ ਸਗੋਂ ਉਹ ਆਪਣਾ ਸਰੀਰ ਮੁੱਕਣ ਤੋਂ ਪਹਿਲਾਂ ਬਹੁਤ ਸਾਰੇ ਗਿਆਨ ਦੇ ਦੀਵੇ ਜਗਾ ਜਾਂਦੇ ਹਨ ਜੋ ਹਨੇਰੇ ਰਾਹਾਂ ਨੂੰ ਹਮੇਸ਼ਾਂ ਰੋਸ਼ਨ ਕਰਦੇ ਹਨ। ਅਜਿਹੇ ਅਧਿਆਪਕ ਆਪਣੇ ਵਿਦਿਆਰਥੀਆਂ ਦੇ ਮਨਾਂ ਵਿੱਚ ਹਮੇਸ਼ਾਂ ਜਿਉਂਦੇ ਰਹਿੰਦੇ ਹਨ। ਅਜਿਹੇ ਅਧਿਆਪਕ ਹੋਣਾ ਬਹੁਤ ਮਾਣ ਵਾਲੀ ਗੱਲ ਹੁੰਦੀ ਹੈ।

ਹਰੇਕ ਇਨਸਾਨ ਦੇ ਆਪਣੇ ਆਪਣੇ ਵਿਚਾਰ ਹੁੰਦੇ ਹਨ। ਆਪਣੀ ਰੋਜ਼ੀ-ਰੋਟੀ ਚਲਾਉਣ ਲਈ ਅਧਿਆਪਕ ਬਣਨਾ ਵੱਖਰੀ ਗੱਲ ਹੈ ਅਤੇ ਸਹੀ ਅਰਥਾਂ ਵਿੱਚ ਅਧਿਆਪਕ ਹੋਣਾ ਵੱਖਰੀ ਗੱਲ। ਸੁਕਰਾਤ ਵਾਂਗ ਰਾਹ ਜਾਂਦਿਆਂ ਨੂੰ ਸਵਾਲ ਪੁੱਛ ਕੇ ਵੀ ਗਿਆਨ ਵੰਡਦੇ ਰਹਿਣਾ ਅਧਿਆਪਕ ਦਾ ਇੱਕ ਜ਼ਰੂਰੀ ਗੁਣ ਹੋਣਾ ਚਾਹੀਦਾ ਹੈ। ਬੱਚਿਆਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਉੱਤਰ ਦੇਣਾ, ਉਨ੍ਹਾਂ ਦੀ ਜਗਿਆਸਾ ਨੂੰ ਸ਼ਾਂਤ ਕਰਨਾ ਵੀ ਬਹੁਤ ਜ਼ਰੂਰੀ ਹੈ।

ਕਈ ਅਧਿਆਪਕ ਪੂਰੀ ਤਨਦੇਹੀ ਨਾਲ ਆਪਣੇ ਫ਼ਰਜ਼ ਨਿਭਾਉਣਾ ਜਾਣਦੇ ਹਨ। ਕਈ ਗ਼ਲ ਪਿਆ ਢੋਲ ਹੀ ਵਜਾਉਂਦੇ ਹਨ। ਖ਼ੈਰ, ਹਰੇਕ ਦੀਆਂ ਆਪਣੇ ਪਰਿਵਾਰਾਂ ਪ੍ਰਤੀ ਜ਼ਿੰਮੇਵਾਰੀਆਂ ਵੀ ਹੁੰਦੀਆਂ ਹਨ। ਪਰ ਇੱਥੇ ਇੱਕ ਗੱਲ ਕਰਨੀ ਬਣਦੀ ਹੈ ਕਿ ਜੇਕਰ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਆਪਣੇ ਬੱਚਿਆਂ ਦੀ ਤਰ੍ਹਾਂ ਸਮਝੇ ਤਾਂ ਉਹ ਕਦੇ ਵੀ ਆਪਣੇ ਫਰਜ਼ਾਂ ਤੋਂ ਪਿੱਛੇ ਨਹੀਂ ਹਟੇਗਾ। ਜਿੰਨਾ ਚਿਰ ਅਧਿਆਪਕ ਸਕੂਲ ਵਿੱਚ ਰਹਿੰਦਾ ਹੈ ਓਨਾ ਚਿਰ ਪੂਰੀ ਜ਼ਿੰਮੇਵਾਰੀ ਨਾਲ ਬੱਚਿਆਂ ਦਾ ਧਿਆਨ ਰੱਖੇ। ਸਿੱਖਿਆ ਦੇ ਨਾਲ ਨਾਲ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਆਮ ਸਮੱਸਿਆਵਾਂ ਨਾਲ ਨਜਿੱਠਣ ਦੇ ਢੰਗ ਤਰੀਕੇ ਵੀ ਦੱਸੇ। ਕਈ ਸਰਕਾਰੀ ਅਧਿਆਪਕਾਂ ਦੇ ਮਨ ਵਿੱਚ ਇਹ ਗੱਲਾਂ ਉੱਠਦੀਆਂ ਹੋਣਗੀਆਂ, 'ਅਸੀਂ ਕੀ ਕਰੀਏ... ਬਥੇਰਾ ਸਮਝਾਉਂਦੇ ਹਾਂ, ਇਹ ਸਮਝਦੇ ਹੀ ਨਹੀਂ, ਮਾਪੇ ਅਨਪੜ੍ਹ ਹਨ, ਘਰੇ ਬੱਚਿਆਂ ਨੂੰ ਪੜ੍ਹਨ ਨਹੀਂ ਬਿਠਾਉਂਦੇ, ਕੰਮਾਂ ਵਿੱਚ ਲਾ ਲੈਂਦੇ ਹਨ। ਰੋਜ਼ ਸਕੂਲ ਨਹੀਂ ਆਉਂਦੇ... ਅਸੀਂ ਤਾਂ ਔਖੇ ਹੋਏ ਪਏ ਹਾਂ।' ਗੱਲ ਉਨ੍ਹਾਂ ਦੀ ਵੀ ਸਹੀ ਹੋ ਸਕਦੀ ਹੈ, ਪਰ ਅਧਿਆਪਕ ਨੂੰ ਆਪਣੀ ਅਸਲ ਕਮਾਈ ਦਾ ਉਦੋਂ ਪਤਾ ਲੱਗਦਾ ਹੈ ਜਦੋਂ ਕੋਈ ਅਫਸਰ ਉਨ੍ਹਾਂ ਕੋਲ ਆ ਕੇ ਆਪਣੀ ਗੱਡੀ ਰੋਕਦਾ ਹੈ ਅਤੇ ਉਨ੍ਹਾਂ ਦੇ ਪੈਰੀਂ ਹੱਥ ਲਾ ਕੇ ਆਖਦਾ ਹੈ, 'ਤੁਸੀਂ ਮੈਨੂੰ ਪੜ੍ਹਾਇਆ ਸੀ, ਤੁਸੀਂ ਮੇਰੀ ਮਦਦ ਕੀਤੀ ਸੀ ਜਾਂ ਫਿਰ ਤੁਹਾਡੀ ਕਹੀ ਫਲਾਣੀ ਗੱਲ ਮੇਰੇ ਅੰਦਰ ਛਪ ਗਈ ਜਿਸ ਕਰਕੇ ਅੱਜ ਮੈਂ ਇਸ ਮੁਕਾਮ 'ਤੇ ਹਾਂ'। ਇਸ ਤਰ੍ਹਾਂ ਦੀ ਗੱਲ ਕਿਸੇ ਵੀ ਅਧਿਆਪਕ ਲਈ ਮਾਣ ਅਤੇ ਰੂਹ ਤੱਕ ਸਕੂਨ ਪਹੁੰਚਾਉਣ ਵਾਲੀ ਹੁੰਦੀ ਹੈ। ਅਧਿਆਪਕ ਦਾ ਬੱਚਿਆਂ ਅੰਦਰ ਸੁੱਟਿਆ ਨੇਕੀ ਦਾ ਬੀਜ ਪੁੰਗਰਦਾ ਹੈ ਤਾਂ ਇਸ ਨੇਕੀ ਦਾ ਜਲੌਅ ਬੇਈਮਾਨਾਂ ਨੂੰ ਭਾਜੜਾਂ ਪਾ ਦਿੰਦਾ ਹੈ। ਮੇਰਾ ਸੋਚਣਾ ਹੈ ਕਿ ਜੇਕਰ ਸਕੂਲ ਵਾਲੇ ਸਮੇਂ ਵਿੱਚ ਵੀ ਅਧਿਆਪਕ ਬੱਚਿਆਂ ਨੂੰ ਇਮਾਨਦਾਰੀ ਨਾਲ ਪੜ੍ਹਾਉਣ, ਉਨ੍ਹਾਂ ਦੇ ਪੂਰੇ ਪੀਰੀਅਡ ਲਗਾਉਣ, ਉਨ੍ਹਾਂ ਵਿੱਚ ਚੰਗੀਆਂ ਕਿਤਾਬਾਂ ਪੜ੍ਹਨ ਦੀ ਚੇਟਕ ਲਾਉਣ ਤਾਂ ਬਹੁਤ ਵਧੀਆ ਨਤੀਜੇ ਸਾਹਮਣੇ ਆਉਣਗੇ। ਸਿੱਧੀ ਜਿਹੀ ਗੱਲ ਹੈ ਜਦੋਂ ਬੰਦਾ ਤਿਆਰ ਹੋ ਕੇ ਆਪਣੀ ਕਰਮ ਭੂਮੀ ਤੱਕ ਪਹੁੰਚ ਹੀ ਗਿਆ ਫਿਰ ਕਰਮ ਕਰਨ ਵਿੱਚ ਤਾਂ ਕੋਈ ਪ੍ਰੇਸ਼ਾਨੀ ਨਹੀਂ ਹੋਣੀ ਚਾਹੀਦੀ। ਜਦੋਂ ਬੱਚਿਆਂ ਨੂੰ ਪੜ੍ਹਨ ਲਈ ਕਿਹਾ ਜਾਂਦਾ ਹੈ ਤਾਂ ਬਹੁਤੇ ਬੱਚਿਆਂ ਦਾ ਇਹੀ ਜਵਾਬ ਹੁੰਦਾ ਹੈ, 'ਪੜ੍ਹ ਕੇ ਕਿਹੜਾ ਨੌਕਰੀਆਂ ਮਿਲਦੀਆਂ ਨੇ।' ਇਹ ਗੱਲ ਬਿਲਕੁਲ ਸਹੀ ਹੈ ਪਰ ਇਹ ਵੀ ਸਹੀ ਹੈ ਕਿ ਭਾਵੇਂ ਨੌਕਰੀਆਂ ਸਾਰੇ ਪੜ੍ਹੇ ਲਿਖਿਆਂ ਨੂੰ ਨਹੀਂ ਮਿਲਦੀਆਂ ਪਰ ਜਿੰਨਿਆਂ ਨੂੰ ਵੀ ਮਿਲਦੀਆਂ ਹਨ ਉਹ ਪੜ੍ਹੇ ਲਿਖਿਆਂ ਨੂੰ ਹੀ ਮਿਲਦੀਆਂ ਹਨ। ਪੜ੍ਹਾਈ ਸਿਰਫ਼ ਨੌਕਰੀ ਪ੍ਰਾਪਤ ਕਰਨ ਲਈ ਨਹੀਂ ਹੁੰਦੀ ਸਗੋਂ ਜ਼ਿੰਦਗੀ ਨੂੰ ਖ਼ੂਬਸੂਰਤ ਤਰੀਕੇ ਨਾਲ ਜਿਉਣ ਲਈ ਵੀ ਗਿਆਨ ਹੋਣਾ ਜ਼ਰੂਰੀ ਹੈ। ਅਧਿਆਪਕਾਂ ਦੀਆਂ ਆਪਣੀਆਂ ਬਹੁਤ ਸਾਰੀਆਂ ਸਮੱਸਿਆਵਾਂ ਹਨ। ਉਹ ਬੱਚਿਆਂ ਨੂੰ ਝਿੜਕ ਵੀ ਨਹੀਂ ਸਕਦੇ, ਮਾਰਨਾ ਤਾਂ ਦੂਰ ਦੀ ਗੱਲ ਹੈ। ਕਈ ਅਧਿਆਪਕ ਇਹੋ ਜਿਹੀਆਂ ਸਥਿਤੀਆਂ ਦਾ ਸਾਹਮਣਾ ਕਰਦੇ ਹੋਏ ਵੀ ਆਪਣੇ ਫ਼ਰਜ਼ਾਂ ਨੂੰ ਇਮਾਨਦਾਰੀ ਨਾਲ ਨਿਭਾਉਂਦੇ ਹਨ। ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ। ਬਹੁਤ ਸਾਰੇ ਆਪਣੇ ਕਿੱਤੇ ਨੂੰ ਸਮਰਪਿਤ ਹੁੰਦੇ ਹਨ। ਬੱਚਿਆਂ ਦੀ ਬਿਹਤਰੀ ਲਈ ਨਵੇਂ ਨਵੇਂ ਢੰਗ ਤਰੀਕੇ ਖੋਜ ਕੇ, ਉਨ੍ਹਾਂ ਨੂੰ ਅਮਲ ਵਿੱਚ ਲਿਆ ਕੇ, ਸਿਖਾਉਣ ਦੇ ਤਰੀਕੇ ਨੂੰ ਦਿਲਚਸਪ ਬਣਾ ਦਿੰਦੇ ਹਨ ਅਤੇ ਇਸ ਦੇ ਕਮਾਲ ਦੇ ਨਤੀਜੇ ਸਾਹਮਣੇ ਆਉਂਦੇ ਹਨ। ਕੁਝ ਕੁ ਅਧਿਆਪਕ ਇਹੋ ਜਿਹੇ ਹੁੰਦੇ ਹਨ ਜੋ ਅੱਧਾ ਪੀਰੀਅਡ ਲੰਘਣ ਤੋਂ ਬਾਅਦ ਜਮਾਤ ਵਿੱਚ ਜਾਂਦੇ ਹਨ ਜਾਂ ਪੂਰਾ ਪੀਰੀਅਡ ਜਾਂਦੇ ਹੀ ਨਹੀਂ। ਇੱਕ ਅੱਧਾ ਦਿਨ ਇਸ ਤਰ੍ਹਾਂ ਹੋਵੇ ਤਾਂ ਅਣਦੇਖਿਆ ਕੀਤਾ ਜਾ ਸਕਦਾ ਹੈ, ਪਰ ਰੋਜ਼ ਰੋਜ਼ ਇਸ ਤਰ੍ਹਾਂ ਕਰਨਾ ਕਿਸੇ ਅਧਿਆਪਕ ਨੂੰ ਸ਼ੋਭਾ ਨਹੀਂ ਦਿੰਦਾ। ਇਹੋ ਜਿਹੇ ਕੁਝ ਕੁ ਅਧਿਆਪਕ ਇਸ ਪਵਿੱਤਰ ਕਾਰਜ 'ਤੇ ਦੂਜਿਆਂ ਨੂੰ ਉਂਗਲ ਚੁੱਕਣ ਲਈ ਮਜਬੂਰ ਕਰ ਦਿੰਦੇ ਹਨ। ਇਸ ਤਰ੍ਹਾਂ ਦੀ ਅਣਗਹਿਲੀ ਬੱਚਿਆਂ ਦਾ ਬਹੁਤ ਨੁਕਸਾਨ ਕਰਦੀ ਹੈ।

ਇੱਕ ਵਾਰ ਕਿਸੇ ਅਧਿਆਪਕ ਨੇ ਸਕੂਲ ਦੇ ਬੱਚਿਆਂ ਨੂੰ ਪੁੱਛਿਆ ਕਿ ਉਨ੍ਹਾਂ ਨੂੰ ਕਿਹੜਾ ਅਧਿਆਪਕ ਚੰਗਾ ਲੱਗਦਾ ਹੈ। ਬੱਚਿਆਂ ਨੇ ਇੱਕ ਸਾਂਵਲੀ, ਸਾਦ-ਮੁਰਾਦੀ, ਬੱਚਿਆਂ ਅਤੇ ਸਕੂਲ ਪ੍ਰਤੀ ਆਪਣੇ ਫ਼ਰਜ਼ਾਂ ਨੂੰ ਸ਼ਿੱਦਤ ਨਾਲ ਨਿਭਾਉਣ ਵਾਲੀ ਅਧਿਆਪਕਾ ਦਾ ਨਾਂ ਲੈ ਦਿੱਤਾ। ਆਪਣੇ ਆਪ ਨੂੰ ਹਮੇਸ਼ਾ ਖ਼ੂਬਸੂਰਤ ਬਣਾਈ ਰੱਖਣ ਵਾਲੀ ਅਧਿਆਪਕਾ, ਜਿਹੜੀ ਆਪਣੇ ਬੁੱਲ੍ਹਾਂ ਦੀ ਫਿੱਕੀ ਹੋਈ ਸੁਰਖ਼ੀ ਨੂੰ ਸਕੂਲ ਵਿੱਚ ਬੈਠੀ ਕਈ ਵਾਰ ਗੂੜ੍ਹੀ ਕਰਦੀ ਸੀ ਬੱਚਿਆਂ ਦੀ ਗੱਲ ਸੁਣ ਕੇ, ਨੂੰ ਘਬਰਾਹਟ ਮਹਿਸੂਸ ਹੋਣ ਲੱਗੀ। ਦੂਸਰੇ ਦਿਨ ਉਸ ਦਾ ਸਕੂਲ ਜਾਣ ਨੂੰ ਚਿੱਤ ਨਾ ਕਰੇ। ਜੇ ਉਸ ਨੇ 'ਸੋਹਣਾ ਉਹ ਜੋ ਸੋਹਣੇ ਕੰਮ ਕਰੇ' ਵਾਲੀ ਇਬਾਰਤ 'ਤੇ ਅਮਲ ਕੀਤਾ ਹੁੰਦਾ ਤਾਂ ਫਿਰ ਉਸ ਨੂੰ ਚਿੰਤਾ, ਦੁੱਖ, ਘਬਰਾਹਟ ਮਹਿਸੂਸ ਨਹੀਂ ਸੀ ਹੋਣੀ। ਫ਼ਰਜ਼ਾਂ ਤੋਂ ਟਾਲ਼ਾ ਵੱਟਣ ਵਾਲੇ ਅਧਿਆਪਕਾਂ ਨੂੰ ਪਛਾਣਨ ਵਾਲੀ ਅੱਖ ਬੱਚਿਆਂ ਕੋਲ ਵੀ ਹੁੰਦੀ ਹੈ।

ਬੱਚਿਆਂ ਨੂੰ ਸਹੀ ਗਲਤ ਦੱਸਣਾ ਅਧਿਆਪਕਾਂ ਅਤੇ ਮਾਪਿਆਂ ਦੀ ਜ਼ਿੰਮੇਵਾਰੀ ਹੈ। ਘਰ ਗਲਤੀਆਂ ਕਰਨ ਦੇ ਉਨ੍ਹਾਂ ਕੋਲ ਮੌਕੇ ਨਹੀਂ ਹੁੰਦੇ, ਸਕੂਲ ਵਿੱਚ ਉਸ ਸਮੇਂ ਇਨ੍ਹਾਂ ਬੱਚਿਆਂ ਨੂੰ ਮੌਕੇ ਮਿਲਦੇ ਹਨ। ਜਦੋਂ ਉਨ੍ਹਾਂ ਨੂੰ ਬਹੁਤੀ ਖੁੱਲ੍ਹ ਦਿੱਤੀ ਜਾਂਦੀ ਹੈ। ਬੱਚੇ ਆਪਣੀ ਨਾਜ਼ੁਕ ਉਮਰ ਦੇ ਦੌਰ ਵਿੱਚੋਂ ਲੰਘ ਰਹੇ ਹੁੰਦੇ ਹਨ ਜਿਸ ਨੂੰ ਮਨੋਵਿਗਿਆਨੀਆਂ ਨੇ ਕਿਸ਼ੋਰ ਅਵਸਥਾ ਦਾ ਨਾਂ ਦਿੱਤਾ ਹੈ। ਸਾਰੇ ਅਧਿਆਪਕਾਂ ਨੇ ਮਨੋਵਿਗਿਆਨ ਦੀ ਪੜ੍ਹਾਈ ਕੀਤੀ ਹੁੰਦੀ ਹੈ। ਪਰ ਹਾਲਾਤ ਕੁਝ ਏਦਾਂ ਦੇ ਹੋ ਗਏ ਹਨ ਕਿ ਕਈ ਮਾਪੇ ਅਤੇ ਅਧਿਆਪਕ ਬੱਚਿਆਂ ਦੇ ਵਿਹਾਰ ਤੋਂ ਦੁਖੀ ਹੁੰਦੇ ਹਨ ਉਹ ਚਾਹੁੰਦੇ ਹੋਏ ਵੀ ਉਨ੍ਹਾਂ ਨੂੰ ਠੀਕ ਗ਼ਲਤ ਨਹੀਂ ਸਮਝਾ ਸਕਦੇ। ਕਿਤੇ ਤਾਂ ਕਮੀ ਹੋਵੇਗੀ। ਕਈ ਅਧਿਆਪਕ ਸੱਚੀਂ ਬੱਚਿਆਂ ਨੂੰ ਗਿਆਨ ਰੂਪੀ ਰੋਸ਼ਨੀ ਦੇਣ ਲਈ ਦੀਵੇ ਵਾਂਗ ਬਲਦੇ ਹਨ, ਪਰ ਕਈ ਆਪਣਾ ਗਿਆਨ ਬੱਚਿਆਂ ਨੂੰ ਵੰਡਣ ਦੀ ਥਾਂ ਆਪਣੇ ਅੰਦਰ ਸਾਂਭ ਕੇ ਹੀ ਸੇਵਾਮੁਕਤ ਹੋ ਜਾਂਦੇ ਹਨ। ਦੋ ਚਾਰ ਕੁ ਏਦਾਂ ਦੇ ਵੀ ਹੁੰਦੇ ਹਨ ਜੋ ਬੱਚਿਆਂ ਨੂੰ ਵੱਡੀ ਨਿੱਕੀ ਨਿੱਕੀ ਚੀਜ਼ ਦਾ ਹਿਸਾਬ ਰੱਖਦੇ ਹਨ, ਸਬੂਤ ਤਿਆਰ ਕਰਦੇ ਹਨ ਤਾਂ ਜੋ ਉਨ੍ਹਾਂ ਨੂੰ ਸਟੇਟ ਐਵਾਰਡ ਜਾਂ ਕੋਈ ਵੀ ਐਵਾਰਡ ਮਿਲ ਸਕੇ; ਪਰ ਜੇਕਰ ਅਧਿਆਪਕ ਦੀ ਮਿਹਨਤ ਨਾਲ ਬੱਚੇ ਸਹੀ ਰਾਹ 'ਤੇ ਤੁਰਦੇ ਹਨ, ਚੰਗੇ ਨਾਗਰਿਕ, ਚੰਗੇ ਇਨਸਾਨ ਬਣਦੇ ਹਨ ਤਾਂ ਅਧਿਆਪਕ ਲਈ ਇਸ ਤੋਂ ਵੱਡਾ ਐਵਾਰਡ ਕੋਈ ਨਹੀਂ ਹੋ ਸਕਦਾ। ਸੁਣਨ ਵਿੱਚ ਆਇਆ ਹੈ ਕਿ ਐਵਾਰਡ ਲੈਣ ਲਈ ਅਧਿਆਪਕ ਖ਼ੁਦ ਫਾਈਲਾਂ ਤਿਆਰ ਕਰਕੇ ਅਪਲਾਈ ਕਰਦੇ ਹਨ। ਆਮ ਨਾਗਰਿਕ ਹੋਣ ਨਾਤੇ ਮੈਨੂੰ ਲੱਗਦਾ ਹੈ ਕਿ ਅਧਿਆਪਕਾਂ ਦਾ ਕੰਮ ਦੇਖ ਕੇ ਵਿਭਾਗ ਉਨ੍ਹਾਂ ਦੇ ਨਾਂ ਐਵਾਰਡ ਲਈ ਭੇਜੇ। ਕੁਝ ਵੀ ਹੋਵੇ ਅਧਿਆਪਕ ਦੀ ਸਭ ਤੋਂ ਪਹਿਲੀ ਜ਼ਿੰਮੇਵਾਰੀ ਬੱਚੇ ਹਨ। ਉਨ੍ਹਾਂ ਨੂੰ ਸਿੱਖਣ ਲਈ ਪ੍ਰੇਰਿਤ ਕਰਨਾ, ਚੰਗੇ ਮਾੜੇ ਰਾਹਾਂ ਦੀਆਂ ਔਕੜਾਂ ਤੋਂ ਬਚਣ ਦੇ ਰਾਹ ਦੱਸਣਾ, ਉਨ੍ਹਾਂ ਦੇ ਸਰਬਪੱਖੀ ਵਿਕਾਸ ਵਿੱਚ ਸਹਾਈ ਹੋਣਾ, ਚੰਗੀਆਂ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਨਾ, ਉਨ੍ਹਾਂ ਦੀਆਂ ਰਚਨਾਤਮਕ ਰੁਚੀਆਂ ਨੂੰ ਬਾਹਰ ਕੱਢਣਾ ਅਤੇ ਸਭ ਤੋਂ ਵੱਡੀ ਗੱਲ ਉਨ੍ਹਾਂ ਅੰਦਰ ਚੰਗੇ ਇਨਸਾਨ ਬਣਨ ਦੇ ਗੁਣ ਭਰਨੇ ਬਹੁਤ ਜ਼ਰੂਰੀ ਹਨ। ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਅਧਿਆਪਕਾਂ ਨੂੰ ਪੂਰਾ ਸਹਿਯੋਗ ਦੇਣ ਤਾਂ ਕਿ ਸੋਹਣੇ ਯਤਨਾਂ ਨਾਲ ਬੱਚਿਆਂ ਦਾ ਭਵਿੱਖ ਖ਼ੂਬਸੂਰਤ ਹੋਵੇ। ਸੋਹਣਾ ਸਮਾਜ, ਸੋਹਣਾ ਦੇਸ਼ ਅਤੇ ਸੋਹਣੀ ਦੁਨੀਆ ਦੀ ਸਿਰਜਨਾ ਵਿੱਚ ਆਪਣਾ ਬਣਦਾ ਹਿੱਸਾ ਪਾਇਆ ਜਾ ਸਕੇ।




# ਖੇਡ-ਖੇਡ 'ਚ ਵਧਾਓ ਜਾਣਕਾਰੀ

ਤਕਨਾਲੋਜੀ ਹੋਣ ਦੇ ਕਈ ਫ਼ਾਇਦੇ ਹਨ। ਧਿਆਨ ਰੱਖੋ ਕਿ ਉਸ ਦੀ ਜ਼ਿਆਦਾ ਵਰਤੋਂ ਨਾ ਕਰੋ। ਐਂਡਰਾਇਡ ਦੇ ਬਹੁਤ ਸਾਰੇ ਐਪਸ ਹਨ, ਜੋ ਖੇਡ-ਖੇਡ 'ਚ ਬਹੁਤ ਕੁਝ ਸਿਖਾ ਦਿੰਦੇ ਹਨ। ਉਸੇ ਤਰ੍ਹਾਂ ਵੈੱਬਸਾਈਟਾਂ ਵੀ ਵਿਦਿਆਰਥੀਆਂ ਦੀ ਤਿਆਰੀ ਨੂੰ ਧਿਆਨ 'ਚ ਰੱਖ ਕੇ ਕੰਟੈਂਟ ਬਣਾਉਂਦੇ ਹਨ।



**ਇੰਡੀਆ ਐਟਲਸ**

ਦੇਸ਼ ਦੇ ਭੂਗੋਲਿਕ ਨਕਸ਼ੇ ਨੂੰ ਜਾਨਣਾ ਬਹੁਤ ਜ਼ਰੂਰੀ ਹੈ। ਇਸ ਨਾਲ ਦੇਸ਼ ਬਾਰੇ ਬਿਹਤਰ ਰੂਪ 'ਚ ਸਮਝਣ ਦੀ ਸੁਵਿਧਾ ਹੁੰਦੀ ਹੈ। ਜੀਓਗ੍ਰਾਫੀ ਦੇ ਵਿਦਿਆਰਥੀਆਂ ਦੇ ਨਾਲ-ਨਾਲ ਹੋਰ ਸਾਰੇ ਵਿਦਿਆਰਥੀਆਂ ਲਈ ਇਹ ਕਾਫ਼ੀ ਲਾਹੇਵੰਦ ਐਪ ਹੈ, ਜੋ ਭਾਰਤ ਨਾਲ ਜੁੜੀਆਂ ਤਾਮਾਮ ਭੂਗੋਲਿਕ ਜਾਣਕਾਰੀਆਂ ਮੁਹੱਈਆ ਕਰਵਾਉਂਦਾ ਹੈ। ਜਾਣਕਾਰੀ ਵਧਾਉਣ ਤੋਂ ਇਲਾਵਾ ਇਸ ਨਾਲ ਪੜ੍ਹਨਾ ਵੀ ਕਾਫ਼ੀ ਮਜ਼ੇਦਾਰ ਲਗਦਾ ਹੈ।

**ਸਲੀਪ ਸਾਈਕਲ ਅਲਾਰਮ**

ਪੜ੍ਹਨ-ਲਿਖਣ ਦੌਰਾਨ ਅਕਸਰ ਤੁਹਾਡੀ ਨੀਂਦ ਉੱਡ ਜਾਂਦੀ ਹੈ। ਕਦੇ ਆਉਂਦੀ ਹੋਵੇਗੀ ਤੇ ਕਦੇ ਖ਼ੂਬ ਆਉਂਦੀ ਹੋਵੇਗੀ। ਇਸ ਲਈ ਤੁਸੀਂ ਖ਼ੁਦ ਨੂੰ ਸਿਹਤਮੰਦ ਰੱਖਣ ਲਈ ਭਰਪੂਰ ਨੀਂਦ ਲੈਣ ਲਈ ਸਲੀਪ ਸਾਈਕਲ ਅਲਾਰਮ ਕਲਾਕ ਐਪ ਦੀ ਮਦਦ ਲੈ ਸਕਦੇ ਹੋ। ਇਹ ਐਪ ਸਲੀਪ ਸਾਇੰਸ ਦੇ ਆਧਾਰ 'ਤੇ ਤੁਹਾਡੀ ਜਾਂਚ ਕਰਦਾ ਹੈ। ਕਦੋਂ ਤੇ ਕਿੰਨਾ ਆਰਾਮ ਕਰਨਾ ਹੈ ਤੇ ਕਦੋਂ ਗੂੜ੍ਹੀ ਨੀਂਦ ਸੌਣਾ ਹੈ। ਇਹ ਐਪ ਸਭ ਦੱਸਦਾ ਹੈ।

**ਈ-ਪਾਠਸ਼ਾਲਾ**

ਜੇ ਤੁਹਾਡੇ ਸਮਾਰਟਫੋਨ 'ਚ ਇਹ ਐਪ ਮੌਜੂਦ ਹੈ ਤਾਂ ਪਹਿਲੀ ਤੋਂ ਲੈ ਕੇ 12ਵੀਂ ਤਕ ਦੀਆਂ ਐੱਨਸੀਆਰਟੀ ਦੀਆਂ ਸਾਰੀਆਂ ਕਿਤਾਬਾਂ ਤੁਹਾਡੇ ਕੋਲ ਰਹਿਣਗੀਆਂ। ਇਹੀ ਨਹੀਂ, ਇਸ ਐਪ ਜ਼ਰੀਏ ਦੂਸਰੀਆਂ ਬੋਰਡਾਂ ਦੇ ਬੱਚੇ ਵੀ ਜਾਣਕਾਰੀ ਵਧਾ ਸਕਦੇ ਹਨ। ਇਸ ਐਪ ਨੂੰ ਡਾਊਨਲੋਡ ਕਰ ਕੇ ਤੁਸੀਂ ਆਸਾਨੀ ਨਾਲ ਮੋਬਾਈਲ ਜਾਂ ਟੈਬਲੈੱਟ 'ਤੇ ਕਿਤਾਬਾਂ ਪੜ੍ਹ ਸਕਦੇ ਹੋ। ਈ-ਬੁੱਕ ਤੋਂ ਇਲਾਵਾ ਇਥੇ ਆਡੀਓ-ਵੀਡੀਓ ਦੇ ਰੂਪ 'ਚ ਸਾਰੀਆਂ ਕਲਾਸਾਂ ਦੀ ਹੋਰ ਬਹੁਤ ਸਾਰੀ ਪੜ੍ਹਾਈ ਸਮੱਗਰੀ ਪ੍ਰਾਪਤ ਕਰ ਸਕਦੇ ਹੋ।

**ਵਾਈ-ਫਾਈ ਸਟੱਡੀ**

ਇਥੇ ਤੁਹਾਨੂੰ ਆਈਆਈਟੀ ਜੇਈਈ ਤੋਂ ਲੈ ਕੇ ਹੋਰ ਬਹੁਤ ਸਾਰੀਆਂ ਮੁਕਾਬਲਾ ਪ੍ਰੀਖਿਆਵਾਂ ਸਬੰਧੀ ਅਧਿਐਨ ਸਮੱਗਰੀ ਮਿਲ ਜਾਵੇਗੀ। ਇਸ ਕੁਇਜ਼ ਨੂੰ ਵੱਖਰੇ-ਵੱਖਰੇ ਅੰਦਾਜ਼ ਤੇ ਲੇਆਊਟ 'ਚ ਦਿੱਤਾ ਗਿਆ ਹੈ। ਹਰ ਪ੍ਰੈਕਟਿਸ ਸੈੱਟ 'ਚ ਕਈ ਵੀਡੀਓਜ਼, ਕੰਸੈਪਟ ਤੇ ਟੈੱਸਟ ਹਨ। ਹਰ ਟੈੱਸਟ 'ਚ 10 ਸਵਾਲ ਹਨ। ਇਸ ਵੈੱਬਸਾਈਟ ਦੀ ਵਰਤੋਂ ਲਈ ਤੁਹਾਨੂੰ ਲਾਗਇਨ ਕਰਨਾ ਹੋਵੇਗਾ।

**ਐਜੂਡੋਜ**

ਇਸ ਵੈੱਬਸਾਈਟ ਨੇ ਕਈ ਨਵੇਂ ਤਰੀਕਿਆਂ 'ਤੇ ਅਮਲ ਕੀਤਾ ਹੈ। ਇਸ 'ਚ ਹਰ ਤਰ੍ਹਾਂ ਦੀ ਪੜ੍ਹਾਈ ਸਮੱਗਰੀ ਵੱਖ-ਵੱਖ ਭਾਸ਼ਾਵਾਂ 'ਚ ਸ਼ਾਮਿਲ ਹੈ। ਵਿਸ਼ੇ ਸਮੇਤ ਉਦਾਹਰਣਾਂ ਅਤੇ ਅਭਿਆਸ ਮਿਲ ਜਾਣਗੇ। ਖ਼ਾਸ ਗੱਲ ਹੈ ਕਿ ਕਰੰਟ ਅਫੇਅਰਜ਼ ਨਾਲ ਤੁਸੀਂ ਇਸ ਵੈੱਬਸਾਈਟ ਦੀ ਮਦਦ ਨਾਲ ਅਪਡੇਟ ਰਹਿ ਸਕਦੇ ਹੋ।

**ਫਰੀ ਆਨਲਾਈਨ ਟੈੱਸਟ**

ਇਹ ਵੈੱਬਸਾਈਟ ਸਮੇਂ-ਸਮੇਂ 'ਤੇ ਸਵਾਲਾਂ ਨੂੰ ਅਪਡੇਟ ਕਰਦੀ ਰਹਿੰਦੀ ਹੈ। ਇਥੇ ਤੁਸੀਂ ਐਪਟੀਟਿਊਡ, ਰੀਜਨਿੰਗ, ਇੰਗਲਿਸ਼, ਜਨਰਲ ਨਾਲੇਜ, ਕੰਪਿਊਟਰ ਨਾਲੇਜ ਅਤੇ ਪ੍ਰੋਫੈਸ਼ਨਲ ਨਾਲੇਜ ਨਾਲ ਜੁੜੇ ਸਵਾਲਾਂ ਦੇ ਪ੍ਰੈਕਟਿਸ ਸੈੱਟਜ਼ ਮਿਲ ਜਾਣਗੇ। ਇਸ ਦੀ ਖ਼ਾਸੀਅਤ ਇਹ ਹੈ ਕਿ ਹਰ ਸਵਾਲ 'ਤੇ ਤੁਹਾਨੂੰ ਕਿੰਨਾ ਸਮਾਂ ਲੱਗ ਰਿਹਾ ਹੈ, ਪੂਰੀ ਰਿਪੋਰਟ ਤੁਹਾਨੂੰ ਮਿਲ ਜਾਵੇਗੀ। ਇਥੇ ਪਿਛਲੇ ਪ੍ਰਸ਼ਨ ਪੱਤਰ ਹੱਲ ਸਮੇਤ ਮਿਲ ਜਾਣਗੇ।

**ਇੰਡੀਆਬਿਕਸ ਡਾਟ ਕਾਮ**

ਇਥੇ ਤੁਹਾਨੂੰ ਵਿਸ਼ੇਵਾਰ ਸਵਾਲ-ਜਵਾਬ ਮਿਲਣਗੇ। ਜਵਾਬਾਂ ਨੂੰ ਵਿਸਥਾਰ ਨਾਲ ਸਮਝਾਇਆ ਗਿਆ ਹੈ। ਖ਼ਾਸ ਗੱਲ ਹੈ ਕਿ ਇਥੇ ਤੁਹਾਨੂੰ ਸਿਰਫ਼ ਰੀਜਨਿੰਗ ਹੀ ਨਹੀਂ, ਬਲਕਿ ਹੋਰ ਵਿਸ਼ਿਆਂ ਦੇ ਪ੍ਰੈਕਟਿਸ ਸੈੱਟ ਆਸਾਨੀ ਨਾਲ ਮਿਲ ਜਾਣਗੇ।

# ਪੈੱਨ ਦੀ ਕਹਾਣੀ



ਜਿਹੜਾ ਪੈੱਨ ਅੱਜ ਅਸੀਂ ਲਿਖਣ ਲਈ ਵਰਤਦੇ ਹਾਂ, ਇਸ ਦਾ ਇਤਿਹਾਸ ਬੜਾ ਅਦਭੁੱਤ ਹੈ। ਬੋਲਚਾਲ ਦੀ ਭਾਸ਼ਾ ਨੂੰ ਲਿਖਤੀ ਰੂਪ ਅੱਜ ਪੈੱਨ ਦੀ ਮਦਦ ਨਾਲ ਹੀ ਅਸੀਂ ਦੇ ਰਹੇ ਹਾਂ...

ਭਾਰਤੀ ਇਤਿਹਾਸ 'ਚ ਪੈੱਨ ਦਾ ਸਬੰਧ ਮਹਾਭਾਰਤ ਨਾਲ ਜਾ ਜੁੜਦਾ ਹੈ। ਮੰਨਿਆ ਜਾਂਦਾ ਹੈ ਕਿ ਮਹਾਭਾਰਤ ਦੀ ਰਚਨਾ ਕਰਨ ਲਈ ਸ੍ਰੀ ਗਣੇਸ਼ ਜੀ ਨੇ ਇਕ ਅਨੋਖੀ ਕਲਮ ਬਣਾਈ ਸੀ। ਰਿਸ਼ੀ ਵੇਦਵਿਆਸ ਜਦੋਂ ਮਹਾਭਾਰਤ ਦੀ ਰਚਨਾ ਲਈ ਤਿਆਰੀ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਇਕ ਅਜਿਹੇ ਲੇਖਕ ਦੀ ਲੋੜ ਸੀ, ਜਿਹੜਾ ਉਨ੍ਹਾਂ ਦੀ ਸੋਚ ਦੀ ਗਤੀ ਅਨੁਸਾਰ ਲਿਖ ਸਕੇ। ਉਨ੍ਹਾਂ ਦੀ ਇਹ ਵੀ ਸ਼ਰਤ ਸੀ ਕਿ ਜਿਹੜਾ ਵੀ ਲੇਖਕ ਮਹਾਭਾਰਤ ਲਿਖੇਗਾ, ਉਹ ਵਿਚ-ਵਿਚ ਰੁਕ ਕੇ ਆਰਾਮ ਨਹੀਂ ਕਰੇਗਾ, ਕਿਉਂਕਿ ਇਸ ਨਾਲ ਰਿਸ਼ੀ ਵੇਦਵਿਅਸ ਜੀ ਦੀ ਲੈਅ ਟੁੱਟ ਜਾਵੇਗੀ ਤੇ ਉਹ ਕੋਈ ਵੀ ਜ਼ਰੂਰੀ ਘਟਨਾ ਭੁੱਲ ਸਕਦੇ ਹਨ। ਉਨ੍ਹਾਂ ਨੇ ਇਸ ਤਰ੍ਹਾਂ ਦੇ ਲੇਖਕ ਦੀ ਬਹੁਤ ਭਾਲ ਕੀਤੀ ਪਰ ਉਨ੍ਹਾਂ ਨੂੰ ਅਜਿਹਾ ਕੋਈ ਲੇਖਕ ਨਾ ਮਿਲਿਆ, ਜਿਹੜਾ ਉਨ੍ਹਾਂ ਦੀਆਂ ਸ਼ਰਤਾਂ ਪੂਰੀਆਂ ਕਰ ਸਕਦਾ ਹੋਵੇ। ਅੰਤ ਰਿਸ਼ੀ ਵੇਦਵਿਆਸ ਜੀ ਭਗਵਾਨ ਸ਼ਿਵ ਕੋਲ ਗਏ ਤੇ ਉਨ੍ਹਾਂ ਨੂੰ ਸਾਰੀ ਗੱਲ ਦੱਸੀ। ਰਿਸ਼ੀ ਵੇਦਵਿਆਸ ਦੀ ਗੱਲ ਸੁਣਨ ਤੋਂ ਬਾਅਦ ਭਗਵਾਨ ਸ਼ਿਵ ਨੇ ਆਪਣੇ ਪੁੱਤਰ ਗਣੇਸ਼ ਨੂੰ ਇਸ ਕੰਮ ਲਈ ਯੋਗ ਦੱਸਿਆ। ਗਣੇਸ਼ ਜੀ ਵੀ ਇਸ ਕੰਮ ਲਈ ਸ਼ਰਤਾਂ ਮੰਨਦੇ ਹੋਏ ਤਿਆਰ ਹੋ ਗਏ। ਗਣੇਸ਼ ਜੀ ਨੇ ਆਪਣਾ ਇਕ ਦੰਦ ਤੋੜ ਕੇ ਉਸ ਦੇ ਨੁਕੀਲੇ ਭਾਗ ਨਾਲ ਤਾਂਬੇ ਦੇ ਬਣੇ ਪੱਤਿਆਂ 'ਤੇ ਲਿਖਣਾ ਸ਼ੁਰੂ ਕੀਤਾ ਤੇ ਇਸ ਤਰ੍ਹਾਂ ਮਹਾਭਾਰਤ ਇਕ ਅਲੱਗ ਤਰ੍ਹਾਂ ਦੀ ਕਲਮ ਨਾਲ ਲਿਖਿਆ ਗਿਆ ਤੇ ਇਥੋਂ ਹੀ ਕਲਮ ਦਾ ਮੁੱਢ ਬੱਝਾ।

ਦੁਨੀਆ ਦੀ ਪਹਿਲੀ ਕਲਮ ਨਾਲ ਲਿਖਣ ਦੀ ਸ਼ੁਰੂਆਤ ਅੱਜ ਤੋਂ ਲਗਪਗ ਪੰਜ ਹਜ਼ਾਰ ਸਾਲ ਪਹਿਲਾਂ ਮੇਸੋਪੋਟਾਮਿਆ (ਇਰਾਕ) ਦੇ ਲੋਕਾਂ ਨੇ ਕੀਤੀ। ਭਾਰਤ 'ਚ ਹੜੱਪਾ ਤੇ ਮੋਹਨਜੋਦੜੋ ਦੀ ਖ਼ੁਦਾਈ ਤੋਂ ਪ੍ਰਾਪਤ ਮੋਹਰਾਂ ਅਤੇ ਉਨ੍ਹਾਂ ਉੱਪਰ ਉੱਕਰੀਆਂ ਤਸਵੀਰਾਂ ਤੇ ਲਿਖਾਵਟ ਵੀ ਕਲਮ ਦੇ ਭਾਰਤ ਦੇ ਸੰਦਰਭ 'ਚ ਇਤਿਹਾਸ ਨੂੰ ਬਿਆਨ ਕਰਦੀਆਂ ਹਨ। ਗੁਫ਼ਾਵਾਂ 'ਚ ਨੁਕੀਲੇ ਪੱਥਰਾਂ ਨਾਲ ਲਿਖਣਾ ਤੇ ਚਿੱਤਰਕਾਰੀ ਕਰਨਾ ਵੀ ਅੱਜ ਤੋਂ ਕਈ ਹਜ਼ਾਰ ਸਾਲ ਪਹਿਲਾਂ ਦੇ ਕਲਮ ਦੇ ਇਤਿਹਾਸ ਨੂੰ ਦੱਸਦਾ ਹੈ। ਇਸ ਤੋਂ ਬਾਅਦ ਨੁਕੀਲੀ ਧਾਤੂ ਨਾਲ ਮੋਮ 'ਤੇ ਲਿਖਣ ਦਾ ਦੌਰ ਚੱਲਿਆ।

ਮਿਸਰ ਦੇਸ਼ 'ਚ ਛੇ ਹਜ਼ਾਰ ਸਾਲ ਪਹਿਲਾਂ ਉੱਥੋਂ ਦੇ ਲੋਕਾਂ ਨੇ ਪੈਪਰਜ਼ ਨਾਮੀ ਪੇਪਰ ਦੀ ਖੋਜ ਕੀਤੀ। ਇਸ ਨੇ ਕਲਮ ਦੇ ਇਤਿਹਾਸ ਨੂੰ ਨਵੀਂ ਦਿਸ਼ਾ ਦਿੱਤੀ। ਇਸ ਤੋਂ ਬਾਅਦ ਲਿਖਣ ਲਈ ਬਾਂਸ ਦੀ ਪਤਲੀ ਲਕੜੀ ਦਾ ਪ੍ਰਯੋਗ ਲਕੜੀ ਨੂੰ ਅੱਗਿਓਂ ਨੁਕੀਲਾ ਕਰ ਕੇ ਕੀਤਾ ਜਾਣ ਲੱਗਾ। ਹੌਲੀ-ਹੌਲੀ ਬਾਂਸ ਦੀ ਪਤਲੀ ਖੋਖਲੀ ਡੰਡੀ ਨੂੰ ਅੱਗਿਓਂ ਤਿੱਖਾ ਕਰ ਕੇ ਖੋਖਲੀ ਡੰਡੀ ਨੂੰ ਰੰਗ ਨਾਲ ਭਰ ਕੇ ਲਿਖਣ ਦਾ ਦੌਰ ਆਇਆ। ਇਥੋਂ ਹੀ ਪੈਨ ਨੇ ਆਪਣੀ ਆਧੁਨਿਕ ਸ਼ਕਲ ਲੈਣੀ ਸ਼ੁਰੂ ਕੀਤੀ ।

ਪਿਆਰੇ ਬੱਚਿਓ ! ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ। ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ...?





ਉੱਤਰ : ਦਰਖ਼ਤ ਦੀ ਟਹਿਣੀ, ਪੰਛੀ, ਵਿਅਕਤੀ ਦੀ ਟੋਪੀ, ਸਨੋਮੈਨ ਦੀ ਸਮਾਇਲ, ਕੁੜੀ ਦੀ ਟੋਪੀ ਅਤੇ ਸਕਾਫ਼।

## ਚੁਟਕਲੇ

ਸੰਤਾ ਇਕ ਕਾਲਾ ਅਤੇ ਇਕ ਚਿੱਟਾ ਬੂਟ ਪਾ ਕੇ ਸਕੂਲ ਜਾਂਦਾ ਹੈ... ਸਰ : ਜਲਦੀ ਘਰ ਜਾ ਅਤੇ ਬਦਲ ਕੇ ਆ...
ਸੰਤਾ: ਸਰ ਕੋਈ ਫਾਏਦਾ ਨਹੀ ਸਰ ਜੀ ਘਰ ਵੀ ਇਕ ਕਾਲਾ ਅਤੇ ਇਕ ਚਿੱਟਾ ਹੀ ਹੈ...

---

ਸੰਤਾ ਰੇਲ ਦੀ ਪਟਰੀ ਤੇ ਸੋ ਗਿਆ
ਬੰਤਾ : ਜੇ ਰੇਲ ਆ ਗਈ ਤਾਂ ਤੂ ਮਰ ਜਾਏਗਾ ?
ਸੰਤਾ : ਲੈ ਦੱਸ... ਐਡਾ ਵੱਡਾ ਪਲੇਨ ਉੱਪਰੋਂ ਲੰਘ ਗਿਆ ਰੇਲ ਕੀ ਚੀਜ਼ ਹੈ..?

---

ਇਕ ਵਾਰ ਇਕ ਮੋਟੀ ਔਰਤ ਡਾਕਟਰ ਕੋਲ ਗਈ। ਔਰਤ-ਡਾਕਟਰ ਸਾਹਿਬ, ਮੈਂ ਸੁਣਿਆ ਕਿ ਖੇਡਣ ਨਾਲ ਭਾਰ ਘਟ ਜਾਂਦੈ।
ਡਾਕਟਰ-ਹਾਂ ਜੀ, ਸਹੀ ਸੁਣਿਆ ਤੁਸੀਂ।
ਔਰਤ-ਪਰ ਮੈਨੂੰ ਤਾਂ ਕੋਈ ਫਰਕ ਨਹੀਂ ਪਿਆ।
ਡਾਕਟਰ-ਕੀ ਖੇਡ ਖੇਡਦੇ ਓ ਤੁਸੀਂ ?
ਔਰਤ-ਕਾਂ ਉੱਡ, ਚਿੜੀ ਉੱਡ।


---

ਇਕ ਵਾਰ ਇਕ ਬੱਸ ਵਿਚ ਆਦਮੀ ਚੜ੍ਹਿਆ। ਉਸ ਨੇ ਦੇਖਿਆ ਬੱਸ ਵਿਚ ਭੀੜ ਜ਼ਿਆਦਾ ਸੀ ਤੇ ਕਹਿੰਦਾ 'ਬੱਸ ਤਾਂ ਚਿੜੀਆਘਰ ਬਣਿਆ ਪਿਆ। 'ਅੱਗਿਓ ਇਕ ਔਰਤ ਬੋਲੀ 'ਇਕ ਉੱਲੂ ਦੀ ਘਾਟ ਸੀ, ਉਹ ਵੀ ਪੂਰੀ ਹੋ ਗਈ।'


---


ਬੈਂਕ ਦੇ ਬਾਹਰ ਬੜੀ ਭੀੜ ਸੀ। ਇਕ ਆਦਮੀ ਵਾਰ-ਵਾਰ ਅੱਗੇ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਲਾਈਨ ਵਿਚ ਖੜ੍ਹੇ ਆਦਮੀ ਉਸ ਦੀ ਬਾਂਹ ਫੜ ਕੇ ਪਿੱਛੇ ਖਿੱਚ ਲੈਂਦੇ। ਪੰਜ-ਛੇ ਵਾਰ ਇਸੇ ਤਰ੍ਹਾਂ ਹੀ ਹੋਇਆ ਤਾਂ ਅੱਕ ਕੇ ਉਹ ਆਦਮੀ ਜੋ ਬੈਂਕ ਮੈਨੇਜਰ ਸੀ, ਕਹਿੰਦਾ ਜੋ ਮਰਜ਼ੀ ਕਰ ਲਵੋ, ਅੱਜ ਮੈਂ ਬੈਂਕ ਹੀ ਨਹੀਂ ਖੋਲ੍ਹਣਾ।

## ਰਸਤਾ ਲੱਭੋ



## ਬਿੰਦੂ ਮਿਲਾਓ






# ਕਾਵਿ-ਲਹਿਰਾਂ

## ਵਿਰਸਾ ਪੰਜਾਬ ਦਾ

ਸਾਂਝਾ ਸੀ ਟੱਬਰ , ਕੱਠੇ ਭਾਈ ਭੈਣ ਸੀ।
ਸੁੱਖੀ ਸਾਂਦੀ ਸਾਰਾ , ਵੱਸਦਾ ਮਹੈਣ ਸੀ।
ਨਜ਼ਰਾਂ ਨੇ ਖਾਧਾ , ਫੁੱਲ ਹੈ ਗੁਲਾਬ ਦਾ।
ਕਿੱਥੇ ਗੁੰਮ ਗਿਆ ,ਵਿਰਸਾ ਪੰਜਾਬ ਦਾ।
ਦਿਲਾਂ ਵਿੱਚ ਗੂੜ੍ਹਾ , ਹੁੰਦਾ ਸੀ ਪਿਆਰ ਜੀ।
ਵੱਡਿਆਂ ਦਾ ਸਦਾ , ਹੁੰਦਾ ਸਤਿਕਾਰ ਜੀ ।
ਦਬਕਾ ਬੜਾ ਸੀ , ਬਾਪੂ ਲਾਟ ਸਾਹਬ ਦਾ।
ਕਿੱਥੇ ਗੁੰਮ ਗਿਆ , ਵਿਰਸਾ ਪੰਜਾਬ ਦਾ।
ਬੇਬੇ ਤਾਈ ਚਾਚੀ,ਕੱਠੀਆਂ ਹੀ ਰਹਿਣ ਜੀ।
ਵੱਡੀ ਛੋਟੀ ਤਾਈਂ , ਆਖਦੀਆਂ ਭੈਣ ਜੀ ।
ਕਿਸੇ ਨੂੰ ਪਤਾ ਨਾ , ਹੁੰਦਾ ਸੀ ਜਵਾਬ ਦਾ।
ਕਿੱਥੇ ਗੁੰਮ ਗਿਆ , ਵਿਰਸਾ ਪੰਜਾਬ ਦਾ।
ਚਾਟੀ ਚ ਮਧਾਣੀ , ਸੁਬ੍ਹ ਪਾਉਣ ਉੱਠਕੇ।
ਰਸ ਭਿੰਨੀ ਬਾਣੀ , ਮੁੱਖੋ ਗਾਉਣ ਉੱਠਕੇ।
ਸੁਣੀਦਾ ਸੰਗੀਤ , ਵੱਜਦਾ ਰਬਾਬ ਦਾ ।
ਕਿੱਥੇ ਗੁੰਮ ਗਿਆ, ਵਿਰਸਾ ਪੰਜਾਬ ਦਾ।
ਬਲਦਾਂ ਦੇ ਗਲੀਂ , ਘੁੰਗਰੂ ਛਣਕਦੇ ।
ਹਾਲੀਆਂ ਦੇ ਬੋਲ , ਹਵਾ ਚ ਟਣਕਦੇ।
ਉੱਚਾ ਸੁੱਚਾ ਸੁਰ , ਗੂੰਜਦਾ ਜਨਾਬ ਦਾ।
ਕਿੱਥੇ ਗੁੰਮ ਗਿਆ, ਵਿਰਸਾ ਪੰਜਾਬ ਦਾ।
ਸ਼ਾਦੀ ਵਿੱਚ ਨਾਰਾਂ,ਗਾਉਣ ਗੀਤ ਘੋੜੀਆਂ।
ਵੰਡਣ ਖੁਸ਼ੀ ਚ , ਵੀਰਾਂ ਦੀਆਂ ਲੋਹੜੀਆਂ।
ਗਿੱਧਾ ਭੰਗੜਾ ਸੀ , ਪੈਂਦਾ ਬੇਹਿਸਾਬ ਦਾ ।
ਕਿੱਥੇ ਗੁੰਮ ਗਿਆ , ਵਿਰਸਾ ਪੰਜਾਬ ਦਾ ।
ਸ਼ਾਲਾ ਕਿਤੇ ਫਿਰ , ਦਿਨ ਆਉਣ ਮੁੜਕੇ।
ਸਾਰਾ ਪਰਿਵਾਰ , ਫਿਰ ਬੈਠੇ ਜੁੜਕੇ ।
" ਸੁੱਖ " ਹੋਜ਼ੇ ਮੇਲਾ ,ਰਾਵੀ ਤੇ ਚਨਾਬ ਦਾ।
ਕਿੱਥੇ ਗੁੰਮ ਗਿਆ , ਵਿਰਸਾ ਪੰਜਾਬ ਦਾ ।

**ਲਿਖਤ : ਸੁਖਚੈਨ ਸਿੰਘ ਚੰਦ ਨਵਾਂ**
**ਸੰਪਰਕ** : 9914973876

## ਜ਼ਿੰਦਗੀ

ਜ਼ਿੰਦਗੀ ਬਹੁਤ ਖੂਬ-ਸੂਰਤ,
ਰੱਬ ਨੇ ਆਉਣ ਬਣਾਈ ਮੂਰਤ।
ਇਸ ਜ਼ਿੰਦਗੀ ਨੂੰ ਜਿਊਣ ਲਈ,
ਓਸ ਡਾ ਢੇ ਦੀ ਬਹੁਤ ਜ਼ਰੂਰਤ।
ਜ਼ਿੰਦਗੀ ਇਕ ਤੋਹਫ਼ਾ ਅਨਮੋਲ,
ਮਨੁੱਖ ਨੂੰ ਮਿਲੀ ਵਾਂਗ ਸੌਗਾਤ।
ਪਰ ਲੱਗਦੀ ਕਦੀ ਬੁਝਾਰਤ ਵਰਗੀ,
ਕਿਵੇਂ ਬੁੱਝੀਏ ਇਹ ਦੀ ਬਾਤ।
ਜ਼ਿੰਦਗੀ ਦੁੱਖਾਂ-ਸੁੱਖਾਂ ਦਾ ਘਰ,
ਐ ਪਰ ਨਾ ਇਸ ਗੱਲ ਤੋਂ ਡਰ।
ਜ਼ਿੰਦਾ ਦਿਲੀ ਦੇ ਨਾਲ ਜਿਊਣਾ,
ਜੇ ਕਰਨੀ ਇਹ ਦੀ ਮੰਜ਼ਿਲ ਸਰ।
ਜ਼ਿੰਦਗੀ ਦੇ ਪਲ ਖੱਟੇ-ਮਿੱਠੇ,
ਨਾ ਇਹ ਰਹਿੰਦੇ ਹਨ ਇਕ ਸਾਰ।
ਪਰ ਇਹੋ ਲੱਗਦਾ ਸ਼ੁੱਧ ਵਿਚਾਰ,
ਨਾਲ ਦਲੇਰੀ ਕਰਨੇ ਪਾਰ।
ਜ਼ਿੰਦਗੀ ਵਿੱਚ ਉਤਰਾ ਚੜਾ ਦਾ ਆਊਣਾ,
ਹੁੰਦਾ ਆਮ ਵਰਤਾਰਾ।
ਦ੍ਰਿੜ ਇਰਾਦਾ ਮਜ਼ਬੂਤ ਹੌਸਲਾ ਰੱਖ,
ਅੱਗੇ ਕਦਮ ਵਧਾਉਣਾ।
ਜ਼ਿੰਦਗੀ ਦੇ ਵਿੱਚ ਮੁਸ਼ਕਿਲ ਦੇ ਨਾਲ,
ਜੇ ਸਿੱਖ ਲਉਂ ਟਕਰਾਉਣਾ।
ਇਕ ਨਾ ਇਕ ਦਿਨ ਮੰਜ਼ਿਲ ਉੱਤੇ,
ਸੱਚ-ਮੁੱਚ ਤੂੰ ਪੁੱਜ ਜਾਣ।
ਇਮਾਨਦਾਰੀ ਨਾਲ ਚੱਲ ਦੇ ਰਹਿਣਾ,
ਆਪੇ ਬਣਦਾ ਜਾਊ ਰਾਹ।
ਬਨਾਰਸੀ ਦਾਸ ਅਧਿਆਪਕ ਲਿਖਦਾ,
ਪਲ-ਪਲ ਓਹ ਦੀ ਵਿੱਚ ਰਜ਼ਾ।

**ਬਨਾਰਸੀ ਦਾਸ ਅਧਿਆਪਕ ਰੱਤੇਵਾਲ**
ਮੋ: 94635-05286

## ਉਹ ਪੰਜਾਬ ਮਿਲ ਜਾਵੇ

ਜਿੱਥੇ ਨਾਮ ਦੇ ਮਿਲਣ ਪਿਆਰੇ,
ਇੱਕ ਦੂਜੇ ਦੇ ਬਣਨ ਸਹਾਰੇ,
ਕੁਦਰਤ ਦੇ ਹੋਣ ਰੰਗ ਨਿਆਰੇ,
ਉਹ ਪੰਜਾਬ ਮਿਲ ਜਾਵੇ।
ਚਾਰੇ ਪਾਸੇ ਹੋਵੇ ਹਰਿਆਲੀ,
ਫਲਦਾਰ ਰੁੱਖ ਬਾਗਾਂ ਦੇ ਮਾਲੀ,
ਮੁੜ ਆਏ ਸਾਡੀ ਹੱਲ ਪੰਜਾਲੀ,
ਉਹ ਪੰਜਾਬ ਮਿਲ ਜਾਵੇ।
ਇੱਕ ਵਾਰ ਫਿਰਤੋਂ ਚਰਖਾ ਕੱਤਣ,
ਤੀਆਂ ਗਿੱਧਿਆ ਵਿੱਚ ਨੱਚਣ,
ਢਾਣੀ ਬੰਨ ਬੰਨ ਕੇ ਸਾਰੇ ਹੱਸਣ,
ਉਹ ਪੰਜਾਬ ਮਿਲ ਜਾਵੇ।
ਪੰਜਾਬੀ ਵਿਰਸੇ ਦੀ ਹੋਏ ਕਹਾਣੀ,
ਬੇਬੇ ਚਾਟੀ ਵਿੱਚ ਪਾਵੇ ਮਧਾਣੀ,
ਖੇਤ ਨੂੰ ਭੱਤਾ ਲੈ ਜਾਏ ਸਵਾਣੀ,
ਉਹ ਪੰਜਾਬ ਮਿਲ ਜਾਵੇ।
ਕਤਲ ਚੋਰੀ ਨਾ ਦਿਨ ਦਿਹਾੜੇ,
ਕੋਈ ਨਾ ਵੇਖੇ ਦਿਨ ਏਥੇ ਮਾੜੇ,
ਨਾ ਹੀ ਕੋਈ ਕੱਡੇ ਹੌਕੇ ਹਾੜੇ,
ਉਹ ਪੰਜਾਬ ਮਿਲ ਜਾਵੇ।
ਪਿੰਡਾਂ ਚ ਬੈਠੇ ਸਿਆਸਤ ਦਾਨ,
ਜੋ ਭੁੱਲੇ ਫਿਰਦੇ ਨੇ ਭਗਵਾਨ,
ਕੁਲਵੰਤ ਕੋਹਾੜ ਜਿੱਥੇ ਇਨਸਾਨ,
ਉਹ ਪੰਜਾਬ ਮਿਲ ਜਾਵੇ।
ਉਹ ਪੰਜਾਬ ਮਿਲ ਜਾਵੇ

**ਲਿਖਤ : ਕੁਲਵੰਤ ਸਿੰਘ ਕੋਹਾੜ**
**ਸੰਪਰਕ** 9803720820

## ਸਰਦਾਰੀ

ਸਰਦਾਰੀ ਦਾ ਖੂਨ ਹੈ ਅੰਦਰ,
ਇਹ ਖੌਲ ਹੀ ਜਾਂਦਾ ਹੈ।
ਗਲਤ ਨੂੰ ਦੇਖ ਕੇ ਮਨ ਚੰਦਰਾ,
ਕੁੱਝ ਬੋਲ ਹੀ ਜਾਂਦਾ ਹੈ।
ਸਰਦਾਰੀ ਦਾ...
ਹੱਥੀਂ ਮਿਹਨਤ ਕਰਨਾ ਸਿੱਖੇ,
ਉੱਚੇ ਅਸਾਂ ਨਿਸ਼ਾਨੇ ਮਿੱਥੇ।
ਅੱਗੇ ਹੋ ਕਰੀਏ ਹੱਥ ਦੋ-ਦੋ,
ਜ਼ੁਲਮ ਹੁੰਦਾ ਹੋਵੇ ਜਿੱਥੇ।
ਜਿਹੜਾ ਲੈਂਦਾ ਪੰਗਾ ਇੱਕ ਵਾਰ,
ਬਿਸਤਰ ਹੋ ਗੋਲ ਹੀ ਜਾਂਦਾ ਹੈ।
ਸਰਦਾਰੀ ਦਾ...
ਗਰੀਬ ਨੂੰ ਦੇਖ ਕੇ ਦਿਲ ਪਸੀਜੇ,
ਭੁੱਖਾ ਕਿਸੇ ਨੂੰ ਰਹਿਣ ਨਾ ਦੀਜੇ।
ਲੰਗਰ ਚਲਦੇ ਬਿਨਾਂ ਰੁਕਾਵਟ,
ਕਦੇ ਖੀਰਾਂ ਤੇ ਕਦੇ ਨੇ ਪੀਜ਼ੇ।
ਬਾਬਾ ਨਾਨਕ ਆ ਕੇ ਮੇਰਾ,
ਤੇਰਾਂ-ਤੇਰਾਂ ਤੋਲ ਹੀ ਜਾਂਦਾ ਹੈ।
ਸਰਦਾਰੀ ਦਾ....
ਦੱਬਦਾ-ਢਹਿੰਦਾ ਉੱਠ ਬਹਿਦਾ ਹਾਂ,
ਤਾਕਤ 'ਕੱਠੀ ਕਰ ਲੈਂਦਾ ਹਾਂ।
ਮਿਹਰ ਗੁਰਾਂ ਦੀ ਸਦਕਾ ਹੀ,
ਮਰਦਾ-ਮੁੱਕਦਾ ਜੀਅ ਪੈਂਦਾ ਹਾਂ।
ਦੇਵੇ ਸ਼ਹੀਦੀਆਂ ਕੌਮ ਲਈ ਜੋ,
ਲਹੂ ਆਪਣਾ ਡੋਲ ਹੀ ਜਾਂਦਾ ਹੈ।
ਸਰਦਾਰੀ ਦਾ....

**ਮਨਜੀਤ ਕੌਰ ਧੀਮਾਨ,**
**ਸੰ**:9464633059

## ਬੇਸ਼ਰਮੀ ਬੜ੍ਹਕ

ਜਿੱਤ ਕਿਹੜਾ ਕਾਬਲ ਕੰਧਾਰ ਲਿਆ,
ਹੋਇਆ ਖੁਸ਼ੀ 'ਚ ਫਿਰੇ ਗੁਲਤਾਨ ਮੱਦੀ।
ਫਿਰੇ ਭੁਗਤਦਾ ਕਰੇ ਗੁਨਾਹ ਜਿਹੜੇ,
ਬੈਠਾ ਸਿਰ 'ਤੇ ਚੁੱਕੀ ਅਸਮਾਨ ਮੱਦੀ।

ਆਇਆ ਛੁੱਟ ਕੇ ਤਾਂ ਰਗੜ ਗੋਡੇ,
ਕਰਦਾ ਕਾਹਦਾ ਫਿਰੇ ਗੁਮਾਨ ਮੱਦੀ
ਠੰਢ ਬੇਜਤੀ ਲੱਗੇ ਸ਼ਰਮ ਓਹਨੂੰ,
ਅਣਖ ਵਿੱਚ ਨਾ ਜੀਹਦੇ ਕਾਣ ਮੱਦੀ।

ਐਡੀ ਕਿਹੜੀ ਜਿੱਤ ਗੁਰਜ ਲਈ,
ਫੋਕਾ ਬਣਿਆਂ ਫਿਰੇ ਭਲਵਾਨ ਮੱਦੀ।
ਇਨਕਲਾਬੀ ਜੋ ਇਮਾਨਦਾਰੀਆਂ ਦਾ,
ਨਿੱਕਲਿਆ ਸਭ ਤੋਂ ਵੱਧ ਸ਼ੈਤਾਨ ਮੱਦੀ।

ਜਾਵੇ ਲੱਥ ਹਯਾ ਸ਼ਰਮ ਜੀਹਦੀ,
ਉਹਨੂੰ ਧੁੰਦਲਾ ਦਿਸੇ ਜਹਾਨ ਮੱਦੀ।
ਜਾਂਦਾ ਕਰ ਜੋ ਸਿਆਸਤ ਪਾਸ 'ਭਗਤਾ',
ਓਦੂੰ ਵੱਧ ਨਾ ਕੋਈ ਬੇਈਮਾਨ ਮੱਦੀ।

**ਲਿਖਤ : ਬਰਾੜ 'ਭਗਤਾ ਭਾਈ ਕਾ'**
+1-604-751-1113

## ਉੱਖੜੇ ਨੂੰ ਆਸ ਕਾਹਦੀ?

ਮਨ ਟੁੱਟਿਆ ਤਨ ਟੁੱਟਿਆ ਫਿਰਦਾ,
ਉੱਖੜਿਆ ਫਿਰਦਾ ਹਿਰਦਾ॥
ਪਤਾ ਨਹੀਂ ਇਹ ਕੀ ਪਿਆ ਚੱਲੇ,
ਵਾਰ ਵਾਰ ਮੈਂ ਗਿਰਦਾ॥
ਇੱਕ ਸੋਚ ਮੈਨੂੰ ਉੱਪਰ ਚੁੱਕੇ ,
ਦੂਜੀ ਸੁੱਟਦੀ ਥੱਲੇ ॥
ਪਤਾ ਨਹੀਂ ਕੀ ਹੋਇਆ ਮੈਨੂੰ,
ਪੈਂਦਾ ਨਹੀ ਕੁਝ ਪੱਲੇ ॥
ਖਾਣਾ ਭੁੱਲਿਆ ਪਾਣਾ ਭੁੱਲਿਆ,
ਪੜ੍ਹਨਾ ਭੁੱਲਿਆ ਮੈਨੂੰ॥
ਦੁਨੀਆਂ ਨਾਲੋਂ ਨਾਤਾ ਤੋੜਾਂ,
ਯਾਦ ਕਰਾਂ ਨਾ ਤੈਨੂੰ ॥
ਸਭ ਕੁਝ ਮੈਨੂੰ ਲੱਗੇ ਓਪਰਾ,
ਚੀਜ਼ ਬਿਗਾਨੇ ਜਾਪੇ॥
ਤੇਰੇ ਤੋਂ ਜੇ ਟੁੱਟਿਆ ਮਾਲਕਾ,
ਜੋੜ ਲਈਂ ਤੂੰ ਆਪੇ॥
ਆਸ ਪਾਸ ਹੁਣ ਦਿਸੇ ਹਨ੍ਹੇਰਾ,
ਸਭ ਧੁੰਦਲਾ ਧੁੰਦਲਾ ਲੱਗੇ ॥
ਹਾਲੇ ਤਾਂ ਸ਼ੁਰੂਆਤ ਹੈ ਮਿੱਤਰਾ,
ਜਾਣਾ ਬਹੁਤ ਹੀ ਅੱਗੇ ॥
ਯਕਦਮ ਸੱਜਣਾ ਕੁਝ ਨਹੀਂ ਬਣਦਾ,
ਸਮਾਂ ਤਾਂ ਸਭ ਨੂੰ ਲੱਗਦਾ ॥
ਜਿਊਂਦੇ ਜੀਅ ਕੋਈ ਹਾਲ ਨਹੀਂ ਪੁੱਛਦਾ,
ਮਰੇ ਤੇ ਦੀਵਾ ਜਗਦਾ॥
ਕੋਈ ਨ੍ਹੀਂ ਮਿੱਤਰ ਦੋਸਤ ਖੜ੍ਹਦਾ,
ਛੱਡ ਜਾਂਦੇ ਨੇ ਮਾਪੇ ॥
ਛੱਡ ਜਾਂਦੇ ਸਭ ਯਾਰ ਕਰੀਬੀ,
ਜੋ ਤੂੰ ਦਿਲ ਤੇ ਛਾਪੇ ॥
ਉੱਠ ਜਾਗ ਓਏ ਤੁਰਨਾ ਪੈਣੈਂ,,
ਸਿੱਖ ਲੈ ਤੌਰ ਤਰੀਕੇ ॥
ਸੰਭਲ ਸੰਭਲ ਕੇ ਚੱਲਣਾ ਪੈਣਾ,,
ਰਸਤਾ ਬੜਾ ਬਰੀਕ ਏ॥
ਛੱਡਦੇ ਆਸ ਪਰਾਈ ਬਾਬਾ,,
ਛੱਡਦੇ ਪਾਪ ਕਮਾਣਾ ॥
ਨਾਮ ਬੰਦਗੀ ਭਜਨ ਬਾਣੀ ਬਿਨ,
ਕਿਸੇ ਨਾਲ ਨਹੀਂ ਜਾਣਾ॥

**ਮੰਗਤ ਸਿੰਘ ਲੌਂਗੋਵਾਲ**

## ਧਰਮ

ਧਰਮ ਕਿਰਦਾਰ ਹੈ ਸੱਚ ਦਾ,
ਧਰਮ ਕਿਉਂ ਬਣ ਗਿਆ ਧੰਦਾ।
ਨਫ਼ਰਤ ਧਰਮਾਂ ਦੇ ਨਾਂ ਤੇ ਕਿਉਂ,
ਬੰਦੇ ਤੋਂ ਦੂਰ ਕਿਉਂ ਬੰਦਾ।
ਧਰਮ ਕਿਰਦਾਰ ਹੈ ਸੱਚ ਦਾ...
ਧਰਮ ਤੇ ਮਰਨਾਂ ਦੂਜੇ ਲਈ,
ਦੂਜੇ ਲਈ ਜਿਊਣਾਂ ਹੁੰਦਾ ਏ।
ਮਾਣ ਸਨਮਾਨ ਬਰਾਬਰ ਦਾ,
ਬੰਦੇ ਨੂੰ ਸਮਝਣਾ ਬੰਦਾ।
ਧਰਮ ਕਿਰਦਾਰ ਹੈ ਸੱਚ ਦਾ...
ਬੰਦਾ ਇੱਕ ਨੂਰ ਤੋਂ ਬਣਿਆ,
ਤੇ ਫਿਰ ਮੱਤ ਭੇਦ ਕਿਉਂ ਏਥੇ।
ਏਥੇ ਹੰਕਾਰ ਕਿਉਂ ਸਿਖਰਾਂ ਤੇ,
ਬੰਦਾ ਕਿਉਂ ਬਣਿਆ ਨਹੀਂ ਬੰਦਾ।
ਧਰਮ ਕਿਰਦਾਰ ਹੈ ਸੱਚ ਦਾ...
ਜ਼ਾਤ-ਪਾਤ ਉਚ-ਨੀਚ ਦਾ,
ਹੁੰਦਾ ਵਖਰੇਵਾਂ ਹੈ ਜਿੱਥੇ।
ਉਹ ਧਰਮ ਹੀ ਧੋਖਾ ਹੈ,
ਜਿੱਥੇ ਇੱਕ ਹੋਇਆ ਨਹੀਂ ਬੰਦਾ।
ਧਰਮ ਕਿਰਦਾਰ ਹੈ ਸੱਚ ਦਾ...
ਧਰਮਾਂ ਦੇ ਲੋਕ ਸਿਖਾਉਂਦੇ ਨੇ,
ਆਪਸ ਵਿੱਚ ਰੱਜ ਕੇ ਵੈਰ ਕਰੋ।
ਚੰਗਾ ਹੈ ਧਰਮ ਬੱਸ ਮੇਰਾ,
ਦੂਜੇ ਦਾ ਧਰਮ ਨਹੀ ਚੰਗਾ।
ਧਰਮ ਕਿਰਦਾਰ ਹੈ ਸੱਚ ਦਾ...
ਧਰਮਾਂ ਦੇ ਨਾਂ ਤੇ ਕਿਉਂ ਮੱਚਦਾ,
ਹੀ ਕੋਹਰਾਮ ਦੁਨੀਆਂ ਤੇ।
ਰਹਿੰਦਾ ਏ ਪਿਆਸਾ ਕਿਉਂ ਬੰਦਾ,
ਬੰਦੇ ਦੇ ਖੂਨ ਦਾ ਬੰਦਾ।
ਧਰਮ ਕਿਰਦਾਰ ਹੈ ਸੱਚ ਦਾ...
ਧਰਮਾਂ ਦੇ ਠੇਕੇਦਾਰਾਂ ਆਪਣੀ,
ਧਰਮ ਜਾਗੀਰ ਕਿਉਂ ਸਮਝ ਲਿਆ।
ਹਰਦਾਸਪੁਰੀ ਕੁਦਰਤ ਦਾ ਘਾਣ ਏ,
ਹੱਥੀਂ ਕਰ ਰਿਹਾ ਬੰਦਾ।
ਧਰਮ ਕਿਰਦਾਰ ਹੈ ਸੱਚ ਦਾ,
ਬੰਦੇ ਤੋਂ ਦੂਰ ਕਿਉਂ ਬੰਦਾ....

**ਮਲਕੀਤ ਹਰਦਾਸਪੁਰੀ ਗਰੀਸ**
00306947249768

## ਗ਼ਜ਼ਲ

ਜਜ਼ਬਿਆਂ ਨੂੰ ਦੋਸਤਾਂ ਦੇ ਨਾਮ ਲਿਖ।
ਦੋਸਤੀ ਨਾਂ ਐ!ਦਿਲਾ ਪੈਗ਼ਾਮ ਲਿਖ।
ਮਹਿਫਲਾਂ ਵਿਚ ਦਿਲਬਰਾਂ ਨੂੰ ਕਸ਼ਿਸ਼ ਦੀ,
ਖੂਬਸੂਰਤ ਦਸਤਕਾਂ ਦੀ ਸ਼ਾਮ ਲਿਖ।

ਹਰ ਸੁਹਾਗਣ ਦੇ ਰਹੇ ਘਰ ਰੌਸ਼ਨੀ,
ਰੌਸ਼ਨੀ ਦਾ ਹਰ ਸਮੇਂ ਇੰਤਜ਼ਾਮ ਲਿਖ।
ਤੋਤਲੇ ਜੋ ਬੋਲ ਫੁੱਲ ਨੇ ਮਹਿਕਦੇ,
ਮਹਿਕਦੇ ਨੇ ਖ਼ਾਬ ਤੇ ਅੰਜਾਮ ਲਿਖ।

ਮੁੱਦਤਾਂ ਦੇ ਤੜਫਦੇ ਨੇ ਦਰਦ ਨਾਲ,
ਇਹ ਕਰੋਨਾ ਖ਼ੌਫ਼ ਨੂੰ ਕੋਹਿਰਾਮ ਲਿਖ।
ਸਹਿਕਦੀ ਕਿੰਝ ਬੇਰੁਖੀ ਵਿਚ ਜ਼ਿੰਦਗੀ,
ਜ਼ਿੰਦਗੀ ਵਿਚ ਹੈ ਮਹੁੱਬਤ ਆਮ ਲਿਖ।

ਅਸਲ ਵਿਚ ਕਿਰਤੀ ਮਸੀਹੇ ਦੋਸਤਾ,
ਹਰ ਮਸੀਹੇ ਦੇ ਸਫ਼ਰ ਵਿਚ ਮੁਕਾਮ ਲਿਖ।

**ਲਿਖਤ : ਮੇਜਰ ਸਿੰਘ ਰਾਜਗੜ੍ਹ**

## ਕਦੇ ਕਦੇ ਲੇਖਕ

ਕਦੇ ਕਦੇ ਲੇਖਕ ਦੇ ਹਾਣ ਦੇ।
ਕਦੇ ਬਜ਼ੁਰਗ ਜਵਾਨ ਜਿਹੇ।
ਸੰਦੇਸ਼ ਭੇਜ ਦੇਂਦੇਂ ਜਦ ਕਹਿ।
ਧੀਏ, ਭੈਣੇ ਜਿਊਂਦੀ ਰਹਿ।
ਕੋਈ ਪਿਆਰਾ ਜਿਹਾ ਲਿਖਦਾ।
ਸਾਹਮਣੇ ਲਿਖਿਆ ਜਦ ਵਿਖਦਾ।
ਕਿ ਭੱਠੀ ਵਾਲੀ ਤਾਈ ਪੜ੍ਹਿਆ
ਲੱਗਾ ਹੀਰੇ ਮੋਤੀ ਜੜਿਆ।
ਤੈਥੋਂ ਕੁੜੇ ਬਲਿਹਾਰੇ ਜਾਵਾਂ।
ਤੈਨੂੰ ਘੁੱਟ ਗਲਵੱਕੜੀ ਪਾਵਾਂ।
ਨਾਲੇ ਨਾਨਕ ਨਾਮ ਧਿਆਵਾਂ।
ਤੇਰੇ ਨਾਮ ਤੇ ਨਿੰਮਾਂ ਲਾਵਾਂ।
ਪੰਜਾਬ ਦੀਏ ਲਾਡਲੀਏ ਕੁੜੀਏ।
ਨੀ ਨਾਨਕ ਨਾਮ ਨਾਲ ਜੁੜੀਏ।
ਏਨਾਂ ਮਾਣ ਬਖ਼ਸ਼ਦੇ ਜਦ ਸਭ।
ਲੇਖਕ ਗੱਲ ਭਰ ਜਾਂਦਾ ਗੱਚ।
ਨੈਣੋਂ ਵਹਿਣ ਖੁਸ਼ੀ ਦੇ ਹੰਝੂ।
ਸੋਚੇ ਕੀ ਇਹ ਹੋਊ ਸੱਚ।
ਹੱਥ ਜੋੜ ਨਿੰਮਾ ਨਿੰਮਾ ਹੱਸਾਂ।
ਚਾਰੇ ਪਾਸੇ ੧ੳ ਸਾਹਿਬ ਤੱਕਾਂ।
ਅੰਦਰੋਂ ਝੁਕ ਕੁਦਰਤ ਨੂੰ ਧਿਆਇਆ।
ਤੂੰ ਹੀ ਕਾਦਰ ਪਿਆਰ ਦਿਵਾਇਆ।
ਜਿਸ ਸਰਬ ਲਈ ਕਾਨ੍ਹਾਂ ਘੜ੍ਹਿਆ।
ਆਪੇ ਓਸ ਦੇ ਹੱਥ ਫੜਾਇਆ।
ਫਿਰ ਨਿਮਾਣੀ ਬਖ਼ਸ਼ ਕੇ ਹਰਫ਼ਾਂ।
ਤੂੰ ਆਪ ਲਿਖਣ ਦਾ ਜਿੰਮਾ ਲਾਇਆ।
ਸਿਜਦੇ ਲਈ ਲਿਖਤੀ ਸਿਰ ਕੋਲੋ।
ਕਲਮ ਨੂੰ ਮੱਥਾ ਆਪ ਟਿਕਾਇਆ।
ਕਰ ਬੇਨਤੀ ਓਸ ਨੂੰ ਚੁੱਕਿਆ।
ਪਿਆਰ ਨਾਲ ਘੁੱਟ ਹਿੱਕਣੀ ਲਾਇਆ।
ਧੰਨ ਗੁਰੂ ਨਾਨਕ ਤੇਰੀ ਮਹਿਮਾ।
ਤੈਨੂੰ ਜਿਸ ਕਿਸੇ ਵੀ ਧਿਆਇਆ।
ਉਹਨੂੰ ਤੇਰਿਆਂ ਗਲ ਨਾਲ ਲਾਇਆ।
ਸਤਿ ਕਰਤਾਰ ਸਰਬ ਇਹ ਜਾਣੇ।
ਉਹ ਹੀ ਹੁੰਦਾ ਜੋ ਤੂੰ ਚਾਹਿਆ।

**ਲਿਖਤ : ਸਰਬਜੀਤ ਕੌਰ ਪੀ ਸੀ**

## ਗੱਲਾਂ ਦੇ ਗੀਤ"

ਸੋਹਣੇ ਮੁੱਖ ਤੋਂ ਜਦ ਵੀ ਕੂੰਦਾ ਏ
ਬੋਲ ਜਾਪਣ ਜਿਓਂ ਰੂਹਾਨੀ ਗੱਲਾਂ,

ਓਹਦੇ ਲਫ਼ਜ਼ਾਂ ਦੀ ਮੈਨੂੰ ਤਾਂਘ ਲੱਗੇ
ਜਿਓ ਵਿਚ ਸਮੁੰਦਰ ਹੋਵਣ ਛੱਲਾਂ,

ਜੇ ਵਕਤ ਦੇਵੇ ਗੱਲ ਕਰਨੇ ਦਾ
ਤਾਂ ਇਸ਼ਕ ਹਕੀਕੀ ਦੇ ਪੰਨੇ ਥੱਲਾਂ,

ਮੇਰੇ ਘਰ ਆ ਕੇ ਜੇ ਮੁੜਨਾ ਚਾਹੇ
ਤਾਂ ਜਾਣ ਲੱਗੇ ਦੀਆਂ ਰਾਹਾਂ ਮੱਲਾਂ,

ਜਦ ਵਕਤ ਮਿਲੇ ਝੱਟ ਫੁਰਸਤ ਦਾ
ਫੇਰ ਖਿੱਚ ਪਵੇ ਮੇਰੇ ਰੱਬ ਕੋਲ ਚੱਲਾਂ,


ਗੱਲ ਸੁਣਨੇ ਦਾ ਤਾਂ ਵਕਤ ਨਹੀਂ
"ਅਰਸ਼" ਗੀਤ ਬਣਾ ਗਾਉਣੀਆਂ ਗੱਲਾਂ।

**ਲਿਖਤ : ਅਰਸ਼ਪ੍ਰੀਤ ਕੌਰ ਸਰੋਆ**
**ਰਿਸਰਚ ਸਕਾਲਰ**



# ਨਾਰੀ ਸੰਸਾਰ





## ਸਿਹਤਮੰਦ ਸਮਾਜ ਦੀ ਸਿਰਜਣਾ ਵਿਚ ਔਰਤ ਦੀ ਭੂਮਿਕਾ

ਚੰਗੀਆਂ ਤੇ ਉਸਾਰੂ ਆਦਤਾਂ ਸਿਹਤਮੰਦ ਜ਼ਿੰਦਗੀ ਦਾ ਨਿਰਮਾਣ ਕਰਦੀਆਂ ਹਨ ਅਤੇ ਇਕ ਸਿਹਤਮੰਦ ਜ਼ਿੰਦਗੀ ਹੀ ਸਿਹਤਮੰਦ ਸਮਾਜ ਦੀ ਸਿਰਜਣਾ ਵਿਚ ਅਹਿਮ ਭੂਮਿਕਾ ਨਿਭਾਅ ਸਕਦੀ ਹੈ। ਕੋਈ ਵੀ ਵਸਤੂ ਢਲਾਣ ਵੱਲ ਆਪਣੇ-ਆਪ ਦੌੜਦੀ ਹੈ, ਜਦਕਿ ਉਚਾਈ ‘ਤੇ ਜਾਣ ਲਈ ਬਹੁਤ ਮਿਹਨਤ-ਮੁਸ਼ੱਕਤ ਕਰਨੀ ਪੈਂਦੀ ਹੈ। ਬੁਰੀਆਂ ਆਦਤਾਂ ਨੀਵੇਂ ਪਾਸੇ ਜਾਣ ਦੀ ਤਰ੍ਹਾਂ ਹਨ। ਉਚਾਈ ਤੱਕ ਜਾਣ ਲਈ ਮਿਹਨਤ ਵੀ ਕਰਨੀ ਪੈਂਦੀ ਹੈ ਅਤੇ ਸਮਾਂ ਵੀ ਲਗਦਾ ਹੈ। ਸਬਰ ਵੀ ਰੱਖਣਾ ਪੈਂਦਾ ਹੈ ਅਤੇ ਤਰੀਕਿਆਂ ਦੀ ਖੋਜ ਵੀ ਕਰਨੀ ਪੈਂਦੀ ਹੈ।

ਕਿਸੇ ਵੀ ਸਿਹਤਮੰਦ ਅਤੇ ਖੁਸ਼ਹਾਲ ਸਮਾਜ ਦੀ ਸਿਰਜਣਾ ਵਿਚ ਔਰਤ ਦੀ ਭੂਮਿਕਾ ਅਹਿਮ ਹੁੰਦੀ ਹੈ। ਜਿਸ ਸਮਾਜ ਵਿਚ ਔਰਤ ਦੀ ਇੱਜ਼ਤ ਨਹੀਂ, ਉਹ ਸਮਾਜ ਕਦੇ ਵੀ ਕਿਸੇ ਲਈ ਪ੍ਰੇਰਨਾ ਨਹੀਂ ਬਣਦਾ। ਔਰਤ ਦੇ ਸਹਿਯੋਗ ਤੋਂ ਬਗੈਰ ਖੁਸ਼ਹਾਲੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, ਜਿਸ ਸਮਾਜ ਵਿਚ ਔਰਤ ਅਗਿਆਨਤਾ ਦੇ ਹਨੇਰੇ ਵਿਚ ਹੋਵੇ, ਉਸ ਸਮਾਜ ਵਿਚ ਬਾਹਰਲੀਆਂ ਰੌਸ਼ਨੀਆਂ ਚਾਨਣ ਦੇਣ ਦੀ ਬਜਾਏ ਸੋਚ ਦੀਆਂ ਅੱਖਾਂ ਨੂੰ ਹੋਰ ਅੰਨ੍ਹਾ ਕਰਦੀਆਂ ਹਨ। ਇਕ ਪੜ੍ਹੀ-ਲਿਖੀ ਰੌਸ਼ਨ ਦਿਮਾਗ ਬੇਟੀ ਸਮਾਜ ਦੀ ਨਿਰਮਾਤਾ ਹੈ। ਸਿਰਫ ਚੰਗੇ ਹੋਣਾ ਹੀ ਕਾਫੀ ਨਹੀਂ, ਸਿਆਣੇ ਹੋਣਾ ਵੀ ਜ਼ਰੂਰੀ ਹੈ। ਜਿਹੜੇ ਸੰਸਕਾਰ ਬੱਚਿਆਂ ਨੂੰ ਮਾਵਾਂ ਦੇ ਸਕਦੀਆਂ ਹਨ, ਉਹ ਸੰਸਕਾਰ ਸੰਸਾਰੀ ਦੌਲਤਾਂ ਨਾਲ ਖਰੀਦੇ ਨਹੀਂ ਜਾ ਸਕਦੇ। ਸੰਸਾਰੀ ਦੌਲਤ ਭਾਵੇਂ ਜਿੰਨੀ ਮਰਜ਼ੀ ਵੱਡੀ ਹੋਵੇ, ਚੰਗੇ ਸੰਸਕਾਰਾਂ ਤੋਂ ਬਿਨਾਂ ਉਹ ਕਦੇ ਵੀ ਸਾਨੂੰ ਤਸੱਲੀ ਨਹੀਂ ਦਿੰਦੀ। ਜੋ ਬਰਾਬਰੀ ਨਹੀਂ ਕਰ ਸਕਦੇ, ਉਹੀ ਤੁਹਾਡੀ ਬੁਰਾਈ ਕਰਦੇ ਹਨ। ਇਕ ਉਸਾਰੂ ਆਲੋਚਨਾ ਸੁਣ ਕੇ ਜ਼ਿੰਦਗੀ ਸੰਵਾਰਨ ਨਾਲੋਂ ਕਈ ਝੂਠੀ ਤਾਰੀਫ ਸੁਣ ਕੇ ਆਪਣਾ ਜੀਵਨ ਬਰਬਾਦ ਕਰ ਲੈਂਦੇ ਹਨ।

ਕੁਝ ਕੁ ਚੋਣਵੇਂ ਸਮਾਜ ਨਿਰਮਾਤਾ ਚੰਗੇ ਸਮਾਜ ਦੀ ਸਿਰਜਣਾ ਨਹੀਂ ਕਰ ਸਕਦੇ। ਇਸ ਕਾਰਜ ਦੀ ਸਫਲਤਾ ਲਈ ਉਸ ਸਮਾਜ ਦੀ ਸਮੁੱਚੀ ਔਰਤ ਜਾਤੀ ਦੀ ਦਸ਼ਾ ਅਤੇ ਦਿਸ਼ਾ ਨੂੰ ਸੁਧਾਰਨਾ ਅਤੇ ਮਜ਼ਬੂਤ ਕਰਨਾ ਪਵੇਗਾ। ਔਰਤ ਦੀ ਜ਼ਿੰਦਗੀ ਨਾਲ ਜੁੜੇ ਕਈ ਫਾਲਤੂ ਕਿਸਮ ਦੇ ਡਰ ਦੂਰ ਕਰਨੇ ਪੈਣਗੇ। ਕਈ ਤੌਖਲੇ ਉਸ ਦੀ ਜ਼ਿੰਦਗੀ ਵਿਚੋਂ ਬਾਹਰ ਕਰਨੇ ਪੈਣਗੇ। ਜਿਸ ਸਮਾਜ ਵਿਚ ਔਰਤ ਜਿੰਨੀ ਵੱਧ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰੇਗੀ, ਓਨੀਆਂ ਹੀ ਉਸ ਸਮਾਜ ਵਿਚ ਖੁਸ਼ਹਾਲੀ ਦੀਆਂ ਰਾਹਾਂ ਬਣਨਗੀਆਂ। ਔਰਤ ਦੀ ਜ਼ਿੰਦਗੀ ਵਿਚ ਜਿੰਨੇ ਟੋਏ-ਟਿੱਬੇ ਘੱਟ ਹੋਣਗੇ, ਓਨੀ ਹੀ ਉਸ ਸਮਾਜ ਵਿਚ ਅਣਚਾਹੀਆਂ ਘਟਨਾਵਾਂ ਦੀ ਗਿਣਤੀ ਘੱਟ ਹੋਵੇਗੀ। ਖਿਆਲਾਂ ਦੀ ਕਿਤਾਬ ਜਿੰਨੀ ਸਰਲ, ਸਾਦੀ ਅਤੇ ਉਸਾਰੂ ਹੋਵੇਗੀ, ਜ਼ਿੰਦਗੀ ਓਨੀ ਹੀ ਵੱਧ ਹੁਸੀਨ, ਰੌਚਕ, ਦਿਲਚਸਪ ਅਤੇ ਮਜ਼ਬੂਤ ਹੋਵੇਗੀ। ਇਸ ਤੋਂ ਪਹਿਲਾਂ ਕਿ ਹਾਲਾਤ ਤੁਹਾਡੀ ਜ਼ਿੰਦਗੀ ਬਦਲ ਦੇਣ, ਤੁਸੀਂ ਉੱਠੋ ਅਤੇ ਹਿੰਮਤ ਕਰੋ ਅਤੇ ਆਪਣੇ ਹਾਲਾਤ ਬਦਲ ਦਿਓ। ਚੰਗੀ ਅਤੇ ਉਸਾਰੂ ਸੋਚ ਤੁਹਾਡੀ ਜ਼ਿੰਦਗੀ ਦੇ ਉਹ ਖੰਭ ਹਨ, ਜੋ ਤੁਹਾਨੂੰ ਖੁੱਲ੍ਹੇ ਅਸਮਾਨ ਵਿਚ ਉੱਚੀਆਂ ਉਡਾਰੀਆਂ ਮਾਰਨ ਦੇ ਕਾਬਲ ਬਣਾਉਂਦੇ ਹਨ। ਸਾਡੀ ਅਸਫਲਤਾ ਸਾਨੂੰ ਦੱਸਦੀ ਹੈ ਕਿ ਸਾਡੇ ਯਤਨਾਂ ਵਿਚ ਅਜੇ ਕਮੀ ਹੈ। ਕਮੀ ਸਾਡੇ ਵਿਚ ਨਹੀਂ, ਬਲਕਿ ਸਾਡੇ ਯਤਨਾਂ ਵਿਚ ਹੁੰਦੀ ਹੈ। ਕਿਸਮਤ ਰਸਤਾ ਨਹੀਂ ਰੋਕਦੀ, ਬਲਕਿ ਡਰ, ਤੌਖਲੇ, ਚਿੰਤਾ, ਗ਼ਲਤ ਆਦਤਾਂ ਅਤੇ ਆਲਸ ਹੀ ਸਾਡਾ ਰਸਤਾ ਰੋਕਦੇ ਹਨ। ਮਿਹਨਤ ਉਹ ਚਾਬੀ ਹੈ, ਜੋ ਸਾਡੀ ਕਿਸਮਤ ਦੇ ਹਰ ਜਿੰਦਰੇ ਨੂੰ ਖੋਲ੍ਹਣ ਦੇ ਸਮਰੱਥ ਹੈ। ਹਿੰਮਤ ਤੋਂ ਬਗੈਰ ਇਰਾਦਾ ਖੋਟੇ ਪੈਸੇ ਦੀ ਤਰ੍ਹਾਂ ਹੈ। ਯੋਜਨਾ ਤੋਂ ਬਗੈਰ ਮਿਹਨਤ ਟੱਕਰਾਂ ਹੈ। ਸਦੀਆਂ ਤੋਂ ਸਮਾਜ ਦੇ ਕਈ ਬੇਲੋੜੇ ਫਿਕਰਾਂ ਨੇ ਔਰਤ ਦੀ ਯੋਗਤਾ, ਹਿੰਮਤ ਅਤੇ ਸੰਭਾਵਨਾਵਾਂ ਦੇ ਖੰਭ ਕੁਤਰੇ ਹਨ। ਇਸ ਲਈ ਸਾਡੇ ਸਮਾਜ ਵਿਚ ਖੁਸ਼ਹਾਲੀ ਦਾ ਸੰਕਲਪ ਅਜੇ ਅਧੂਰਾ ਹੈ। ਸਾਡੀ ਮਾਨਸਿਕ ਇੱਛਾ ਸ਼ਕਤੀ ਅਜੇ ਬਲਵਾਨ ਨਹੀਂ ਹੋਈ ਹੈ। ਕੁਝ ਨਵਾਂ ਖੋਜਣ ਲਈ, ਕੁਝ ਨਵਾਂ ਖੋਦਣਾ ਵੀ ਪਵੇਗਾ। ਨਵੇਂ ਰਸਤੇ ਖੋਜਣ ਲਈ ਪੁਰਾਣੀਆਂ ਧਾਰਨਾਵਾਂ ਨੂੰ ਬਦਲਨਾ ਪਵੇਗਾ। ਜਦੋਂ ਔਰਤਾਂ ਕੋਲ ਆਪਣੀ ਜ਼ਿੰਦਗੀ ਆਪ ਜਿਊਣ ਦੇ ਅਸੂਲ ਹੋਣਗੇ, ਆਪਣੇ ਫ਼ੈਸਲੇ ਆਪ ਕਰਨ ਦੀ ਆਜ਼ਾਦੀ ਹੋਵੇਗੀ, ਆਪਣੇ ਸੁਪਨੇ ਆਪ ਪੂਰੇ ਕਰਨ ਦਾ ਨਿਸਚਾ ਹੋਵੇਗਾ, ਈਰਖਾ ਤੋਂ ਮੁਕਤ ਰੂਹ ਦਾ ਖੇੜਾ ਹੋਵੇਗਾ, ਸੋਚ ਵਿਚ ਮੌਲਿਕਤਾ ਅਤੇ ਦਿਮਾਗ ਵਿਚ ਸਮਝ ਹੋਵੇਗੀ ਤਾਂ ਉਸ ਸਮਾਜ ਵਿਚ ਖੁਸ਼ਹਾਲੀ ਅਤੇ ਤੰਦਰੁਸਤੀ ਦੀ ਆਮਦ ਆਪਣੇ-ਆਪ ਹੋਵੇਗੀ। **-ਅਮਰਜੀਤ ਬਰਾੜ**

## ਜ਼ਿੰਦਗੀ ਦਾ ਅਸਲ ਸ਼ਿੰਗਾਰ



ਸਲੀਕਾ ਮਨੁੱਖ ਦੀ ਸ਼ਖ਼ਸੀਅਤ ਦਾ ਮਹੱਤਵਪੂਰਨ ਅੰਗ ਹੈ। ਇਨਸਾਨ ਕਿੰਨਾ ਵੀ ਸੱਚਾ-ਸੁੱਚਾ ਕਿਉਂ ਨਾ ਹੋਵੇ ਜੇ ਉਸ ਦੀ ਗੱਲਬਾਤ ਵਿੱਚ ਕੁੜੱਤਣ ਹੈ ਤਾਂ ਉਹ ਦੂਜਿਆਂ ਨੂੰ ਪ੍ਰਭਾਵਿਤ ਨਹੀਂ ਕਰ ਸਕਦਾ। ਸਲੀਕਾ ਜ਼ਿੰਦਗੀ ਦੇ ਹਰ ਪਲ ਹਰ ਘੜੀ ਹਰ ਕੰਮ ਲਈ ਜ਼ਰੂਰੀ ਹੈ। ਜਿਸ ਤਰ੍ਹਾਂ ਕੋਈ ਮਿਸਤਰੀ ਵਧੀਆ ਸੰਦਾਂ ਬਿਨਾਂ ਆਪਣੇ ਕੰਮ ਨੂੰ ਵਧੀਆ ਤਰੀਕੇ ਨਾਲ ਨਹੀਂ ਕਰ ਸਕਦਾ, ਇਸੇ ਤਰ੍ਹਾਂ ਸਲੀਕੇ ਦੇ ਬਿਨਾਂ ਕੋਈ ਵੀ ਵਿਅਕਤੀ ਆਪਣੀ ਜ਼ਿੰਦਗੀ ਨੂੰ ਖ਼ੂਬਸੂਰਤ ਨਹੀਂ ਬਣਾ ਸਕਦਾ। ਸਲੀਕਾ ਹਰ ਕੰਮ ਵਿੱਚ ਜ਼ਰੂਰੀ ਹੈ, ਪਰ ਇਹ ਜਿੰਨਾ ਜ਼ਿਆਦਾ ਜ਼ਰੂਰੀ ਹੈ, ਅਸੀਂ ਇਸ ਵੱਲ ਓਨਾ ਹੀ ਧਿਆਨ ਘੱਟ ਦਿੰਦੇ ਹਾਂ। ਅਸੀਂ ਕਿਸੇ ਕੰਮ ਬਾਹਰ ਜਾਣਾ ਹੁੰਦਾ ਹੈ ਤਾਂ ਅਸੀਂ ਆਪਣੇ ਆਪ ਨੂੰ ਸੋਹਣਾ ਤੇ ਸਮਝਦਾਰ ਪੜ੍ਹਿਆ ਲਿਖਿਆ ਵਿਖਾਉਣ ਲਈ ਘਰੋਂ ਵਧੀਆ ਕੱਪੜੇ ਪਾਕੇ ਜਾਂਦੇ ਹਾਂ, ਪਰ ਕਤਾਰ ਵਿੱਚ ਲੱਗਣ ਪਿੱਛੇ ਬਹਿਸਣਾ ਸ਼ੁਰੂ ਕਰ ਦਿੰਦੇ ਹਾਂ ਅਤੇ ਆਪਣੀ ਮਰਜ਼ੀ ਨਾਲ ਨਵੀਂ ਕਤਾਰ ਬਣਾ ਕੇ ਖੜ੍ਹ ਜਾਂਦੇ ਹਾਂ। ਇੱਥੇ ਵੀ ਸਾਡੇ ਵਿੱਚ ਸਲੀਕੇ ਦੀ ਜ਼ਰੂਰਤ ਸੀ। ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਜਿੱਥੇ ਵੀ ਜਾਈਏ ਤੇ ਅਨੁਸ਼ਾਸਨ ਵਿੱਚ ਖੜ੍ਹਕੇ ਆਪਣੀ ਵਾਰੀ ਦੀ ਉਡੀਕ ਕਰੀਏ।

ਅਸੀਂ ਨਵੀਂ ਗੱਡੀ ਤਾਂ ਖ਼ਰੀਦ ਲਈ, ਪਰ ਸਾਨੂੰ ਟਰੈਫਿਕ ਨਿਯਮਾਂ ਦੀ ਕੋਈ ਜਾਣਕਾਰੀ ਨਹੀਂ। ਸਾਨੂੰ ਇਹ ਨਹੀਂ ਪਤਾ ਕਿ ਗੱਡੀ ਕਿੰਨੀ ਸਪੀਡ ‘ਤੇ ਤੋਰਨੀ ਹੈ, ਕਿਸ ਲੇਨ ਵਿੱਚ ਤੋਰਨੀ ਹੈ, ਕਿੱਥੇ ਬੈਲਟ ਲਗਾਉਣੀ ਹੈ ਤੇ ਕਿੱਥੇ ਲਾਹੁਣੀ ਹੈ। ਸਾਨੂੰ ਕੋਈ ਪਤਾ ਨਹੀਂ ਲੱਗਦਾ ਹੈ ਕਿਹੜਾ ਸਾਈਨ ਬੋਰਡ ਕੀ ਦੱਸਦਾ ਹੈ, ਅੱਗੇ ਹਸਪਤਾਲ ਹੋਵੇ ਅਸੀਂ ਹਾਰਨ ਵਜਾਉਣ ਤੋਂ ਨਹੀਂ ਹਟਦੇ, ਅੱਗੇ ਸਕੂਲ ਹੋਵੇ ਅਸੀਂ ਸਪੀਡ ਹੌਲੀ ਨਹੀਂ ਕਰਦੇ। ਅਸੀਂ ਗੱਡੀ ਤਾਂ ਲੈ ਲਈ, ਪਰ ਗੱਡੀ ਚਲਾਉਣ ਦਾ ਸਲੀਕਾ ਨਹੀਂ ਸਿੱਖਿਆ। ਇਸ ਲਈ ਸਾਨੂੰ ਡਰਾਈਵਿੰਗ ਸਕੂਲ ਜਾਣ ਦੀ ਲੋੜ ਹੈ।

ਸਾਡੇ ਕੋਲ ਮਹਿੰਗੇ ਫੋਨ ਹਨ। ਹਰ ਫੋਨ ਵਿੱਚ ਕੈਮਰਾ ਹੈ। ਫੋਨ ਵਿੱਚ ਕੈਮਰਾ ਜ਼ਿੰਦਗੀ ਦੀਆਂ ਯਾਦਾਂ ਨੂੰ ਸਾਂਭ ਕੇ ਰੱਖਣ ਲਈ ਹੈ। ਕੋਈ ਜ਼ਰੂਰੀ ਘਟਨਾ ਸੰਭਾਲਣ ਲਈ ਹੈ, ਪਰ ਅਸੀਂ ਇੱਥੇ ਵੀ ਸਲੀਕੇ ਤੋਂ ਊਣੇ ਹਾਂ। ਕੋਈ ਡੁੱਬ ਰਿਹਾ ਹੈ, ਕੋਈ ਮਰ ਰਿਹਾ ਹੈ, ਕਿਸੇ ਦਾ ਐਕਸੀਡੈਂਟ ਹੋ ਗਿਆ, ਕੋਈ ਸ਼ਰਾਬ ਪੀ ਕੇ ਹੁੱਲੜਬਾਜ਼ੀ ਕਰ ਰਿਹਾ ਹੈ। ਅਸੀਂ ਉਨ੍ਹਾਂ ਨੂੰ ਸੰਭਾਲਣ ਦੀ ਬਜਾਏ ਉਸਦੀ ਫ਼ਿਲਮ ਬਣਾਉਣੀ ਸ਼ੁਰੂ ਕਰ ਦਿੰਦੇ ਹਾਂ। ਕੀ ਸਾਨੂੰ ਸਾਡਾ ਸਲੀਕਾ ਇਹੀ ਕਹਿੰਦਾ ਹੈ। ਸੋਸ਼ਲ ਮੀਡੀਆ ਨੇ ਸਾਨੂੰ ਇੱਕ ਬਹੁਤ ਵਧੀਆ ਮੰਚ ਦਿੱਤਾ ਹੈ। ਜਿਨ੍ਹਾਂ ਨੂੰ ਇਸਦੀ ਵਰਤੋਂ ਕਰਨ ਦਾ ਸਲੀਕਾ ਆ ਗਿਆ, ਉਨ੍ਹਾਂ ਨੇ ਬਹੁਤ ਇੱਜ਼ਤ ਅਤੇ ਸ਼ੋਹਰਤ ਕਮਾ ਲਈ ਹੈ।

ਕੋਈ ਵੇਲਾ ਸੀ ਜਦੋਂ ਮੁਹੱਬਤ ਨੂੰ ਇਬਾਦਤ ਨਾਲ ਜੋੜ ਕੇ ਵੇਖਿਆ ਜਾਂਦਾ ਸੀ, ਪਰ ਸਾਨੂੰ ਮੁਹੱਬਤ ਕਰਨ ਦਾ ਸਲੀਕਾ ਨਾ ਹੋਣ ਕਾਰਨ ਅਸੀਂ ਇਸਨੂੰ ਵੀ ਚੌਰਾਹੇ ਵਿੱਚ ਖੜ੍ਹਾ ਦਿੱਤਾ। ਹੁਣ ਮੁਹੱਬਤ ਦਾ ਨਾਂ ਲੈਂਦਿਆਂ ਹੀ ਹੋਟਲਾਂ ਦੇ ਕਮਰੇ ਅੱਖਾਂ ਅੱਗੇ ਆ ਜਾਂਦੇ ਹਨ।

ਰਾਤ ਨੂੰ ਕੰਧਾਂ ਟੱਪਕੇ ਕਿਸੇ ਦੇ ਘਰ ਵੜ ਜਾਣਾ ਮੁਹੱਬਤ ਨਹੀਂ ਹੁੰਦੀ। ਮੁਹੱਬਤ ਇੱਕ ਅਹਿਸਾਸ ਹੁੰਦਾ ਹੈ। ਇਹ ਸਾਨੂੰ ਟੱਪਣ ਨਹੀਂ ਲਾਉਂਦੀ ਬਲਕਿ ਟੱਪਦਿਆਂ ਨੂੰ ਸ਼ਾਂਤ ਕਰ ਦਿੰਦੀ ਹੈ ਅਤੇ ਸਾਡੇ ਵਿੱਚ ਠਹਿਰਾਅ ਭਰ ਦਿੰਦੀ ਹੈ, ਪਰ ਇਹ ਸਭ ਤਾਂ ਹੀ ਸਮਝ ਆਵੇਗਾ ਜੇਕਰ ਸਾਡੇ ਵਿੱਚ ਮੁਹੱਬਤ ਕਰਨ ਦਾ ਸਲੀਕਾ ਹੋਵੇਗਾ।

ਜੇਕਰ ਸਲੀਕਾ ਹੋਵੇ ਤਾਂ ਨੂੰਹ ਅਤੇ ਸੱਸ ਇੱਕੋ ਮੰਜੇ ‘ਤੇ ਬੈਠ ਕੇ ਗੱਲਾਂ ਕਰ ਲੈਂਦੀਆਂ ਹਨ ਅਤੇ ਜੇਕਰ ਸਲੀਕਾ ਨਹੀਂ ਹੈ ਤਾਂ ਮਾਂ ਅਤੇ ਧੀ ਵੀ ਇੱਕ ਘਰ ਵਿੱਚ ਬਿਨਾਂ ਲੜੇ ਨਹੀਂ ਰਹਿ ਸਕਦੀਆਂ। ਸਲੀਕਾ ਸਾਡੀ ਜ਼ਿੰਦਗੀ ਦਾ ਹੁਸਨ ਹੈ। ਇਹ ਸਾਡੇ ਬੋਲਣ, ਸੁਣਨ, ਕੰਮ ਕਰਨ, ਖਾਣ ਪੀਣ ਆਦਿ ਹਰੇਕ ਥਾਂ ਜ਼ਰੂਰੀ ਹੈ। ਜੇਕਰ ਕੋਈ ਸ਼ਰਾਬੀ ਸਲੀਕੇ ਨਾਲ ਸ਼ਰਾਬ ਪੀਂਦਾ ਹੈ ਤਾਂ ਉਸਦੇ ਗੁਆਂਢੀ ਨੂੰ ਵੀ ਇਹ ਪਤਾ ਨਹੀਂ ਲੱਗਦਾ ਕਿ ਉਸਦੀ ਸ਼ਰਾਬ ਪੀਤੀ ਹੋਈ ਹੈ, ਪਰ ਬਿਨਾਂ ਸਲੀਕੇ ਪੀਤੀ ਸ਼ਰਾਬ ਵਾਲਾ ਸ਼ਰਾਬੀ ਸਾਰੇ ਪਿੰਡ ਨੂੰ ਦੱਸ ਦਿੰਦਾ ਹੈ ਕਿ ਉਸਦੀ ਸ਼ਰਾਬ ਪੀਤੀ ਹੋਈ ਹੈ।

ਹੁਣ ਫੈਸ਼ਨ ਦਾ ਯੁੱਗ ਹੈ। ਸਾਨੂੰ ਰੋਜ਼ਾਨਾ ਨਵੇਂ ਨਵੇਂ ਫੈਸ਼ਨੇਬਲ ਕੱਪੜੇ ਪਾਈ ਜਾਂਦੇ ਲੋਕ ਦਿਸਦੇ ਹਨ, ਪਰ ਇਹੋ ਜਿਹੇ ਕੱਪੜੇ ਪਾਉਣੇ ਕਿ ਜਾਂ ਤਾਂ ਉਨ੍ਹਾਂ ਨਾਲ ਸਾਹ ਆਉਣਾ ਹੀ ਬੰਦ ਹੋ ਜਾਵੇ ਤੇ ਜਾਂ ਫਿਰ ਇੰਨੇ ਘੱਟ ਕਿ ਪਾਉਣ ਅਤੇ ਨਾ ਪਾਉਣ ਵਿੱਚ ਕੋਈ ਬਹੁਤਾ ਫ਼ਰਕ ਨਹੀਂ ਰਹਿੰਦਾ। ਮੁੰਡੇ ਕੁੜੀਆਂ ਅਜਿਹੇ ਕੱਪੜੇ ਪਾਉਂਦੇ ਹਨ ਕਿ ਨਾ ਤਾਂ ਉਹ ਕੱਪੜੇ ਪਾ ਕੇ ਖੜ੍ਹ ਸਕਦੇ ਹਨ ਤੇ ਨਾ ਹੀ ਬੈਠ ਸਕਦੇ ਹਨ। ਕੱਪੜੇ ਅਸੀਂ ਖ਼ੁਦ ਨੂੰ ਤਕਲੀਫ਼ ਦੇਣ ਲਈ ਨਹੀਂ ਪਾਉਂਦੇ। ਜਦੋਂ ਵੀ ਮਨੁੱਖ ਨੇ ਕੱਪੜੇ ਪਾਉਣੇ ਸ਼ੁਰੂ ਕੀਤੇ ਤਾਂ ਇਨ੍ਹਾਂ ਦਾ ਮਕਸਦ ਸਰੀਰ ਦਾ ਪਰਦਾ ਕਰਨਾ ਸੀ, ਪਰ ਹੁਣ ਸਲੀਕੇ ਦੀ ਸਮਝ ਨਾ ਹੋਣ ਕਾਰਨ ਅਸੀਂ ਫੈਸ਼ਨ ਅਤੇ ਨੰਗੇਜ਼ ਦਾ ਫ਼ਰਕ ਵੀ ਨਹੀਂ ਪਛਾਣ ਸਕਦੇ।

ਜੇਕਰ ਫੈਸ਼ਨ ਸਲੀਕੇ ਨਾਲ ਕੀਤਾ ਜਾਵੇ ਤਾਂ ਇਹ ਫੈਸ਼ਨ ਲੱਗਦਾ ਹੈ ਅਤੇ ਇਸਤੋਂ ਕਿਸੇ ਨੂੰ ਇਤਰਾਜ਼ ਵੀ ਨਹੀਂ ਹੁੰਦਾ, ਪਰ ਬਿਨਾਂ ਸਲੀਕੇ ਪਾਏ ਕੱਪੜੇ ਕਈ ਵਾਰ ਆਪ ਸਹੇੜੀ ਮੁਸੀਬਤ ਬਣ ਜਾਂਦੇ ਹਨ।

ਬਹੁਤੇ ਅਧਿਆਪਕ ਅਜਿਹੇ ਹੁੰਦੇ ਹਨ ਜਿਨ੍ਹਾਂ ਕੋਲ ਵੱਡੀਆਂ ਵੱਡੀਆਂ ਡਿਗਰੀਆਂ ਤਾਂ ਹੁੰਦੀਆਂ ਹਨ, ਪਰ ਪੜ੍ਹਾਉਣ ਦਾ ਸਲੀਕਾ ਨਹੀਂ ਹੁੰਦਾ। ਸਲੀਕੇ ਬਿਨਾਂ ਅਧਿਆਪਕ ਨੂੰ ਸਮਝ ਨਹੀਂ ਪੈਂਦੀ ਕਿ ਕਿਸ ਬੱਚੇ ਦਾ ਬੌਧਿਕ ਪੱਧਰ ਕੀ ਹੈ ? ਉਸ ਕੋਲ ਆਪਣੀ ਗੱਲ ਸਮਝਾਉਣ ਦਾ ਸਲੀਕਾ ਨਹੀਂ ਹੁੰਦਾ ਤਾਂ ਉਹ ਫਿਰ ਬੱਚਿਆਂ ਨੂੰ ਕੁੱਟ ਕੇ ਜਾਂ ਡਰਾ ਕੇ ਉਨ੍ਹਾਂ ਨੂੰ ਸਮਝਾਉਣ ਦਾ ਯਤਨ ਕਰਦਾ ਹੈ।

ਬਹੁਤ ਵੱਡੇ ਬੰਦਿਆਂ ਕੋਲ ਵਧੀਆ ਘਰ, ਵਧੀਆ ਨੌਕਰੀ, ਵਧੀਆ ਗੱਡੀ ਤੇ ਹੋਰ ਹਰ ਤਰ੍ਹਾਂ ਦੀਆਂ ਸੁੱਖ ਸਹੂਲਤਾਂ ਹੁੰਦੀਆਂ ਹਨ, ਪਰ ਉਨ੍ਹਾਂ ਦਾ ਗ੍ਰਹਿਸਤੀ ਜੀਵਨ ਫਿਰ ਵੀ ਸੋਹਣਾ ਨਹੀਂ ਹੁੰਦਾ। ਕਾਰਨ ਇਹੀ ਹੈ ਕਿ ਉਨ੍ਹਾਂ ਕੋਲ ਜਿਊਣ ਦਾ ਸਲੀਕਾ ਨਹੀਂ ਹੁੰਦਾ।

ਉਹ ਆਪਣੇ ਬੱਚਿਆਂ, ਜੀਵਨ ਸਾਥੀ ਅਤੇ ਮਾਪਿਆਂ ਨੂੰ ਵਧੀਆ ਤੋਹਫ਼ੇ ਤਾਂ ਦੇ ਦਿੰਦੇ ਹਨ, ਪਰ ਵਕਤ ਨਹੀਂ ਦਿੰਦੇ। ਵਧੀਆ ਜੀਵਨ ਜਿਊਣ ਦਾ ਸਲੀਕਾ ਇਹ ਕਹਿੰਦਾ ਹੈ ਕਿ ਆਪਣੇ ਪਰਿਵਾਰ ਨੂੰ ਵਕਤ ਦਿਓ।

ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝੋ ਤੇ ਉਨ੍ਹਾਂ ਦੇ ਜਜ਼ਬਾਤਾਂ ਦੀ ਕਦਰ ਕਰੋ। ਬਹੁਤੇ ਲੋਕ ਸੋਚਦੇ ਹਨ ਕਿ ਪੈਸੇ ਨਾਲ ਜ਼ਿੰਦਗੀ ਹੁਸੀਨ ਬਣਾਈ ਜਾ ਸਕਦੀ ਹੈ, ਪਰ ਜ਼ਿੰਦਗੀ ਹੁਸੀਨ ਸਿਰਫ਼ ਸਲੀਕੇ ਨਾਲ ਹੀ ਹੁੰਦੀ ਹੈ। ਸਲੀਕਾ ਸਾਡੀ ਜ਼ਿੰਦਗੀ ਦੀ ਰੀੜ੍ਹ ਦੀ ਹੱਡੀ ਹੈ। ਜੇਕਰ ਇਹ ਮਜ਼ਬੂਤ ਨਹੀਂ ਤਾਂ ਅਸੀਂ ਜ਼ਿੰਦਾ ਤਾਂ ਰਹਿ ਸਕਦੇ ਹਾਂ, ਪਰ ਮਜ਼ਬੂਤ ਤੇ ਹੰਢਣਸਾਰ ਜ਼ਿੰਦਗੀ ਨਹੀਂ ਜਿਉਂ ਸਕਦੇ।

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਐਪ ਜਾਂ ਈ-ਮੇਲ ਕਰੋ :
**604-584-5577**
: infopunjabitribune@gmail.com



## BRIDE WANTED

Jat Sikh Gill family seeks a suitable match for their son, 29 yrs. old, 5'11" tall, Canadian born, well settled, Architect and doing Real estate business, handsome, family oriented. The girl should be Canadian citizen/PR, professionally educated. Call – 1-604-832-7232 or 1-604-615-8088 AP 16-08

..............................................

Sikh Ramgarhia well settled family in canada looking for a suitable match for their 32 year old son, doing business in ontario and winnipeg. Canadian citizen,5-10, Active in real estate and financing business. Call at 204-510-7658 or 437-881-7282. AP 22-08

## GROOM WANTED

ਕੈਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਲੜਕੀ ਉਮਰ 27 ਸਾਲ ਕੱਦ 5 ਫੁੱਟ 5 ਇੰਚ, ਕੈਸ਼ੀਅਰ ਦੀ ਜੌਬ, ਵੈਸ਼ਨੂੰ ਪੜ੍ਹੀ ਲਿਖੀ ਲੜਕੀ ਲਈ ਪੜ੍ਹੇ ਲਿਖੇ ਵੈਸ਼ਨੂੰ ਲੜਕੇ ਦੀ ਲੋੜ ਹੈ। ਵਰਕ ਪਰਮਿਟ ਉੱਪਰ ਕੈਨੇਡਾ ਰਹਿ ਰਹੇ ਲੜਕੇ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਣ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 778-861-3162 ਅਤੇ 604-593-7978 RS 26-07

## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

..............................................

ਵਿਜ਼ਟਰ ਵੀਜ਼ੇ 'ਤੇ ਅਮਰੀਕਾ ਆਏ ਉਮਰ 40 ਸਾਲ ਕੱਦ 6 ਫੁੱਟ ਸ਼ਰਮਾ ਲੜਕਾ ਵਾਸਤੇ ਅਮਰੀਕਾ ਜਾਂ ਕੈਨੇਡੀਅਨ ਇੰਮੀਗਰਾਂਟ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ । ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਹੋਰ ਵਧੇਰੇ ਜਾਣਕਾਰੀ ਲਈ 604-825-4512 ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ। BH 30-08

..............................................

ਕੈਨੇਡਾ ਦਾ ਜੰਮਪਲ, ਜੱਟ ਸਿੱਖ ਲੜਕਾ, ਉਮਰ 33 ਸਾਲ,ਕੱਦ 6 ਫੁੱਟ 3 ਇੰਚ, ਵਕੀਲ, ਬਹੁਤ ਸੋਹਣੇ-ਸੁਨੱਖੇ ਲੜਕੇ ਲਈ ਇੱਕ ਸੋਹਣੀ ਪੜੀ-ਲਿਖੀ, ਕਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-936-3063 AP 01-08

..............................................

ਸਰੀ ਕੈਨੇਡਾ ਵਿੱਚ ਵਰਕ ਪਰਮਿਟ 'ਤੇ ਰਹਿ ਰਹੇ ਪੜ੍ਹੇ ਲਿਖੇ ਹਿੰਦੂ ਪਰਿਵਾਰ ਦੇ ਲੜਕੇ ਲਈ ਕੈਨੇਡਾ ਵਿੱਚ ਟੈਂਪਰੇਰੀ ਵੀਜ਼ਾ ਜਾਂ ਵਰਕ ਪਰਮਿਟ ਹੋਲਡਰ ਜਾਂ ਇਮੀਗਰਾਂਟ, ਯੋਗ ਲੜਕੀ ਦੀ ਭਾਲ ਹੈ। ਲੜਕਾ ਆਪਣੇ ਪਰਿਵਾਰ ਨਾਲ ਰਹਿ ਰਿਹਾ ਹੈ। ਤਲਾਕਸ਼ੁਦਾ ਜਾਂ ਵਿਧਵਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਜਾਤ-ਪਾਤ ਦਾ ਕੋਈ ਵੀ ਬੰਧਨ ਨਹੀਂ। ਸੰਪਰਕ ਕਰੋ : 778-321-0986 RS 01-08

---

# ਮਾਵਾਂ ਧੀਆਂ ਦੇ ਦੁੱਖੜੇ

**- ਸੁਖਪਾਲ ਕੌਰ ਲਾਂਬਾ -**



ਉਲਝਣਾਂ ਨੇ ਜਿਵੇਂ ਮੇਰੇ ਨਾਲ ਕੁਝ ਗੂੜ੍ਹੀ ਸਾਂਝ ਪਾ ਲਈ ਸੀ। ਇੱਕ ਉਲਝਣ ਸੁਲਝਣ ਵਾਲੀ ਹੁੰਦੀ ਤਾਂ ਇੱਕ ਨਵੀਂ ਹੀ ਅੱਗੇ ਆ ਜਾਂਦੀ। ਸੱਚੀਂ ਅਕੇਵਾਂ ਜਿਹਾ ਮਹਿਸੂਸ ਕਰਦਿਆਂ ਮੈਂ ਸਿਰ ਹਾਲੇ ਅਸਮਾਨ ਵੱਲ ਰੱਬ ਨੂੰ ਉਲਾਂਭਾ ਦੇਣ ਲਈ ਚੁੱਕਿਆ ਹੀ ਸੀ ਕਿ ਕਿਸੇ ਨੇ ਬੜੀ ਜ਼ੋਰ ਦੀ ਆਵਾਜ਼ ਮਾਰੀ, "ਮੈਡਮ ਜੀ, ਰੁਕਿਓ ਜੀ" ਮੈਂ ਮੁੜ ਕੇ ਦੇਖਿਆ ਤਾਂ ਚਿਹਰਾ ਜਾਣਿਆ ਪਹਿਚਾਣਿਆ ਲੱਗਿਆ। ਉਸ ਨੇ ਕੋਲ਼ ਆ ਕੇ ਕਿਹਾ, "ਮੈਡਮ ਜੀ ਮੈਂ ਫਿਜ਼ਾ ਦੀ ਮੰਮਾ, ਜਿਸ ਨੂੰ ਤੁਸੀਂ ਅਪਰੇਸ਼ਨ ਲਈ ਰੈਫਰ ਕੀਤਾ ਸੀ। ਹਫਤਾ ਪਹਿਲਾਂ ਫਿਜ਼ਾ ਦਾ ਅਪਰੇਸ਼ਨ ਹੋਇਆ ਜੀ। ਮੈਂ ਤਾਂ ਤੁਹਾਡਾ ਧੰਨਵਾਦ ਕਰਨ ਆਈ ਹਾਂ ਜੀ।" ਇੱਕੋ ਹੀ ਸਾਹ ਉਹ ਸਭ ਕੁਝ ਬੋਲ ਗਈ। ਉਸ ਦੀ ਗੱਲ ਸੁਣਕੇ ਮੈਨੂੰ ਚਾਰ ਮਹੀਨੇ ਦੀ ਘਟਨਾ ਇਕਦਮ ਚੇਤੇ ਆ ਗਈ।

ਦਫਤਰੋਂ ਅੱਧੀ ਛੁੱਟੀ ਦਾ ਲਿਖ ਮੈਂ ਹਾਲੇ ਸਮਾਨ ਸਮੇਟ ਹੀ ਰਹੀ ਸੀ ਕਿ ਇੱਕ 38 ਕੁ ਸਾਲ ਦੀ ਬੀਬੀ ਸਾਹੋ-ਸਾਹੀ ਬੜੀ ਕਾਹਲੀ ਆ ਕੇ ਰੁਕ ਗਈ। ਉਸ ਨਾਲ ਤਿੰਨ ਬੱਚੀਆਂ ਤੇ ਹੱਥ ਵਿੱਚ ਰੈਫਰਲ ਫਾਰਮ ਦੇਖਕੇ ਮੈਂ ਸਮਝ ਗਈ ਕਿ ਇਹ ਮੇਰੇ ਕੋਲ਼ ਹੀ ਆਏ ਹਨ। ਉਹਨਾਂ ਦੇ ਫਾਰਮ ਦੇਖ ਕੇ ਮੈਂ ਉਸ ਤੋਂ ਆਉਣ ਦਾ ਕਾਰਨ ਪੁੱਛਿਆ ਤਾਂ ਉਸ ਦੀ ਆਵਾਜ਼ ਵਿੱਚ ਸਿਰਫ਼ ਤਰਲਾ ਤੇ ਬੇਬਸੀ ਸੀ। ਉਸ ਨੇ ਆਪ ਮੁਹਾਰੇ ਹੀ ਬੋਲਣਾ ਸ਼ੁਰੂ ਕਰ ਦਿੱਤਾ, "ਮੈਡਮ ਜੀ, ਮੈਂ ਬੜੀ ਮਜਬੂਰ ਹਾਂ। ਮੇਰੀ ਬੱਚੀ ਨੂੰ ਬਚਾ ਲਵੋ। ਮੇਰਾ ਇਹਨਾਂ ਬਿਨਾਂ ਕੋਈ ਸਹਾਰਾ ਨਹੀਂ। ਮੇਰੀਆਂ ਤਿੰਨੋਂ ਬੱਚੀਆਂ ਬਿਮਾਰ ਨੇ। ਮੇਰਾ ਕੋਈ ਘਰ ਨਹੀਂ। ਕਿਰਾਏ 'ਤੇ ਰਹਿੰਦੀ ਹਾਂ। ਪਲੀਜ਼ ਤੁਸੀਂ ਕੋਈ ਨਾ ਕੋਈ ਹੈਲਪ ਜਰੂਰ ਕਰੋ।" ਬੜੀ ਮੁਸ਼ਕਿਲ ਨਾਲ ਮੈਂ ਉਸ ਚੁੱਪ ਕਰਾਇਆ।

ਜਨਵਰੀ ਮਹੀਨੇ ਦੀ ਠੰਢ ਵਿੱਚ ਵੀ ਉਸ ਨੂੰ ਪਸੀਨਾ ਆ ਗਿਆ ਸੀ। ਮੈਂ ਤਿੰਨਾਂ ਬੱਚੀਆਂ ਵੱਲ ਦੇਖਿਆ, ਤਿੰਨਾਂ ਦੇ ਚਿਹਰੇ ਡਰ ਨਾਲ ਪੀਲੇ ਪਏ ਹੋਏ ਸੀ। ਮੈਂ ਫਾਰਮ ਵੱਲ ਨਜ਼ਰ ਮਾਰੀ ਤਾਂ ਉਹਨਾਂ ਦੀ ਬੱਚੀ ਨੂੰ ਦਿਲ ਦੀ ਬਿਮਾਰੀ ਸੀ। ਮੈਂ ਉਸ ਨੂੰ ਹੌਸਲਾ ਦਿੱਤਾ ਕਿ ਕੋਈ ਨਾ ਤੁਹਾਡੀ ਬੱਚੀ ਬਿਲਕੁਲ ਠੀਕ ਹੋ ਜਾਵੇਗੀ। ਮੇਰੀ ਗੱਲ ਸੁਣ ਕੇ ਉਸਦੀ ਕਾਹਲ ਤਾਂ ਘਟ ਗਈ ਪਰ ਡਰ ਤੇ ਬੇਬਸੀ ਜਿਉਂ ਦੀ ਤਿਉਂ ਬਰਕਰਾਰ ਸੀ। ਮੈਂ ਉਸ ਦਾ ਫਾਰਮ ਭਰਨਾ ਸ਼ੁਰੂ ਕਰ ਦਿੱਤਾ। ਮੈਨੂੰ ਫਾਰਮ ਭਰਦੀ ਨੂੰ ਦੇਖਕੇ ਉਸਦਾ ਮਨ ਸ਼ਾਂਤ ਹੋ ਗਿਆ। ਪਰ ਇਹ ਸ਼ਾਂਤੀ ਜ਼ਿਆਦਾ ਦੇਰ ਬਰਕਰਾਰ ਨਾ ਰਹਿ ਸਕੀ। ਜਿਵੇਂ ਹੀ ਫਾਰਮ ਉੱਤੇ ਭਰਨ ਲਈ ਬੱਚੀ ਦੇ ਪਿਤਾ ਦਾ ਨਾਂ ਪੁੱਛਿਆ ਤਾਂ ਉਸ ਦੇ ਚਿਹਰੇ ਉੱਤੇ ਗੁੱਸੇ ਦਾ ਭਾਵ ਉੱਭਰ ਆਇਆ। ਉਸ ਨੇ ਇੱਕ ਨਜ਼ਰ ਆਪਣੀਆਂ ਬੇਟੀਆਂ ਨੂੰ ਤੱਕਿਆ ਤੇ ਫਿਰ ਬੇਬਸੀ ਨਾਲ ਬੱਚੀ ਦੇ ਪਿਤਾ ਦਾ ਨਾਂ ਦੱਸਿਆ। ਮੈਂ ਉਸ ਤੋਂ ਉਸਦੀਆਂ ਬਾਕੀ ਦੋ ਬੇਟੀਆਂ ਬਾਰੇ ਪੁੱਛਿਆ ਕਿ ਕੀ ਬਿਮਾਰੀ ਹੈ ਉਹਨਾਂ ਨੂੰ ? ਤਾਂ ਉਹ ਇੱਕ ਦਮ ਸ਼ਾਂਤ ਹੋ ਗਈ। ਆਪਣੀਆਂ ਤਿੰਨੋਂ ਬੇਟੀਆਂ ਨੂੰ ਗਲਵਕੜੀ ਵਿੱਚ ਲੈ ਕੇ ਰੋਣ ਲੱਗ ਪਈ। ਉਸਦੀਆਂ ਬੇਟੀਆਂ ਦੇ ਹੰਝੂ ਵੀ ਆਪ ਮੁਹਾਰੇ ਵਹਿ ਤੁਰੇ। ਬੜੀ ਮੁਸ਼ਕਿਲ ਨਾਲ ਉਹਨਾਂ ਨੂੰ ਚੁੱਪ ਕਰਾਇਆ।

ਆਪਣੀਆਂ ਬੱਚੀਆਂ ਦੀਆਂ ਅੱਖਾਂ ਪੂੰਝਕੇ ਉਹ ਇਕਦਮ ਹੀ ਚੁੱਪ ਹੀ ਗਈ। ਉਸਦੇ ਦਰਦ ਪਿਛਲੀ ਹਕੀਕਤ ਜਾਣਨ ਲਈ ਮੇਰਾ ਮਨ ਬਹੁਤਾ ਕਾਹਲਾ ਪੈ ਰਿਹਾ ਸੀ। ਪਰ ਹਿੰਮਤ ਨਹੀਂ ਸੀ ਕਿ ਉਸ ਦੇ ਦਰਦ ਨੂੰ ਛੇੜ ਕੇ ਉਸਨੂੰ ਦੁੱਖ ਦੇ ਗਹਿਰੇ ਸਮੁੰਦਰ ਵਿੱਚ ਧੱਕਾ ਦੇ ਦੇਵਾਂ। ਮੈਂ ਹਾਲੇ ਇਸੇ ਉਧੇੜ ਬੁਣ ਵਿੱਚ ਸੀ ਕਿ ਉਸ ਨੇ ਫਿਰ ਤਰਲੇ ਨਾਲ ਕਿਹਾ, "ਮੇਰੀ ਫਿਜ਼ਾ ਦਾ ਇਲਾਜ ਤਾਂ ਮੁਫਤ ਵਿੱਚ ਹੋ ਜੂ ਜੀ ? ਮੇਰਾ ਤੇ ਮੇਰੀਆਂ ਬੱਚੀਆਂ ਦਾ ਇਸ ਦੁਨੀਆ ਵਿੱਚ ਕੋਈ ਨਹੀਂ। ਸਿਲਾਈ ਦਾ ਕੰਮ ਕਰਕੇ ਇਹਨਾਂ ਦਾ ਪਾਲਣ ਕਰਦੀ ਹਾਂ ਜੀ। ਮੇਰਾ ਘਰਵਾਲਾ ਮਾਰਕੀਟ ਕਮੇਟੀ ਵਿੱਚ ਕਲਰਕ ਹੈ। 16 ਸਾਲ ਹੋ ਗਏ ਵਿਆਹ ਹੋਏ ਨੂੰ। ਜਦੋਂ ਮੇਰੀ ਵੱਡੀ ਬੇਟੀ ਹੋਈ ਤਾਂ ਮੇਰੇ ਸਹੁਰਿਆਂ ਸਾਨੂੰ ਵੱਖਰਾ ਕਰ ਦਿੱਤਾ ਕਿਉਂਕਿ ਮੇਰਾ ਘਰਵਾਲਾ ਕਿਸੇ ਹੋਰ ਜਨਾਨੀ ਕੋਲ਼ ਜਾਂਦਾ ਸੀ। ਘਰਦੇ ਸਾਡਾ ਖਰਚ ਚੁੱਕਣ ਲਈ ਤਿਆਰ ਨਹੀਂ ਸੀ। ਮੈਂ ਆਪਣੇ ਪੇਕੇ ਚਲੀ ਗਈ ਪਰ ਸਾਡਾ ਪੰਚਾਇਤ ਵਿੱਚ ਸਮਝੌਤਾ ਹੋ ਗਿਆ। ਦੋ ਸਾਲ ਬਾਅਦ ਮੇਰੀ ਦੂਜੀ ਬੇਟੀ ਹੋਈ ਤਾਂ ਮੇਰਾ ਘਰਵਾਲਾ ਮੈਨੂੰ ਹਸਪਤਾਲ ਛੱਡ ਕੇ ਦੌੜ ਗਿਆ ਤੇ ਮੇਰੀ ਬੇਟੀ ਨੂੰ ਦਿਮਾਗੀ ਬੁਖਾਰ ਹੋ ਗਿਆ ਤੇ ਮਿਰਗੀ ਦੇ ਦੌਰੇ ਪੈਣ ਲੱਗ ਗਏ। ਮੈਂ ਇੱਕ ਸਾਲ ਆਪਣੇ ਪੇਕੇ ਬੈਠੀ ਰਹੀ। ਮੇਰੇ ਸਹੁਰਿਆਂ ਨੇ ਮੇਰੇ ਦੂਜੀ ਵਾਰ ਕੁੜੀ ਹੋਣ ਕਾਰਨ ਮੇਰੇ ਨਾਲੋਂ ਰਿਸ਼ਤਾ ਖ਼ਤਮ ਕਰ ਦਿੱਤਾ। ਮੇਰੇ ਘਰਦਿਆਂ ਦੁਬਾਰਾ ਪੰਚਾਇਤ ਇੱਕਠੀ ਕੀਤੀ ਤਾਂ ਮੇਰਾ ਘਰਵਾਲਾ ਮੈਨੂੰ ਤੇ ਮੇਰੀਆਂ ਬੱਚੀਆਂ ਨੂੰ ਲੈ ਤਾਂ ਗਿਆ ਪਰ ਉਸਨੇ ਮੇਰੀਆਂ ਬੱਚੀਆਂ ਨਾਲ ਬਹੁਤ ਗੰਦਾ ਸਲੂਕ ਕੀਤਾ। ਸਾਰਾ ਸਾਰਾ ਦਿਨ ਅਸੀਂ ਭੁੱਖੀਆਂ ਰਹਿਣਾ। ਗੁਆਂਢੀਆਂ ਨੂੰ ਤਰਸ ਆਉਣਾ, ਉਹਨਾਂ ਬੱਚੀਆਂ ਲਈ ਦੁੱਧ ਦੇ ਦੇਣਾ। ਅੱਕ ਕੇ ਮੈਂ ਦੁਬਾਰਾ ਪੇਕੇ ਚਲੀ ਗਈ। ਮੈਂ ਕੋਰਟ ਕੇਸ ਕਰ ਦਿੱਤਾ ਬੱਚੀਆਂ ਦੇ ਖਰਚ ਲਈ। ਇੱਕ ਸਾਲ ਕੇਸ ਚੱਲਦਾ ਰਿਹਾ। ਕਈ ਵਾਰ ਤਾਂ ਉਹ ਪੇਸ਼ੀ 'ਤੇ ਹੀ ਨਾ ਆਉਂਦਾ ਤੇ ਸਾਰਾ ਸਾਰਾ ਦਿਨ ਭੁੱਖੇ ਭਾਣੇ ਕੋਰਟ ਵਿੱਚ ਲੰਘ ਜਾਣਾ ਤੇ ਇਸਦੇ ਚੱਲਦਿਆਂ ਮੇਰੀ ਛੋਟੀ ਬੇਟੀ ਵੀ ਸਾਹ ਦੀ ਬਿਮਾਰੀ ਦੀ ਮਰੀਜ਼ ਬਣ ਗਈ। ਇੱਕ ਸਾਲ ਬਾਅਦ ਸਾਡਾ ਫਿਰ ਸਮਝੌਤਾ ਹੋ ਗਿਆ। ਤੇ ਮਸਾਂ ਦੋ ਸਾਲ ਸਭ ਕੁਝ ਠੀਕ ਚੱਲਿਆ ਪਰ ਮੇਰੀ ਤੀਜੀ ਬੇਟੀ ਹੋਣ 'ਤੇ ਮੇਰੇ ਘਰਵਾਲੇ ਨੇ ਸਾਨੂੰ ਚਾਰਾਂ ਨੂੰ ਘਰੋਂ ਬਾਹਰ ਕੱਢ ਦਿੱਤਾ। ਮੈਂ ਮਸਾਂ ਡਿੱਗਦੀ ਪੈਂਦੀ ਆਪਣੇ ਪੇਕੇ ਘਰ ਗਈ। ਰੋਜ਼ ਰੋਜ਼ ਦੇ ਕਲੇਸ਼ ਨੂੰ ਦੇਖਦੇ ਮੇਰੇ ਪਾਪਾ ਜੀ ਬਿਮਾਰ ਹੋ ਗਏ ਤੇ ਉਹ ਮੈਨੂੰ ਇਕਦਮ ਇਕੱਲੀ ਛੱਡ ਗਏ।" ਇੰਨਾ ਕਹਿ ਕੇ ਉਹ ਆਪਣੇ ਪਿਤਾ ਨੂੰ ਯਾਦ ਕਰਕੇ ਫਿਰ ਰੋਣ ਲੱਗ ਗਈ। ਉਸ ਦੀ ਆਪ ਬੀਤੀ ਇੰਨੀ ਤਕਲੀਫਦੇਹ ਸੀ ਕਿ ਅੱਗੇ ਸੁਣਨ ਦੀ ਮੇਰੇ ਵਿੱਚ ਹਿੰਮਤ ਹੀ ਨਹੀਂ ਸੀ।

ਮੈਂ ਸੋਚ ਰਹੀ ਸੀ ਕਿ ਸੱਚ-ਮੁੱਚ ਧੀਆਂ ਦਾ ਦਰਦ ਮਾਂ-ਬਾਪ ਲਈ ਇੱਕ ਅਜਿਹਾ ਜ਼ਖ਼ਮ ਹੁੰਦਾ ਜਿਸ ਤੇ ਉਪੱਰੋਂ ਭਲੇ ਹੀ ਖਰੀਂਡ ਨਜ਼ਰ ਆਉਂਦਾ ਪਰ ਅੰਦਰੋਂ ਲਹੂ-ਲੁਹਾਣ ਹੁੰਦਾ ਹੈ। ਆਪਣੀਆਂ ਅੱਖਾਂ ਪੂੰਝੇ ਬਿਨਾਂ ਉਸਨੇ ਮੁੜ ਕਹਿਣਾ ਸ਼ੁਰੂ ਕੀਤਾ, "ਮੇਰੇ ਪਾਪਾ ਦੇ ਜਾਣ ਬਾਅਦ ਮੇਰੀ ਮਾਂ, ਵੱਡੀ ਭੈਣ ਤੇ ਭਰਾ ਨੇ ਵੀ ਮੈਨੂੰ ਇਹ ਕਹਿ ਕੇ ਘਰੋਂ ਬਾਹਰ ਕਰ ਦਿੱਤਾ ਕਿ "ਅਸੀਂ ਤੇਰਾ ਤੇ ਤੇਰੀਆਂ ਕੁੜੀਆਂ ਦਾ ਠੇਕਾ ਨਹੀਂ ਲਿਆ। ਤੂੰ ਆਪਣੇ ਸਹੁਰਿਆਂ ਦੇ ਸਿਰ ਚੜ੍ਹ ਮਰ। ਉਸ ਦਿਨ ਸੱਚੀਂ ਹੀ ਦਿਲ ਕੀਤਾ ਸੀ ਕਿ ਆਪ ਤੇ ਆਪਣੀਆਂ ਬੱਚੀਆਂ ਨੂੰ ਨਾਲ ਲੈ ਕੇ ਮਰ ਜਾਵਾਂ ਪਰ ਇਹਨਾਂ ਵਿੱਚ ਮੇਰੀਆਂ ਬੱਚੀਆਂ ਦਾ ਕੀ ਕਸੂਰ ? ਮੁੰਡਾ ਨਾ ਹੋਣ ਵਿੱਚ ਨਾ ਮੇਰਾ ਕਸੂਰ ਸੀ ਤੇ ਨਾ ਮੇਰੀਆ ਬੱਚੀਆਂ ਦਾ। ਸੋ ਮੈਡਮ ਜੀ ਮੈਂ ਆਪਣੇ ਪੇਕੇ ਪਿੰਡ ਕਿਰਾਏ ਦੇ ਮਕਾਨ ਵਿੱਚ ਰਹਿੰਦੀ ਹਾਂ। ਮੇਰੇ ਵੱਡੇ ਭਰਾ ਦੇ ਕੋਈ ਔਲਾਦ ਨਹੀਂ, ਇਸ ਲਈ ਉਹ ਮੇਰੀ ਮਾਂ ਤੋਂ ਚੋਰੀ ਛੁੱਪੇ ਮੇਰੀ ਵੱਡੀ ਭਰਜਾਈ ਹੱਥ ਘਰ ਖਰਚ ਤੇ ਬੱਚੀਆਂ ਲਈ ਪੈਸੇ ਮੈਨੂੰ ਦੇ ਦਿੰਦਾ ਹੈ। ਕੋਰਟ ਕੇਸ ਕਰਨ ਨੂੰ ਪੈਸੇ ਨਹੀਂ ਤੇ ਇਕੱਲੀਆਂ ਬੱਚੀਆਂ ਨੂੰ ਘਰ ਇਕੱਲਾ ਛੱਡ ਪੇਸ਼ੀਆਂ ਕਿਵੇਂ ਭੁਗਤਣ ਜਾਵਾਂ। ਮੈਂ ਸਭ ਦੇ ਹਾੜ੍ਹੇ ਕੱਢ ਕੇ ਦੇਖ ਚੁੱਕੀ ਹਾਂ। ਇੱਥੇ ਭੁੱਖੇ ਜਾਨਵਰ ਨੇ। ਇਕੱਲੀ ਜਨਾਨੀ, ਜਿਸਦਾ ਤਲਾਕ ਦਾ ਕੇਸ ਚਲਦਾ ਹੋਵੇ, ਉਹ ਤਾਂ ਇਸ ਸਮਾਜ ਲਈ ਬਦ-ਕਿਰਦਾਰ ਹੀ ਮੰਨੀ ਜਾਂਦੀ ਹੈ। ਪਰ ਮੈਂ ਇੱਜ਼ਤ ਨਾਲ ਆਪਣੀਆਂ ਬੱਚੀਆਂ ਨਾਲ ਰਹਿ ਰਹੀ ਹਾਂ। ਮੇਰੀਆਂ ਬੱਚੀਆਂ ਨੂੰ ਪਤਾ ਹੈ ਕਿ ਉਹਨਾਂ ਦੀ ਮਾਂ ਕੀ ਹੈ, ਤੇ ਇਹ ਮੇਰਾ ਮਾਣ ਨੇ। ਬੱਸ ਪਲੀਜ਼ ਮੈਡਮ ਜੀ, ਤੁਸੀਂ ਮੇਰੀ ਫਿਜ਼ਾ ਦੇ ਇਲਾਜ ਵਿੱਚ ਮੇਰੀ ਹੈਲਪ ਕਰੋ ਜੀ।" ਇੰਨਾ ਕਹਿ ਕੇ ਉਹ ਉਮੀਦ ਨਾਲ ਮੇਰੇ ਵੱਲ ਦੇਖਣ ਲੱਗੀ।

ਮੈਂ ਉਸ ਦੀ ਬੱਚੀ ਨੂੰ ਮੁਫਤ ਇਲਾਜ ਲਈ ਰੈਫਰ ਕਰਕੇ ਉਸ ਨੂੰ ਸਭ ਕੁਝ ਸਮਝਾ ਦਿੱਤਾ। ਉਹ ਰੈਫਰ ਫਾਰਮ ਤੇ ਆਪਣੀਆਂ ਬੱਚੀਆਂ ਨੂੰ ਲੈ ਕੇ ਚਲੀ ਗਈ। ਮੇਰਾ ਧਿਆਨ ਇਕਦਮ ਹੀ ਦਫਤਰ ਦੀ ਕੰਧ ਉੱਤੇ ਲਿਖੇ ਸਲੋਗਨ 'ਬੇਟੀ ਬਚਾਓ, ਬੇਟੀ ਪੜ੍ਹਾਓ।' ਵੱਲ ਗਿਆ ਜੋ ਕਿ ਸਵਾਲ ਪੁੱਛ ਰਿਹਾ ਸੀ ਕਿ ਜੋ ਕੁੱਖ ਵਿੱਚ ਕਤਲ ਹੋਣੋ ਬਚ ਗਈਆਂ, ਉਹਨਾਂ ਦਾ ਕੀ ਇਹੀ ਹਾਲ ਹੋਣਾ ਹੈ ? ਕੀ ਇਹ ਸਿਰਫ ਸਲੋਗਨ ਤੇ ਪੋਸਟਰਾਂ ਤੱਕ ਹੀ ਸੀਮਿਤ ਨੇ ?

# ਯੂਕੇ 'ਚ ਕਾਮਿਆਂ ਦਾ 'ਸ਼ੋਸ਼ਣ': 'ਸਾਨੂੰ ਪੂਰੀ ਤਨਖਾਹ ਦੇ ਕੇ ਕੁਝ ਨਕਦੀ ਵਾਪਸ ਲੈ ਲੈਂਦੇ ਸਨ', ਕੀ ਹੈ ਮਜਬੂਰੀ?

ਵਲੋਂ : ਜੇਰੇਮੀ ਬਾਲ ਅਤੇ ਖੁਸ਼ ਸਮੇਜਾ



ਆਪਣੀ ਅਲਮਾਰੀ ਖੋਲ੍ਹੋ, ਜਿੱਥੇ ਤੁਹਾਨੂੰ ਲੀਸਟਰ ਵਿੱਚ ਬਣੇ ਕੱਪੜੇ ਸ਼ਾਇਦ ਮਿਲ ਹੀ ਜਾਣਗੇ। ਇਹ ਸ਼ਹਿਰ ਇੰਗਲੈਂਡ ਦੇ ਕੱਪੜਾ ਉਦਯੋਗ ਦਾ ਇੰਜਣ ਸੀ, ਜਿਸ ਵਿੱਚ ਰਿਟੇਲ ਦਿੱਗਜ ਨੈਕਸਟ ਸਣੇ ਕਈ ਕੰਪਨੀਆਂ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਦਿੰਦੀਆਂ ਸਨ। ਫੈਕਟਰੀ ਬੰਦ ਹੋਣ ਦੇ ਕਈ ਸਾਲਾਂ ਬਾਅਦ ਫੈਸ਼ਨ ਵਿੱਚ ਆਏ ਉਛਾਲ ਨੇ ਇਸ ਨੂੰ ਇੱਕ ਲਾਭਦਾਇਕ ਨਵਾਂ ਉਦਯੋਗ ਬਣਾਇਆ ਹੈ। ਉਪ-ਠੇਕੇਦਾਰਾਂ ਨੇ ਸਖ਼ਤ ਸਮਾਂ-ਸੀਮਾਵਾਂ ਵਿਚਾਲੇ ਵੱਡੇ ਆਰਡਰ ਦੇਣ ਦੀ ਸਹੂਲਤ ਦਿੱਤੀ ਕਿਉਂਕਿ ਸਟੋਰ ਇਨ੍ਹਾਂ ਨੂੰ ਜਮ੍ਹਾਂ ਕਰ ਕੇ ਸਸਤੇ ਵੇਚਣ 'ਤੇ ਧਿਆਨ ਕੇਂਦਰਿਤ ਕਰਦੇ ਹਨ। ਪਰ ਫਿਰ ਕੋਰੋਨਾਵਾਇਰਸ ਮਹਾਂਮਾਰੀ ਨੇ ਇਸ ਗੱਲ ਤੋਂ ਪਰਦਾ ਚੁੱਕਿਆ ਕਿ ਕਿਵੇਂ ਤੀਬਰ ਮੁਕਾਬਲੇ ਨੇ ਲੇਸਟਰ ਦੀ ਸਪਲਾਈ ਚੇਨ ਵਿੱਚ ਵਿਆਪਕ ਸ਼ੋਸ਼ਣ ਪੈਦਾ ਕੀਤਾ ਸੀ। ਹੁਣ ਸ਼ਹਿਰ ਇੱਕ ਵਾਰ ਫਿਰ ਆਪਣੇ ਕੱਪੜਾ ਨਿਰਮਾਣ ਉਦਯੋਗ ਨੂੰ ਬਚਾਉਣ ਲਈ ਸੰਘਰਸ਼ ਕਰ ਰਿਹਾ ਹੈ। ਭਾਰਤ ਤੋਂ ਆਈ 61 ਸਾਲਾ ਪਰਮਜੀਤ ਕੌਰ ਆਪਣੇ ਪਤੀ ਹਰਵਿੰਦਰ ਸਿੰਘ ਨਾਲ ਮਿਲ ਕੇ ਲੀਸਟਰ ਦੀਆਂ ਕਈ ਕੰਪਨੀਆਂ ਵਿੱਚ ਸਿਲਾਈ ਮਸ਼ੀਨ ਆਪਰੇਟਰ ਵਜੋਂ ਕੰਮ ਕਰਦੀ ਸੀ। ਜਦੋਂ ਉਹ 2015 ਵਿੱਚ ਉੱਥੇ ਪਹੁੰਚੀ ਤਾਂ ਉਸ ਵੇਲੇ ਤੱਕ, ਕੱਪੜਾ ਫੈਕਟਰੀਆਂ ਵੱਲੋਂ ਗੁਜ਼ਾਰਾ ਮਜ਼ਦੂਰੀ ਤੋਂ ਘੱਟ ਭੁਗਤਾਨ ਕੀਤੇ ਜਾਣ ਬਾਰੇ ਚਿੰਤਾ ਵਧ ਰਹੀ ਸੀ।

ਪਰਮਜੀਤ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਅੰਗਰੇਜ਼ੀ ਬੋਲਣੀ ਨਹੀਂ ਬੋਲ ਆਉਂਦੀ ਸੀ ਅਤੇ ਉਨ੍ਹਾਂ ਨੂੰ ਕੰਮ ਲੱਭਣ ਲਈ ਸੰਘਰਸ਼ ਕਰਨਾ ਪੈਂਦਾ ਸੀ, ਇਸ ਲਈ ਉਨ੍ਹਾਂ ਨੇ ਕਈ ਸਾਲਾਂ ਤੱਕ ਫੈਕਟਰੀਆਂ ਵਿੱਚ ਕੰਮ ਕੀਤਾ ਜਿੱਥੇ ਉਨ੍ਹਾਂ ਨੂੰ 3 ਪੌਂਡ ਤੋਂ 5 ਪੌਂਡ ਪ੍ਰਤੀ ਘੰਟਾ ਤਨਖਾਹ ਮਿਲਦੀ ਸੀ।

ਉਹ ਕਹਿੰਦੀ ਹੈ ਕਿ ਕੁਝ ਰੁਜ਼ਗਾਰਦਾਤਾਵਾਂ ਨੇ ਇੱਕ ਕਾਗ਼ਜ਼ੀ ਕਾਰਵਾਈ ਕਰ ਕੇ ਆਪਣੀ ਪਛਾਣ ਲੁਕਾਈ, ਜਿਸ ਤੋਂ ਪਤਾ ਲੱਗਦਾ ਸੀ ਕਿ ਉਹ ਨੈਸ਼ਨਲ ਲਿਵਿੰਗ ਵੇਜ (ਕੌਮੀ ਨਿਰਵਾਹ ਮਜ਼ਦੂਰੀ) ਮੁਤਾਬਕ ਕਮਾ ਰਹੇ ਸੀ।

'ਅਸੀਂ ਮਜਬੂਰ ਸੀ' ਪੰਜਾਬੀ-ਹਿੰਦੀ ਦੀ ਰਲਵੀਂ ਬੋਲੀ ਵਿੱਚ ਬੋਲਦਿਆਂ ਪਰਮਜੀਤ ਨੇ ਦੱਸਿਆ ਕਿ ਕਿਵੇਂ ਇੱਕ ਕੰਪਨੀ ਨੇ ਉਨ੍ਹਾਂ ਨੂੰ 5 ਪੌਂਡ ਪ੍ਰਤੀ ਘੰਟੇ ਦੇ ਰੇਟ 'ਤੇ ਕੰਮ ਕਰਨ ਲਈ ਕਿਹਾ, ਜਦ ਕਿ ਹੋਰਨਾਂ ਨੇ ਉਨ੍ਹਾਂ ਨੂੰ ਛੁੱਟੀ ਜਾਂ ਬਿਮਾਰੀ ਕਾਰਨ ਹੋਈ ਛੁੱਟੀ ਦੀ ਕੋਈ ਤਨਖਾਹ ਨਹੀਂ ਦਿੱਤੀ। ਉਨ੍ਹਾਂ ਨੇ ਦੱਸਿਆ, "ਉਹ ਪੇਅਸਲਿਪ 'ਤੇ 'ਪੂਰੀ ਤਨਖਾਹ ਦਿਖਾਂਦਉਂਦੇ ਸਨ ਪਰ ਇੱਕ ਵਾਰ ਜਦੋਂ ਮੇਰੇ ਬੈਂਕ ਵਿੱਚ ਪੈਸੇ ਆ ਜਾਂਦੇ ਤਾਂ ਮੈਨੂੰ ਵਾਪਸ ਕਰਨ ਲਈ ਕਿਹਾ ਜਾਂਦਾ।" "ਮੈਂ ਇਸ ਨੂੰ ਨਕਦੀ ਵਿੱਚ ਵਾਪਸ ਦਿੰਦੀ ਸਾਂ। ਤਿੰਨ-ਚਾਰ ਫੈਕਟਰੀਆਂ ਇਹੀ ਕੰਮ ਕਰਦੀਆਂ ਸਨ।"

ਇਹ ਪੁੱਛੇ ਜਾਣ 'ਤੇ ਕਿ ਉਨ੍ਹਾਂ ਨੇ ਪੈਸੇ ਕਿਉਂ ਵਾਪਸ ਕੀਤੇ ਤਾਂ ਪਰਮਜੀਤ ਨੇ ਕਿਹਾ, "ਗੰਦਾ ਅਤੇ ਬੁਰਾ ਮਹਿਸੂਸ ਹੁੰਦਾ ਸੀ ਪਰ ਮੈਨੂੰ ਕੰਮ ਕਰਨ ਦੀ ਲੋੜ ਸੀ। ਕੋਈ ਵੀ ਜ਼ਿਆਦਾ ਪੈਸੇ ਨਹੀਂ ਦੇ ਰਿਹਾ ਸੀ।"

"ਅਸੀਂ ਮਜਬੂਰ ਸੀ। ਸਾਨੂੰ ਟੈਕਸ ਭਰਨੇ ਪੈਂਦੇ ਸਨ, ਗੈਸ ਦਾ ਬਿੱਲ, ਕਿਰਾਇਆ ਦੇਣਾ ਪੈਂਦਾ ਸੀ ਤੇ ਬਿੱਲ ਲਗਾਤਾਰ ਆਉਂਦੇ ਰਹਿੰਦੇ ਸਨ।" "ਕਾਫੀ ਡਰਾਉਣਾ ਲੱਗਾ, 'ਕੰਮ ਕਰਦੇ ਰਹੋ, ਕੰਮ ਕਰਦੇ ਰਹੋ', ਇਹੀ ਉਹ ਕਹਿੰਦੇ ਸਨ।" ਪਰਮਜੀਤ ਭਾਰਤ ਦੇ ਕਈ ਮਜ਼ਦੂਰਾਂ ਵਿੱਚੋਂ ਇੱਕ ਹੈ ਜਿੰਨਾ ਨੇ ਬੀਬੀਸੀ ਨੂੰ ਦੱਸਿਆ ਕਿ ਉਹ ਲੀਸਟਰ ਵਿੱਚ ਵੱਖ-ਵੱਖ ਕੱਪੜਿਆਂ ਦੀਆਂ ਫੈਕਟਰੀਆਂ ਵਿੱਚ ਪ੍ਰਤੀ ਘੰਟਾ 5 ਪੌਂਡ ਜਾਂ ਘੱਟ ਕਮਾਉਂਦੇ ਹਨ। ਇਹ ਨੈਸ਼ਨਲ ਲਿਵਿੰਗ ਵੇਜ ਤੋਂ ਬਹੁਤ ਘੱਟ ਹੈ, ਜੋ ਹੁਣ 21 ਸਾਲ ਤੋਂ ਵੱਧ ਉਮਰ ਦੇ ਬਾਲਗਾਂ ਲਈ 11.44 ਪੌਂਡ ਪ੍ਰਤੀ ਘੰਟਾ ਹੈ। ਆਪਣੀ ਪਛਾਣ ਨਾ ਜ਼ਾਹਿਰ ਕਰਨ ਦੀ ਸ਼ਰਤ 'ਤੇ ਇੱਕ 50 ਸਾਲਾਂ ਦੀ ਇੱਕ ਔਰਤ ਨੇ ਬੀਬੀਸੀ ਨੂੰ ਦੱਸਿਆ ਕਿ ਉਨ੍ਹਾਂ ਨੂੰ ਵੱਖ-ਵੱਖ ਕੱਪੜਿਆਂ ਦੀਆਂ ਫੈਕਟਰੀਆਂ ਵਿੱਚ 'ਪੈਕਰ' ਵਜੋਂ ਕੰਮ ਕਰਨ ਲਈ 4 ਪੌਂਡ ਪ੍ਰਤੀ ਘੰਟੇ ਦਾ ਭੁਗਤਾਨ ਕੀਤਾ ਜਾਂਦਾ ਸੀ। ਉਨ੍ਹਾਂ ਦੱਸਿਆ, "ਮੈਂ ਸੋਚਿਆ ਕਿ ਇਹ ਵਾਜਬ ਸੀ ਅਤੇ ਇਹੀ ਚੱਲ ਰਹੀ ਦਰ ਸੀ। ਇਹ ਉਹੀ ਸੀ ਜੋ ਜ਼ਿਆਦਾਤਰ ਲੋਕਾਂ ਨੂੰ ਮਿਲ ਰਿਹਾ ਸੀ। ਮੈਂ ਕੰਮ ਕਰਨ ਅਤੇ ਬਚਾਉਣ ਲਈ ਬੇਤਾਬ ਸੀ ਕਿਉਂਕਿ ਮੈਨੂੰ ਭਾਰਤ ਵਿੱਚ ਆਪਣੇ ਮਾਤਾ-ਪਿਤਾ, ਮੇਰੀ ਭੈਣ ਅਤੇ ਭਤੀਜੀਆਂ ਦਾ ਸਮਰਥਨ ਕਰਨਾ ਹੈ।"

ਕਾਮਿਆਂ ਨੂੰ ਫੈਸ਼ਨ-ਵਰਕਰਜ਼ ਐਡਵਾਈਸ ਬਿਊਰੋ ਲੈਸਟਰ (ਫੈਬ-ਐੱਲ) ਦੁਆਰਾ ਸਮਰਥਨ ਹਾਸਿਲ ਹੈ, ਜਿਸ ਨੂੰ ਕਿ ਰਿਟੇਲ ਬ੍ਰਾਂਡਾਂ ਦੁਆਰਾ ਫੰਡ ਕੀਤਾ ਜਾਂਦਾ ਹੈ।

ਇਹ ਬ੍ਰਾਂਡ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਉਨ੍ਹਾਂ ਦੇ ਕੱਪੜੇ ਬਣਾਉਣ ਵਾਲੀਆਂ ਫੈਕਟਰੀਆਂ ਫੈਬ-ਐੱਲ ਨੂੰ ਕੰਮ ਵਾਲੀਆਂ ਥਾਵਾਂ 'ਤੇ ਜਾਣ ਅਤੇ ਕਰਮਚਾਰੀਆਂ ਦੀ ਸਹਾਇਤਾ ਲਈ ਆਗਿਆ ਦੇਣ।

ਫੈਬ-ਐੱਲ ਤੋਂ ਤਾਰੇਕ ਇਸਲਾਮ ਦਾ ਕਹਿਣਾ ਹੈ ਕਿ ਇਹ ਸਮੂਹ ਸ਼ੋਸ਼ਿਤ ਗਾਰਮੈਂਟ ਵਰਕਰਾਂ ਦੀ ਮਦਦ ਕਰਦਾ ਹੈ ਜੋ ਅਕਸਰ ਮਾੜੀ ਅੰਗਰੇਜ਼ੀ ਭਾਸ਼ਾ ਦੇ ਹੁਨਰ ਕਾਰਨ ਸੰਘਰਸ਼ ਕਰਦੇ ਹਨ। ਤਾਰੇਕ ਦਾ ਕਹਿਣਾ ਹੈ ਕਿ ਲੀਸਟਰ ਦੇ ਗਾਰਮੈਂਟ ਵਰਕਰ ਕਈ ਵਾਰ ਇੰਨੀ ਘੱਟ ਤਨਖਾਹ ਸਵੀਕਾਰ ਕਰ ਲੈਂਦੇ ਹਨ ਕਿਉਂਕਿ ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਜੇਕਰ ਭੁਗਤਾਨ ਕੀਤੇ ਜਾਣ ਵਾਲੇ ਕੰਮ ਲਈ ਕਾਰਵਾਈ ਨਹੀਂ ਕਰਦੇ ਤਾਂ ਉਹ ਯੂਨੀਵਰਸਲ ਕ੍ਰੈਡਿਟ ਗੁਆ ਦੇਣਗੇ।

ਤਾਰੇਕ ਨੇ ਅੱਗੇ ਕਿਹਾ, ਰੁਜ਼ਗਾਰਦਾਤਾ ਵਰਕਰਾਂ ਨੂੰ ਇਹ ਵੀ ਯਕੀਨ ਦਿਵਾਉਂਦੇ ਹਨ ਕਿ ਉਹ ਉਨ੍ਹਾਂ ਨੂੰ ਘੱਟੋ-ਘੱਟ ਉਜਰਤ ਵਾਲੀਆਂ ਨੌਕਰੀਆਂ ਲੱਭਣ ਦਾ ਤਜਰਬਾ ਦੇ ਕੇ ਉਨ੍ਹਾਂ 'ਤੇ 'ਇੱਕ ਅਹਿਸਾਨ' ਕਰ ਰਹੇ ਹਨ।

ਤਾਰੇਕ ਦਾ ਕਹਿਣਾ ਹੈ ਕਿ ਕੁਝ ਫਰਮਾਂ ਬਿਨਾਂ ਭੁਗਤਾਨ ਕੀਤੇ ਘੰਟਿਆਂ ਜਾਂ ਨਕਦ ਰਿਫੰਡ ਦੀ ਮੰਗ ਕਰਦੀਆਂ ਹਨ, ਇਸ ਲਈ ਉਨ੍ਹਾਂ ਦੇ ਆਡਿਟ ਵਿੱਚ 'ਪੂਰੀ ਤਨਖਾਹ' ਦੇ ਭੁਗਤਾਨ ਦਾ ਰਿਕਾਰਡ ਰੱਖਿਆ ਜਾਂਦਾ ਹੈ।

ਤਾਰੇਕ ਕਹਿੰਦੇ ਹਨ, "ਉਹ (ਰੁਜ਼ਗਾਰਦਾਤਾ)18 ਘੰਟਿਆਂ ਲਈ ਪੇਸਲਿਪ ਬਣਾ ਸਕਦੇ ਹਨ, ਇਸ ਲਈ ਸਿਸਟਮ 'ਤੇ ਲੋਕਾਂ ਨੂੰ 18 ਘੰਟਿਆਂ ਲਈ ਭੁਗਤਾਨ ਮਿਲ ਰਿਹਾ ਹੈ, ਪਰ ਉਹ ਉਨ੍ਹਾਂ ਤੋਂ 36 ਘੰਟਿਆਂ ਲਈ ਕੰਮ ਕਰਵਾਉਂਦੇ ਹਨ।" "ਇਸ ਲਈ ਜਦੋਂ ਤੁਸੀਂ ਕਾਗ਼ਜ਼ੀ ਕਾਰਵਾਈ ਦੇਖਦੇ ਹੋ ਤਾਂ ਸਭ ਕੁਝ ਠੀਕ ਜਾਪਦਾ ਹੈ। ਇੱਕ ਹੋਰ ਚੀਜ਼ ਜੋ ਉਹ ਕਰਦੇ ਹਨ, ਉਹ ਇਹ ਕਹਿਣਗੇ, 'ਮੈਂ ਤੁਹਾਡੇ ਖਾਤੇ ਵਿੱਚ ਪੂਰੀ ਤਨਖਾਹ ਦਾ ਭੁਗਤਾਨ ਕਰਾਂਗਾ, ਇਸ ਲਈ ਕਾਗਜ਼ 'ਤੇ ਅਸੀਂ ਸਾਰੇ ਆਡਿਟ ਪਾਸ ਕਰ ਸਕਦੇ ਹਾਂ, ਹਾਲਾਂਕਿ ਅਸੀਂ ਸਿਰਫ 5 ਜਾਂ 6 ਪੌਂਡ ਦੇਣ ਲਈ ਰਾਜ਼ੀ ਹੋਏ ਹਾਂ, ਇਸ ਕਰਕੇ ਵਾਧੂ ਪੈਸੇ ਤੁਹਾਨੂੰ ਮੈਨੂੰ ਵਾਪਸ ਦੇਣੇ ਪੈਣਗੇ।"

## ਕੋਵਿਡ ਦੌਰਾਨ ਸ਼ੋਸ਼ਣ ਦੀ ਗੱਲ ਸਾਹਮਣੇ ਆਈ

ਤਾਰੇਕ ਦਾ ਕਹਿਣਾ ਹੈ ਕਿ ਉਦਯੋਗ ਵਿੱਚ ਸ਼ੋਸ਼ਣ 'ਪੂਰਨ ਆਦਰਸ਼' ਰਿਹਾ ਹੈ। ਹਾਲਾਂਕਿ, ਉਹ ਅੱਗੇ ਕਹਿੰਦੇ ਹਨ, "ਕਿਉਂਕਿ ਬ੍ਰਾਂਡਾਂ ਨੇ ਆਪਣੀ ਆਡਿਟਿੰਗ ਪ੍ਰਕਿਰਿਆ ਨੂੰ ਵਧਾ ਦਿੱਤਾ ਹੈ ਅਤੇ ਸਖ਼ਤ ਹੋ ਗਏ ਹਨ, ਜਿਨ੍ਹਾਂ ਕਰਮਚਾਰੀਆਂ ਨਾਲ ਅਸੀਂ ਗੱਲ ਕੀਤੀ ਹੈ ਉਨ੍ਹਾਂ ਨੇ ਜ਼ਿਆਦਾਤਰ ਕਿਹਾ ਹੈ ਕਿ ਉਨ੍ਹਾਂ ਨੂੰ ਘੱਟੋ ਘੱਟ ਉਜਰਤ ਦਾ ਭੁਗਤਾਨ ਕੀਤਾ ਜਾ ਰਿਹਾ ਹੈ।" ਤਾਰੇਕ ਦਾ ਕਹਿਣਾ ਹੈ ਕਿ ਫੈਬ-ਐੱਲ ਨੇ 2022 ਦੇ ਅਰੰਭ ਵਿੱਚ ਆਪਣੀ ਸ਼ੁਰੂਆਤ ਤੋਂ ਬਾਅਦ 90 ਗਾਰਮੈਂਟ ਵਰਕਰਾਂ ਦੀ ਕੁੱਲ 1,80,000 ਪੌਂਡ ਬਕਾਇਆ ਭੁਗਤਾਨ ਵਸੂਲਣ ਵਿੱਚ ਮਦਦ ਕੀਤੀ। ਪਰ ਉਨ੍ਹਾਂ ਦਾ ਮੰਨਣਾ ਹੈ ਕਿ ਇਹ ਆਈਸਬਰਗ ਦਾ ਸਿਰਾ ਹੈ।

ਤਾਰੇਕ ਦਾ ਕਹਿਣਾ ਹੈ ਕਿ ਇੱਕ ਔਰਤ ਤਾਂ ਇਹ ਦੱਸਦੇ ਹੋਏ ਰੋ ਹੀ ਪਈ ਕਿ ਉਸ ਦਾ 5,000 ਪੌਂਡ ਦਾ ਬਕਾਇਆ ਸੀ ਅਤੇ ਉਹ ਆਪਣੇ ਪਤੀ ਨੂੰ ਇਹ ਦੱਸਣ ਤੋਂ ਵੀ ਡਰਦੀ ਸੀ ਕਿ ਕਿਤੇ ਉਹ ਉਸ 'ਤੇ ਉਸ ਨੂੰ ਖਰਚਣ ਦਾ ਇਲਜ਼ਾਮ ਨਾ ਲਗਾ ਦੇਵੇ। ਤਾਰੇਕ ਨੂੰ ਪਤਾ ਲੱਗਾ ਕਿ ਉਸ ਦੀ ਫੈਕਟਰੀ ਨੇ ਤਿੰਨ ਮਹੀਨਿਆਂ ਤੋਂ 60 ਮਜ਼ਦੂਰਾਂ ਨੂੰ ਤਨਖਾਹ ਨਹੀਂ ਦਿੱਤੀ ਸੀ। ਫਿਰ ਇਹ ਸਾਹਮਣੇ ਆਇਆ ਕਿ ਫੈਕਟਰੀ ਵੀ ਦੇਰੀ ਨਾਲ ਭੁਗਤਾਨ ਦੀ ਉਡੀਕ ਕਰ ਰਹੀ ਸੀ, ਅਤੇ ਫੈਬ-ਐੱਲ ਨੇ ਹਰ ਕਿਸੇ ਨੂੰ ਉਨ੍ਹਾਂ ਦੇ ਪੈਸੇ ਵਾਪਸ ਲੈਣ ਵਿੱਚ ਮਦਦ ਕੀਤੀ।

ਤਾਰੇਕ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪਹਿਲਾਂ ਕੱਪੜਿਆਂ ਦੇ ਕਾਰੋਬਾਰਾਂ ਨੂੰ ਉਨ੍ਹਾਂ ਦੁਆਰਾ ਸਪਲਾਈ ਕੀਤੇ ਗਏ ਫੈਸ਼ਨ ਬ੍ਰਾਂਡਾਂ ਨਾਲ ਸ਼ਿਕਾਇਤਾਂ 'ਵਿਚੋਲਗੀ' ਦੀ ਭੂਮਿਕਾ ਦੀ ਪੇਸ਼ਕਸ਼ ਕਰਕੇ ਭੁਗਤਾਨ ਕਰਨ ਲਈ ਰਾਜ਼ੀ ਕੀਤਾ। ਉਨ੍ਹਾਂ ਮੁਤਾਬਕ, "ਜਿਵੇਂ ਹੀ ਮੈਂ ਕਹਿੰਦਾ ਹਾਂ, 'ਕੀ ਤੁਸੀਂ ਚਾਹੁੰਦੇ ਹੋ ਕਿ ਮੈਂ ਇਸ ਨੂੰ ਬ੍ਰਾਂਡ ਦੇ ਨਾਮ ਨਾਲ ਚੁੱਕਾਂ?' ਉਹ ਕਹਿੰਦੇ ਹਨ 'ਸ਼ਾਇਦ ਅਸੀਂ ਇਸ ਨੂੰ ਆਪਸ ਵਿੱਚ ਸੁਲਝਾ ਸਕਦੇ ਹਾਂ'।"

ਫੈਬ-ਐੱਲ ਨੂੰ ਅੱਠ ਬ੍ਰਾਂਡਾਂ ਜਿਨ੍ਹਾਂ ਵਿੱਚ ਆਸੋਸ, ਰਿਵਰ ਆਈਲੈਂਡ ਅਤੇ ਨੈਕਸਟ ਅਤੇ ਦੋ ਟਰੇਡ ਯੂਨੀਅਨਾਂ ਸਣੇ ਫੰਡਿਤ ਕੀਤਾ ਗਿਆ ਹੈ। ਸਮੂਹ ਦੀ ਸਥਾਪਨਾ ਮਹਾਂਮਾਰੀ ਦੇ ਦੌਰਾਨ ਲੀਸਟਰ ਦੀ ਕਪੜੇ ਸਪਲਾਈ ਲੜੀ ਵਿੱਚ ਸ਼ੋਸ਼ਣ ਬਾਰੇ ਘਿਨਾਉਣੀਆਂ ਸੁਰਖ਼ੀਆਂ ਦੇ ਜਵਾਬ ਵਜੋਂ ਹੋਈ ਸੀ। ਮਹੱਤਵਪੂਰਨ ਮੋੜ ਉਦੋਂ ਆਇਆ ਜਦੋਂ ਬੈਰਿਸਟਰ ਐਲੀਸਨ ਲੇਵਿਟ ਨੇ ਔਨਲਾਈਨ ਫੈਸ਼ਨ ਰਿਟੇਲਰ, ਬੂਹੂ ਦੀ ਸਪਲਾਈ ਕਰਨ ਵਾਲੀਆਂ ਫੈਕਟਰੀਆਂ ਬਾਰੇ ਇੱਕ ਤਿੱਖੀ ਰਿਪੋਰਟ ਪ੍ਰਕਾਸ਼ਿਤ ਕੀਤੀ।

ਤਾਰੇਕ ਦਾ ਕਹਿਣਾ ਹੈ ਕਿ ਯੂਕੇ ਦੇ ਫੈਸ਼ਨ ਬ੍ਰਾਂਡ ਹੁਣ 'ਨਾਮਵਰ ਹੋਣ ਦੀ ਕੋਸ਼ਿਸ਼ ਕਰ ਰਹੇ ਹਨ', ਅਤੇ ਹੁਣ ਲੀਸਟਰ ਵਿੱਚ ਅਜੇ ਵੀ ਕੰਮ ਕਰਦੇ ਜ਼ਿਆਦਾਤਰ ਗਾਰਮੈਂਟ ਵਰਕਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੈਸ਼ਨਲ ਲਿਵਿੰਗ ਵੇਜ ਮਿਲ ਰਿਹਾ ਹੈ। ਪਰ ਬਹੁਤ ਸਾਰੇ ਕਾਮਿਆਂ ਨੇ ਆਪਣੀਆਂ ਨੌਕਰੀਆਂ ਗੁਆ ਦਿੱਤੀਆਂ ਹਨ ਕਿਉਂਕਿ ਕੁਝ ਸਪਲਾਇਰਾਂ ਨੇ ਠੇਕੇ ਨੂੰ ਵਿਦੇਸ਼ਾਂ ਵਿੱਚ ਤਬਦੀਲ ਕਰ ਦਿੱਤਾ ਹੈ। ਕਈ ਅਨੁਮਾਨਾਂ ਤੋਂ ਪਤਾ ਲੱਗਦਾ ਹੈ ਕਿ ਲੀਸਟਰ ਦੇ ਕਈ ਕੱਪੜਾ ਕਾਰਖ਼ਾਨੇ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਬੰਦ ਹੋ ਹਏ ਸਨ। ਲਿਬਾਸ ਅਤੇ ਟੈਕਸਟਾਈਲ ਮੈਨੂਫੈਕਚਰ ਫੈਡਰੇਸ਼ਨ ਦਾ ਮੰਨਣਾ ਹੈ ਕਿ ਪੰਜ ਸਾਲ ਪਹਿਲਾਂ ਲਗਭਗ 700 ਕਾਰਖਾਨੇ ਚੱਲ ਰਹੇ ਸਨ, ਜਦਕਿ ਹੁਣ ਸਿਰਫ 60 ਤੋਂ 100 ਹਨ। ਲੀਸਟਰਸ਼ਾਇਰ ਦੀ ਟੈਕਸਟਾਈਲ ਮੈਨੂਫੈਕਚਰਰ ਐਸੋਸੀਏਸ਼ਨ ਤੋਂ ਸਈਦ ਖਿਲਜੀ ਦਾ ਮੰਨਣਾ ਹੈ ਕਿ ਸ਼ਹਿਰ ਵਿੱਚ ਹੋਏ ਘਪਲੇ ਨੇ ਕੱਪੜੇ ਦੇ ਜਾਇਜ਼ ਕਾਰੋਬਾਰਾਂ ਨੂੰ 'ਵੱਡਾ ਨੁਕਸਾਨ' ਪਹੁੰਚਾਇਆ ਹੈ ਜੋ ਪਹਿਲਾਂ ਤੋਂ ਹੀ ਮੁਨਾਫ਼ਾ ਕਮਾਉਣ ਲਈ ਸੰਘਰਸ਼ ਕਰ ਰਹੇ ਸਨ।

ਉਨ੍ਹਾਂ ਦਾ ਕਹਿਣਾ ਹੈ ਕਿ ਬਹੁਤ ਸਾਰੇ ਰਿਟੇਲਰਾਂ ਨੂੰ ਲੀਸਟਰ ਵਿੱਚ ਉਤਪਾਦਨ ਤੋਂ ਪਰਹੇਜ਼ ਕੀਤਾ। ਮਹਾਂਮਾਰੀ ਨੇ ਔਨਲਾਈਨ ਖਰੀਦਦਾਰੀ ਵਿੱਚ ਵੀ ਵਾਧਾ ਕੀਤਾ।

ਇੱਕ ਹੋਰ ਨਿਰਮਾਤਾ, ਅਲਕੇਸ਼ ਕਪਾਡੀਆ ਦਾ ਮੰਨਣਾ ਹੈ ਕਿ ਇਹ ਲੀਸਟਰ ਦੇ ਕਾਰੋਬਾਰੀ ਮਾਡਲ ਲਈ ਇੱਕ ਹੋਰ ਵੀ ਗੰਭੀਰ ਝਟਕਾ ਸੀ। ਉਹ ਕਹਿੰਦੇ ਹਨ ਕਿ ਪਿਛਲਾ ਮਾਡਲ ਦੇਸ਼ ਭਰ ਵਿੱਚ ਆਪਣੇ ਸਟੋਰਾਂ ਨੂੰ ਭਰਨ ਲਈ ਹਰੇਕ ਡਿਜ਼ਾਈਨ ਦੀ ਵੱਡੀ ਮਾਤਰਾ ਵਿੱਚ ਆਰਡਰ ਦੇਣ ਵਾਲੇ ਰਿਟੇਲਰਾਂ 'ਤੇ ਨਿਰਭਰ ਕਰਦਾ ਸੀ, ਜਦਕਿ ਆਨਲਾਈਨ ਬ੍ਰਾਂਡਾਂ ਨੂੰ ਹਰੇਕ ਡਿਜ਼ਾਈਨ ਦੀ ਬਹੁਤ ਘੱਟ ਮਾਤਰਾ ਦੀ ਲੋੜ ਹੁੰਦੀ ਹੈ। ਅਲਕੇਸ਼ ਆਪਣੇ ਲੀਸਟਰ ਕਾਰਖਾਨਿਆਂ ਤੋਂ ਅਮਰੀਕਾ, ਕੈਨੇਡਾ ਅਤੇ ਭਾਰਤ ਵਰਗੇ ਦੂਰ-ਦਰਾਡੇ ਦੇ ਦੇਸ਼ਾਂ ਵਿੱਚ ਤੱਕ ਕੱਪੜੇ ਬਰਾਮਦ ਕਰਦਾ ਸੀ। ਪਰ ਉਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਪਿਛਲੇ 12 ਤੋਂ 18 ਮਹੀਨਿਆਂ ਵਿੱਚ 2.5 ਮਿਲੀਅਨ ਪੌਂਡ ਦਾ ਨੁਕਸਾਨ ਹੋਇਆ ਹੈ ਕਿਉਂਕਿ ਪ੍ਰਚੂਨ ਵਿਕਰੇਤਾਵਾਂ ਨੇ ਅਜਿਹੇ ਸਮੇਂ ਵਿੱਚ ਲਗਾਤਾਰ ਘੱਟ ਕੀਮਤਾਂ ਦੀ ਮੰਗ ਕੀਤੀ ਹੈ ਜਦਕਿ ਲਾਗਤ ਵਧ ਗਈ ਹੈ। ਹੁਣ ਉਨ੍ਹਾਂ ਦੀ ਕੰਪਨੀ ਨੇ ਉਤਪਾਦਨ ਨੂੰ ਮੋਰੱਕੋ, ਤੁਰਕੀ ਅਤੇ ਟਿਊਨੀਸ਼ੀਆ ਦੀਆਂ ਫੈਕਟਰੀਆਂ ਵਿੱਚ ਭੇਜ ਦਿੱਤਾ ਹੈ, ਜਿੱਥੇ ਨਿਰਮਾਣ ਸਸਤਾ ਹੈ। ਉਹ ਆਖਦੇ ਹਨ, "ਫੈਸ਼ਨ ਮੇਰਾ ਜਨੂੰਨ ਸੀ। ਮੇਰਾ ਸਰਨੇਮ ਕਪਾਡੀਆ ਹੈ। ਕਪਾਡੀਆ ਦਾ ਮਤਲਬ ਹੀ ਫੈਬਰਿਕ ਯਾਨਿ ਕੱਪੜਾ ਹੈ।"

" ਅਸੀਂ 200 ਸਾਲਾਂ ਤੋਂ ਫੈਬਰਿਕ ਬਣਾਉਂਦੇ ਸੀ। ਉੱਥੇ ਮੇਰੇ ਪਿਤਾ ਜੀ ਬਹੁਤ ਪਰੇਸ਼ਾਨ ਹੁੰਦੇ ਜੇ ਮੈਂ ਇਹ ਕਾਰੋਬਾਰ ਬੰਦ ਕਰ ਦਿੰਦਾ।" ਇਸ ਦੌਰਾਨ, ਸਈਦ ਨੇ ਆਪਣੇ ਕੱਪੜੇ ਬਣਾਉਣ ਲਈ ਲੀਸਟਰ ਦੀਆਂ ਛੇ ਫੈਕਟਰੀਆਂ ਦੀ ਵਰਤੋਂ ਕੀਤੀ, ਪਰ ਹੁਣ ਉਹ ਕਹਿੰਦੇ ਹਨ ਕਿ ਉਹ ਸਿਰਫ ਆਯਾਤ-ਨਿਰਯਾਤ ਦਾ ਕਾਰੋਬਾਰ ਚਲਾਉਂਦੇ ਹਨ ਕਿਉਂਕਿ ਯੂਕੇ ਵਿੱਚ ਇਸ ਦਾ ਖਰਚਾ ਚੁਕਣਾ ਅਸੰਭਵ ਹੈ। ਉਹ ਕਹਿੰਦੇ ਹਨ, "ਫੈਕਟਰੀ ਮਾਲਕ ਹੋਣ ਦੇ ਨਾਤੇ, ਅਸੀਂ ਨਾ ਸਿਰਫ਼ ਘੱਟੋ-ਘੱਟ ਉਜਰਤ ਦਿੰਦੇ ਹਾਂ। ਬਲਕਿ ਰਾਸ਼ਟਰੀ ਬੀਮਾ, ਕਿਰਾਇਆ, ਬਿਜਲੀ ਦਾ ਬਿੱਲ ਵੀ ਹੈ। ਕੁਝ ਵੀ ਘਟਿਆ ਨਹੀਂ ਹੈ।" ਉਹ ਦੱਸਦੇ ਹਨ ਕਿ ਤਬਦੀਲੀ ਲਈ ਉਤਪ੍ਰੇਰਕ ਦੋ-ਗੁਣਾ ਸੀ। ਸਈਦ ਅੱਗੇ ਦੱਸਦੇ ਹਨ, "ਮੁੱਖ ਤੌਰ 'ਤੇ ਕੀਮਤ ਦਾ ਮੁੱਦਾ। ਰਹਿਣ-ਸਹਿਣ ਦੀਆਂ ਲਾਗਤਾਂ ਵਧ ਰਹੀਆਂ ਸਨ ਪਰ ਪ੍ਰਚੂਨ ਵਿਕਰੇਤਾ ਕੀਮਤ ਦਾ ਭੁਗਤਾਨ ਨਹੀਂ ਕਰਨਾ ਚਾਹੁੰਦੇ ਸਨ ਅਤੇ ਦੂਜਾ, ਸਾਡੇ ਕੋਲ ਲੀਸਟਰ ਵਿੱਚ ਸਵੈਟਸ਼ੋਪ ਦੀਆਂ ਦੁਕਾਨਾਂ ਸਨ।" "ਪਰ 95 ਫੀਸਦ ਫੈਕਟਰੀਆਂ ਚੰਗੀਆਂ ਸਨ ਪਰ ਸੰਘਰਸ਼ ਕਰ ਰਹੀਆਂ ਸਨ ਕਿਉਂਕਿ ਸਾਨੂੰ 5 ਫੀਸਦ ਕਰ ਕੇ ਬੁਰਾ ਨਾਮ ਮਿਲਿਆ।" ਨੌਟਿੰਘਮ ਰੋਡ 'ਤੇ ਸਥਿਤ ਸਈਦ ਦੀ ਫੈਕਟਰੀ ਕੋਵਿਡ ਦੌਰਾਨ ਆਰਡਰ ਰੱਦ ਹੋਣ ਤੋਂ ਬਾਅਦ ਕਦੇ ਵੀ ਦੁਬਾਰਾ ਨਹੀਂ ਖੁੱਲ੍ਹੀ। ਉਹ ਦੱਸਦੇ ਹਨ, "ਅਸੀਂ ਸਾਰੇ ਆਰਡਰ ਰੋਕ ਦਿੱਤੇ ਸੀ। ਸਾਡੇ ਕੱਪੜੇ ਜੋ ਸਾਡੇ ਕੋਲ ਸਨ, ਅਸੀਂ ਇਸ ਦੀ ਵਰਤੋਂ ਨਹੀਂ ਕਰ ਸਕਦੇ। ਰਿਟੇਲਰਾਂ ਨੇ ਆਰਡਰ ਰੱਦ ਕਰ ਦਿੱਤੇ ਕਿਉਂਕਿ ਉਹ ਵੇਚ ਨਹੀਂ ਸਕਦੇ। ਜਦੋਂ ਉਨ੍ਹਾਂ ਨੇ ਰੱਦ ਕੀਤਾ, ਤਾਂ ਉਨ੍ਹਾਂ ਨੇ ਸਾਨੂੰ ਭੁਗਤਾਨ ਨਹੀਂ ਕੀਤਾ।" ਉਹ ਕਹਿੰਦੇ ਹਨ ਕਿ ਉਨ੍ਹਾਂ ਕੋਲ ਸਟਾਕ ਬਚਿਆ ਹੈ, ਜਿਸ ਨੂੰ ਵੇਚ ਨਹੀਂ ਸਕਦੇ ਅਤੇ ਦਾਨ ਵਿੱਚ ਦੇ ਦੇਣਗੇ। ਸਈਦ ਆਖਦੇ ਹਨ ਕਿ ਉਹ ਲੀਸਟਰ ਵਿੱਚ ਕੱਪੜੇ ਦੇ ਉਤਪਾਦਨ ਲਈ 'ਕੋਈ ਭਵਿੱਖ ਨਜ਼ਰ ਨਹੀਂ ਆਉਂਦਾ' ਅਤੇ ਅਲਕੇਸ਼ ਵੀ ਇਸ ਨਾਲ ਸਹਿਮਤ ਹਨ।

ਅਲਕੇਸ਼ ਕਹਿੰਦੇ ਹਨ, "ਸਾਨੂੰ ਲੱਗਦਾ ਹੈ ਕਿ ਜੇਕਰ ਤੁਸੀਂ ਅਜੇ ਕੁਝ ਨਹੀਂ ਕਰਦੇ ਤਾਂ ਲੀਸਟਰ ਖ਼ਤਮ ਹੋ ਜਾਵੇਗਾ। ਅਗਰ ਤੁਸੀਂ ਅਜੇ ਕੁਝ ਕਰਦੇ ਵੀ ਹੋ ਤਾਂ ਇਸ ਉਦਯੋਗ ਨੂੰ ਬਚਾਉਣਾ ਮੁਸ਼ਕਲ ਹੈ।" ਅਲਕੇਸ਼ ਅਤੇ ਸਈਦ ਅਜੇ ਵੀ ਲੀਸਟਰ ਵਿੱਚ ਰਹਿੰਦੇ ਹਨ, ਪਰ ਦੋਵਾਂ ਨੇ ਗਾਹਕਾਂ ਨੂੰ ਸਿੱਧੇ ਆਯਾਤ ਕੱਪੜੇ ਵੇਚਣ ਲਈ ਆਪਣੇ ਖੁਦ ਦੇ ਆਨਲਾਈਨ ਰਿਟੇਲ ਬ੍ਰਾਂਡ ਸਥਾਪਤ ਕੀਤੇ ਹਨ।

ਹਾਲਾਂਕਿ, ਗ਼ੈਰ-ਮੁਨਾਫ਼ਾ ਸੰਗਠਨ ਲੇਬਰ ਬਿਹਾਈਂਡ ਦਿ ਲੇਬਲ ਹੁਣ ਸ਼ਹਿਰ ਦੇ ਬਿਮਾਰ ਨਿਰਮਾਣ ਉਦਯੋਗ ਨੂੰ ਸਮਰਥਨ ਦੇਣ ਲਈ ਫੈਸ਼ਨ ਬ੍ਰਾਂਡਾਂ ਲਈ ਮੁਹਿੰਮ ਚਲਾ ਰਿਹਾ ਹੈ। ਇਹ ਚਾਹੁੰਦਾ ਹੈ ਕਿ ਬ੍ਰਾਂਡ ਆਪਣੇ ਉਤਪਾਦਾਂ ਦਾ ਘੱਟੋ-ਘੱਟ ਇੱਕ ਫੀਸਦ ਲੀਸਟਰ ਦੀਆਂ ਫੈਕਟਰੀਆਂ ਤੋਂ ਆਰਡਰ ਕਰਨ ਲਈ ਵਚਨਬੱਧ ਹੋਣ।

ਫੈਬ-ਐੱਲ ਤੋਂ ਤਾਰੇਕ ਦਾ ਕਹਿਣਾ ਹੈ ਕਿ ਬ੍ਰਾਂਡਾਂ ਨੂੰ ਵੀ ਵਿਦੇਸ਼ਾਂ ਵਿੱਚ ਵਧੇਰੇ ਗੰਭੀਰ ਸ਼ੋਸ਼ਣ 'ਤੇ ਵਿਚਾਰ ਕਰਨ ਦੀ ਲੋੜ ਹੈ। ਉਹ ਆਖਦੇ ਹਨ, "ਕਲਪਨਾ ਕਰੋ ਕਿ ਉੱਥੇ ਕੀ ਸ਼ੋਸ਼ਣ ਹੋ ਰਿਹਾ ਹੈ। ਬਾਲ ਮਜ਼ਦੂਰੀ!" ਫੈਕਟਰੀਆਂ ਵਿੱਚ ਟਰੇਡ ਯੂਨੀਅਨਾਂ ਦਾ ਕਤਲ ਕੀਤਾ ਜਾ ਰਿਹਾ ਹੈ।

"ਯੂਕੇ ਵਿੱਚ ਉਤਪਾਦਨ ਕਰਨ ਵਾਲਾ ਇੱਕ ਬ੍ਰਾਂਡ, ਭਾਵੇਂ ਉਨ੍ਹਾਂ ਦੀ ਲੜੀ ਵਿੱਚ ਸ਼ੋਸ਼ਣ ਹੋਵੇ, ਯੂਕੇ ਤੋਂ ਬਾਹਰ ਉਤਪਾਦਨ ਕਰਨ ਵਾਲੇ ਬ੍ਰਾਂਡ ਨਾਲੋਂ ਬਿਹਤਰ ਹੈ।"

ਸ਼ਹਿਰ ਦੀ ਡੀ ਮੋਂਟਫੋਰਟ ਯੂਨੀਵਰਸਿਟੀ ਤੋਂ ਪ੍ਰੋ. ਰੇਚਲ ਗ੍ਰੇਂਜਰ, ਇੱਕ ਉਦਯੋਗ ਮਾਹਰ ਹੈ।

ਉਨ੍ਹਾਂ ਦਾ ਮੰਨਣਾ ਹੈ ਕਿ ਲੀਸਟਰ ਦਾ ਕੱਪੜਾ ਉਦਯੋਗ ਤਾਂ ਹੀ ਬਚੇਗਾ ਜੇਕਰ ਨਵੀਂ ਰੋਬੋਟ ਤਕਨਾਲੋਜੀ ਵਿੱਚ ਮਹੱਤਵਪੂਰਨ ਨਿਵੇਸ਼ ਹੋਵੇਗਾ ਅਤੇ ਗੁਣਵੱਤਾ 'ਤੇ ਧਿਆਨ ਦਿੱਤਾ ਜਾਵੇਗਾ।

ਉਹ ਕਹਿੰਦੀ ਹੈ, "ਜਰਮਨੀ ਵਿੱਚ ਇੱਕ ਦਹਾਕੇ ਪਹਿਲਾਂ ਵੀ ਇਹੀ ਸਮੱਸਿਆ ਸੀ ਅਤੇ ਉਸ ਨੇ ਰੋਬੋਟ ਵਿੱਚ ਨਿਵੇਸ਼ ਕੀਤਾ ਸੀ।"

"ਨਿਵੇਸ਼ ਕਰਨ ਲਈ ਸਿਰਫ਼ ਸਰੋਤ ਹੀ ਨਹੀਂ ਹਨ, ਇਹ ਸਮੱਸਿਆ ਦੀ ਜੜ੍ਹ ਹੈ।"

# ਸਤੰਬਰ ਪਾਰਲੀਮੈਂਟ ਸ਼ੈਸ਼ਨ ਤੋਂ ਪਹਿਲਾਂ ਟਰੂਡੋ ਦੀ ਲੋਕਪ੍ਰਿਅਤਾ ਘਟੀ

ਸਰੀ, (ਏਕਜੋਤ ਸਿੰਘ): ਹਾਊਸ ਆਫ ਕਾਮਨਜ਼ ਦੇ ਸਤੰਬਰ ਸੈਸ਼ਨ ਤੋਂ ਪਹਿਲਾਂ ਨਵੇਂ ਸਰਵੇ ਦੇ ਮੁਤਾਬਕ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਉਸ ਦੀ ਲਿਬਰਲ ਸਰਕਾਰ ਦੀ ਲੋਕਪ੍ਰਿਅਤਾ ਕਾਫੀ ਹੇਠਾ ਆ ਗਈ ਹੈ।

ਆਈਪਸੋਸ ਦੁਆਰਾ ਖਾਸ ਤੌਰ ‘ਤੇ ਕਰਵਾਏ ਗਏ ਸਰਵੇ ਵਿੱਚ ਦਿਖਾਇਆ ਗਿਆ ਹੈ ਕਿ ਸਿਰਫ ਤਿੰਨ ਵਿਚੋਂ ਇੱਕ ਕੈਨੇਡੀਅਨ (33 ਪ੍ਰਤੀਸ਼ਤ) ਟਰੂਡੋ ਸਰਕਾਰ ਦੀ ਮੰਜ਼ੂਰੀ ਦੇ ਰਹੇ ਹਨ ਜੋ ਜੂਨ ਵਿੱਚ ਪਿਛਲੇ ਸਰਵੇ ਤੋਂ ਚਾਰ ਅੰਕ ਘਟ ਗਿਆ ਹੈ।



ਇਸ ਦੌਰਾਨ, ਕੰਜ਼ਰਵੇਟਿਵ ਨੇਤਾ ਪੀਅਰ ਪੌਲੀਐਵ, ਜੋ ਇੱਕ ਸਾਲ ਤੋਂ ਵੱਧ ਸਮੇਂ ਲਈ ਸਰਵੇ ਵਿੱਚ ਅੱਗੇ ਹਨ, 45 ਪ੍ਰਤੀਸ਼ਤ ਕੈਨੇਡੀਅਨ ਦੁਆਰਾ ਤਰਜੀਹ ਦਿੱਤੀ ਗਈ, ਜੋ ਕਹਿੰਦੇ ਹਨ ਕਿ ਉਹ “ਸਭ ਤੋਂ ਚੰਗੇ ਪ੍ਰਾਈਮ ਮਿਨਿਸਟਰ” ਬਣਨਗੇ।

ਉਨ੍ਹਾਂ ਦੇ ਮੌਜੂਦਾ ਲੀਡਰ ਲਈ ਫਿਰ ਵੀ ਘੱਟ ਕੈਨੇਡੀਅਨ ਹਨ, ਸਿਰਫ 26 ਪ੍ਰਤੀਸ਼ਤ ਕਹਿੰਦੇ ਹਨ ਕਿ ਟਰੂਡੋ ਉਹਨਾਂ ਦਾ ਚੋਣ ਹੈ। ਨਿਊ ਡੈਮੋਕਰੇਟਿਕ ਪਾਰਟੀ ਦੇ ਨੇਤਾ ਜਗਮੀਤ ਸਿੰਘ ਵੀ ਨਜ਼ਦੀਕ ਹੀ ਹਨ ਉਨ੍ਹਾਂ ਨੂੰ 23 ਪ੍ਰਤੀਸ਼ਤ ਕੈਨੇਡੀਅਨ ਦਾ ਸਹਿਯੋਗ ਮਿਲ ਰਿਹਾ ਹੈ।

ਕਿਸੇ ਵੀ ਕੈਨੇਡੀਅਨ ਦੇ ਪੱਖੋਂ ਸਿਰਫ 6 ਪ੍ਰਤੀਸ਼ਤ ਨੇ ਬਲੌਕ ਕਿਊਬੇਕੋਆ ਨੇਤਾ ਯਵੈ-ਫ੍ਰਾਂਸਵਾ ਬਲਾਂਸ਼ੇਟ ਨੂੰ ਚੁਣਿਆ।

ਇਹ ਸਰਵੇਂ ਉਹ ਸਮਾਂ ਵੇਲੇ ਆਇਆ ਹੈ ਜਦੋਂ ਐਮਪੀਜ਼ ਹਾਊਸ ਆਫ ਕਾਮਨਜ਼ ਵਿੱਚ ਵਾਪਸ ਆ ਰਹੇ ਹਨ ਇੱਕ ਵੱਡੇ ਤਬਦੀਲੀ ਵਾਲੇ ਸਿਆਸੀ ਮਾਹੌਲ ਵਿੱਚ, ਖਾਸ ਤੌਰ ‘ਤੇ ਜਦੋਂ ਨਿਊ ਡੈਮੋਕਰੇਟਸ ਨੇ ਲਿਬਰਲਾਂ ਨਾਲ ਸਪਲਾਈ ਅਤੇ ਭਰੋਸਾ ਐਗਰੀਮੈਂਟ ਤੋੜ ਦਿੱਤਾ ਹੈ।

ਇਸ ਦੇ ਨਾਲ ਹੀ ਮਾਂਟਰੀਅਲ ਦੇ ਲਾਸਾਲ-ਐਮਾਰਡ-ਵਰਡਨ ਉਪਚੋਣ ਵਿੱਚ ਬਲੌਕ ਕਿਊਬੈਕ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇੱਕ ਹੋਰ ਵੱਡਾ ਝਟਕਾ ਲੱਗਾ ਹੈ। ਇਸ ਸੀਟ 'ਤੇ ਬਲਾਕ ਦੇ ਉਮੀਦਵਾਰ ਲੂਈ-ਫਿਲਿਪ ਸਾਵੇ ਨੇ ਬਹੁਤ ਘੱਟ ਵੋਟਾਂ ਨਾਲ ਲਿਬਰਲ ਉਮੀਦਵਾਰ ਲੌਰਾ ਪਲੇਸਤੀਨੀ ਨੂੰ ਹਰਾਇਆ। ਇਹ ਨਤੀਜਾ ਉਸ ਹਾਲਾਤਾਂ ਵਿੱਚ ਆਇਆ ਹੈ ਜਿੱਥੇ ਲਿਬਰਲ ਪਾਰਟੀ ਨੇ ਇਸ ਮਾਂਟਰੀਅਲ ਦੇ ਹਿੱਸੇ ਵਿਚ ਪਿਛਲੇ ਇੱਕ ਦਹਾਕੇ ਤੋਂ ਆਪਣੀ ਮਜ਼ਬੂਤ ਸਥਿਤੀ ‘ਚ ਸੀ। ਇਹ ਵੀ ਇੱਕ ਕਾਰਨ ਮੰਨਿਆ ਜਾ ਰਿਹਾ ਹੈ ਜਿਸ ਕਾਰਨ ਟਰੂਡੋ ਦੀ ਲੋਕਪ੍ਰਿਅਤਾਂ ਘਟੀ ਹੈ। This report was written by Ekjot Singh as part of the Local Journalism Initiative.

# ਦੁਪਿੰਦਰ ਕੌਰ ਸਰਾਂ ਨੇ ਸੂਬਾਈ ਚੋਣਾਂ ‘ਚ ਵਿੱਚ ਆਜ਼ਾਦ ਉਮੀਦਵਾਰ ਚੋਣ ਨਿੱਤਰ ਦਾ ਐਲਾਨ

ਸਰੀ, (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ ਵਿੱਚ 19 ਅਕਤੂਬਰ ਨੂੰ ਹੋਣ ਜਾ ਰਹੀਆਂ 43ਵੀਆਂ ਸੂਬਾਈ ਚੋਣਾਂ ਵਿੱਚ ਇਸ ਵਾਰ ਕਈ ਨਵੇਂ ਰੁਝਾਨ ਦੇਖਣ ਨੂੰ ਮਿਲ ਰਹੇ ਹਨ। ਇਨ੍ਹਾਂ ਵਿੱਚ ਸਭ ਤੋਂ ਮੁੱਖ ਧਿਆਨ ਪੰਜਾਬੀ ਮੂਲ ਦੀ ਦੁਪਿੰਦਰ ਕੌਰ ਸਰਾਂ ਉੱਤੇ ਹੈ, ਜੋ ਕਿ ਪਹਿਲੀ ਸਿੱਖ ਔਰਤ ਵਜੋਂ ਆਜ਼ਾਦ ਉਮੀਦਵਾਰ ਹੋਣ ਦਾ ਦਾਅਵਾ ਕਰ ਰਹੀ ਹੈ।



ਸਰੀ-ਪੈਨਾਰੋਮਾ ਹਲਕੇ ਤੋਂ ਚੋਣ ਲੜ ਰਹੀ ਦੁਪਿੰਦਰ ਕੌਰ ਸਰਾਂ ਇਸ ਤੋਂ ਪਹਿਲਾਂ ਸਕੂਲ ਟਰੱਸਟੀ ਦੀਆਂ ਚੋਣਾਂ ਵੀ ਲੜ ਚੁੱਕੀ ਹਨ ਅਤੇ ਪੇਸ਼ੇ ਵਜੋਂ ਨਰਸ ਹਨ। ਉਹ ਸਿਹਤ ਸੇਵਾਵਾਂ ਵਿੱਚ ਆਪਣੇ ਤਜ਼ਰਬੇ ਅਤੇ ਭਾਈਚਾਰੇ ਨਾਲ ਜੁੜੇ ਕਈ ਮੁੱਦਿਆਂ 'ਤੇ ਸਰਗਰਮ ਰਹੇ ਹਨ। ਦੁਪਿੰਦਰ ਕੌਰ ਸਰਾਂ ਨੇ ਕਿਹਾ ਕਿ ਉਹ ਇਸ ਵਾਰ ਬ੍ਰਿਟਿਸ਼ ਕੋਲੰਬੀਆ ਵਿੱਚ ਬਦਲ ਰਹੀਆਂ ਸਿਆਸੀ ਪ੍ਰਸਥਿਤੀਆਂ ਕਾਰਨ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੀ ਹੈ। ਬੀਸੀ ਯੂਨਾਈਟਡ ਨੇ ਹਾਲ ਹੀ ਵਿੱਚ ਬੀਸੀ ਕੰਜ਼ਰਵੇਟਿਵ ਪਾਰਟੀ ਨੂੰ ਹਮਾਇਤ ਦਿੱਤੀ ਸੀ, ਜਿਸ ਨੇ ਕਈ ਉਮੀਦਵਾਰਾਂ ਨੂੰ ਸ਼ਸ਼ੋਪੰਜ ਵਿੱਚ ਪਾ ਦਿੱਤਾ ਸੀ। ਉਹਨਾਂ ਕਿਹਾ ਕਿ ਇਹ ਫ਼ੈਸਲਾ ਸਹੀ ਨਹੀਂ ਸੀ ਅਤੇ ਇਸ ਨਾਲ ਕਈ ਉਮੀਦਵਾਰਾਂ ਨੂੰ ਆਪਣੀਆਂ ਰਾਈਡਿੰਗ ਛੱਡਣ ਲਈ ਮਜ਼ਬੂਰ ਕੀਤਾ ਗਿਆ। ਉਸੇ ਦੌਰਾਨ, ਕੰਜ਼ਰਵੇਟਿਵ ਪਾਰਟੀ ਦੇ ਕਈ ਆਗੂ ਵੀ ਪਾਰਟੀ ਛੱਡਕੇ ਜਾਂ ਤਾਂ ਅਲੱਗ ਰਾਹ ਚੱਲ ਪਏ ਜਾਂ ਚੁੱਪ ਰਾਹਨ ਲਈ ਮਜ਼ਬੂਰ ਹੋ ਗਏ ਹਨ। ਦੁਪਿੰਦਰ ਨੇ ਕਿਹਾ ਕਿ ਉਹਨਾਂ ਵੀ ਇਸ ਕਸ਼ਮਕਸ਼ ਤੋਂ ਬਾਹਰ ਨਿਕਲ ਕੇ ਆਜ਼ਾਦ ਚੋਣ ਲੜਨਾ ਬਿਹਤਰ ਸਮਝਿਆ ।

ਦੁਪਿੰਦਰ ਕੌਰ ਨੇ ਸਿਹਤ ਸੇਵਾਵਾਂ ਨੂੰ ਆਪਣੇ ਮੁੱਖ ਚੋਣ ਮੁੱਦਿਆਂ ਵਿੱਚ ਰੱਖਿਆ ਹੈ। ਉਹਨਾਂ ਕਿਹਾ ਕਿ ਉਹ ਸਿਹਤ ਦੇ ਮੌਜੂਦਾ ਹਾਲਾਤਾਂ ਨੂੰ ਬਿਹਤਰ ਬਣਾਉਣ ਲਈ ਢਿੱਲ ਨਹੀਂ ਦਿਖਾਉਣਗੇ ਅਤੇ ਉਹ ਵਿਦਿਅਕ ਸੁਧਾਰਾਂ ਅਤੇ ਮੁਫ਼ਤ ਪਬਲਿਕ ਟਰਾਂਸਪੋਰਟ ਦੀ ਵਕਾਲਤ ਵੀ ਕਰ ਰਹੀ ਹੈ। ਉਹਨਾਂ ਕਿਹਾ ਕਿ ਉਹ ਭਾਈਚਾਰੇ ਦੀਆਂ ਗੰਭੀਰ ਸਮੱਸਿਆਵਾਂ ਨੂੰ ਹੱਲ ਕਰਨ ਦੇ ਸੰਕਲਪ ਨਾਲ ਚੋਣ ਮੈਦਾਨ ਵਿੱਚ ਹਨ। ਦੁਪਿੰਦਰ ਨੇ ਬੀਸੀ ਕੌਂਜ਼ਰਵੇਟਿਵ ਪਾਰਟੀ ਵੱਲੋਂ ਮਿਲ ਰਹੇ ਸਹਿਯੋਗ ਉੱਪਰ ਨਿਰਾਸ਼ਾ ਵੀ ਜਤਾਈ। ਉਹਨਾਂ ਕਿਹਾ ਕਿ ਕਈ ਮੁੱਦਿਆਂ 'ਤੇ ਪਾਰਟੀ ਨੇ ਉਨ੍ਹਾਂ ਦੀ ਸਹਿਯੋਗ ਨਹੀਂ ਕੀਤਾ। ਉਹਨਾਂ ਇਹ ਵੀ ਕਿਹਾ ਕਿ ਸੋਸ਼ਲ ਮੀਡੀਆ 'ਤੇ ਗਲਤ ਧਾਰਨਾਵਾਂ ਨਾਲ ਜੋੜ ਕੇ ਉਹਨਾਂ ਦੀ ਕਿਰਦਾਰਕੁਸ਼ੀ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਪਾਰਟੀ ਨੇ ਇਸ ਉੱਤੇ ਕੋਈ ਸਟੈਂਡ ਨਹੀਂ ਲਿਆ। ਇਸ ਤਰੀਕੇ ਨਾਲ ਕੰਜ਼ਰਵੇਟਿਵ ਪਾਰਟੀ ਆਪਣੀ ਸਿਧਾਂਤਕ ਪਹਿਚਾਣ ਤੋਂ ਹਟ ਗਈ ਹੈ। This report was written by Ekjot Singh as part of the Local Journalism Initiative.





A TO Z DRIVING SCHOOL

So Easy ਲਰਨਿੰਗ ਲਾਇਸੈਂਸ

ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੌਲਿਜ਼ ਟੈਸਟ

ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ

ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ

ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਲੈਣ ਲਈ ਅੱਜ ਹੀ ਸੰਪਰਕ ਕਰੋ

ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।

ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ

ਵਾਜਬ ਰੇਟ ਅਤੇ ਵਧੀਆ ਸਰਵਿਸ

ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ

LUCKY SEKHON, 604-614-5365

#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ਼ ਬੈਂਕਿਊਟ ਹਾਲ ਦੇ ਹੇਠਾਂ

# ਐਬਸਫੋਰਡ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 420ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਨਗਰ ਕੀਰਤਨ ਸਜਾਇਆ

ਸਰੀ, (ਹਰਦਮ ਮਾਨ)-ਬੀਤੇ ਐਤਵਾਰ ਗੁਰਦੁਆਰਾ ਕਲਗੀਧਰ ਦਰਬਾਰ ਐਬਸਫੋਰਡ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 420ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਮਹਾਨ ਨਗਰ ਕੀਰਤਨ ਸਜਾਇਆ ਗਿਆ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਨੇ ਸ਼ਮੂਲੀਅਤ ਕੀਤੀ। ਇਹ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋਇਆ। ਨਗਰ ਕੀਰਤਨ ਦੌਰਾਨ ਵੱਖ-ਵੱਖ ਸੋਸਾਇਟੀਆਂ ਅਤੇ ਸੰਸਥਾਵਾਂ ਵੱਲੋਂ ਫਲੋਟ ਸਜਾਏ ਗਏ ਅਤੇ ਨਗਰ ਕੀਰਤਨ ਦੇ ਰਸਤੇ ਦੌਰਾਨ ਕਾਰੋਬਾਰੀ ਲੋਕਾਂ, ਸਭਾ ਸੁਸਾਇਟੀਆਂ ਅਤੇ ਸੰਸਥਾਵਾਂ ਵੱਲੋਂ ਕਈ ਤਰ੍ਹਾਂ ਦੇ ਪਕਵਾਨ ਅਤੇ ਠੰਡੇ ਜਲ ਦੇ ਲੰਗਰ ਲਾਏ ਗਏ।

ਨਗਰ ਕੀਰਤਨ ਦੌਰਾਨ ਪ੍ਰਸਿੱਧ ਰਾਗੀ ਮੋਹਨ ਸਿੰਘ ਗੁਰਦਾਸਪੁਰ ਵਾਲੇ, ਰਾਗੀ ਬਲਦੇਵ ਸਿੰਘ ਬੁਲੰਦਪੁਰ, ਰਾਗੀ ਸੁਰਿੰਦਰ ਪਾਲ ਸਿੰਘ ਹੁਸ਼ਿਆਰਪੁਰ, ਰਾਗੀ ਸੁਖਦੇਵ ਸਿੰਘ ਨਵਾਂ ਸ਼ਹਿਰ, ਕਥਾਵਾਚਕ ਸਨਮੁਖ ਸਿੰਘ ਪਠਾਨਕੋਟ, ਢਾਡੀ ਭਾਈ ਸੁਰਜੀਤ ਸਿੰਘ ਵਾਰਸ ਅਤੇ ਭਾਈ ਮੰਗਲ ਸਿੰਘ ਮਹਿਰਮ ਨੇ ਗੁਰਮਤ ਵਿਚਾਰਾਂ ਸਾਂਝੀਆਂ ਕੀਤੀਆਂ। ਐਬਸਫੋਰਡ ਦੀਆਂ ਤਿੰਨ ਸਿੱਖ ਸੋਸਾਇਟੀਆਂ ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ, ਗੁਰਦੁਆਰਾ ਸ਼ਹੀਦ ਬਾਬਾ ਬੰਦਾ ਸਿੰਘ









ਬਹਾਦਰ ਅਤੇ ਖਾਲਸਾ ਦੀਵਾਨ ਸੁਸਾਇਟੀ ਨੇ ਮਿਲ ਕੇ ਸੰਗਤਾਂ ਦੀ ਸੇਵਾ ਵਿੱਚ ਸਾਂਝੀ ਭੂਮਿਕਾ ਨਿਭਾਈ।

ਨਗਰ ਕੀਰਤਨ ਵਿੱਚ ਸਿੱਖ ਮੋਟਰਸਾਈਕਲ, ਬੀਸੀ ਸਿੱਖ ਰਾਈਡਰਜ਼, ਅਕਾਲੀ ਦਲ ਅੰਮ੍ਰਿਤਸਰ, ਸਤਿਕਾਰ ਕਮੇਟੀ ਬੀ.ਸੀ.,ਖਾਲਸਾ ਸਕੂਲ ਦੇ ਬੱਚਿਆਂ, ਸੇਵਾਦਾਰਾਂ ਤੇ ਦਸ਼ਮੇਸ਼ ਪੰਜਾਬੀ ਸਕੂਲ ਸਮੇਤ ਵੱਖ-ਵੱਖ ਵਿਦਿਅਕ ਸੰਸਥਾਵਾਂ ਨੇ ਸ਼ਮੂਲੀਅਤ ਕੀਤੀ।

ਸਿੱਖ ਬੱਚਿਆਂ ਤੇ ਨੌਜਵਾਨਾਂ ਨੇ ਗਤਕੇ ਦੇ ਜੌਹਰ ਦਿਖਾਏ। ਗੁਰਦੁਆਰਾ ਸਾਹਿਬ ਦੇ ਪਾਰਕ ਵਿੱਚ ਵਿਸ਼ੇਸ਼ ਦੀਵਾਨ ਸਜਾਏ ਗਏ ਜਿੱਥੇ ਢਾਡੀ ਤੇ ਵਿਦਵਾਨਾਂ ਨੇ ਸੰਗਤਾਂ ਨਾਲ ਗੁਰ ਇਤਿਹਾਸ ਅਤੇ ਅਜੋਕੇ ਸਮੇਂ ਵਿੱਚ ਸਿੱਖਾਂ ਦੀ ਸਥਿਤੀ ਬਾਰੇ ਵਿਚਾਰਾਂ ਕੀਤੀਆਂ। ਇਸ ਮੌਕੇ ਪ੍ਰਸਿੱਧ ਪੱਤਰਕਾਰ ਜਸਪਾਲ ਸਿੰਘ ਸਿੱਧੂ ਅਤੇ ਪ੍ਰੋਫੈਸਰ ਬਾਵਾ ਸਿੰਘ ਨੇ ਵਿਸ਼ੇਸ਼ ਹਾਜ਼ਰੀ ਲਵਾਈ ਅਤੇ ਦੋਹਾਂ ਵਿਦਵਾਨਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਆਸ਼ੇ ਮੁਤਾਬਕ ਸਿੱਖੀ ਜੀਵਨ ਜਾਚ ਦੀਆਂ ਵਿਚਾਰਾਂ ਦੇ ਨਾਲ ਮੌਜੂਦਾ ਸਮੇਂ ਵਿੱਚ ਸਿੱਖਾਂ ਦੀ ਰਾਜਸੀ ਤੇ ਧਾਰਮਿਕ ਸਥਿਤੀ ਉੱਪਰ ਗੱਲ ਕੀਤੀ ਅਤੇ ਵਿਦੇਸ਼ਾਂ ਵਿੱਚ ਸਿੱਖਾਂ ਦੀ ਚੜ੍ਹਦੀ ਕਲਾ ਤੇ ਅਗਵਾਈ ਬਾਰੇ ਗੰਭੀਰ ਚਰਚਾ ਛੇੜੀ।

# ਗ਼ਜ਼ਲ ਮੰਚ ਸਰੀ ਦੀ ਖੂਬਸੂਰਤ ਸ਼ਾਇਰਾਨਾ ਸ਼ਾਮ ਨੇ ਸ਼ਾਇਰੀ ਦੇ ਪ੍ਰਸੰਸਕਾਂ ਨੂੰ ਮੋਹ ਲਿਆ

## ਹਰ ਇਕ ਸ਼ਾਇਰ ਅਤੇ ਹਰ ਗ਼ਜ਼ਲ ਇਕ ਤੋਂ ਵੱਧ ਇਕ ਸੀ : ਪ੍ਰੋ. ਬਾਵਾ ਸਿੰਘ

ਸਰੀ, (ਹਰਦਮ ਮਾਨ): ਗ਼ਜ਼ਲ ਮੰਚ ਸਰੀ ਵੱਲੋਂ ਸਰੀ ਆਰਟ ਸੈਂਟਰ ਵਿਚ ਆਪਣੀ ਸਾਲਾਨਾ ਖੂਬਸੂਰਤ ਸ਼ਾਇਰਾਨਾ ਸ਼ਾਮ ਮਨਾਈ ਗਈ ਜਿਸ ਵਿਚ ਸ਼ਾਮਲ ਹੋਏ ਸੰਜੀਦਾ ਸ਼ਾਇਰੀ ਦੇ ਸੈਂਕੜੇ ਕਦਰਦਾਨਾਂ ਨੇ ਪੰਜਾਬੀ ਸ਼ਾਇਰੀ ਨੂੰ ਰੂਹ ਨਾਲ ਮਾਣਿਆ ਅਤੇ ਹਰ ਇਕ ਸ਼ਾਇਰ ਨੂੰ ਤਾੜੀਆਂ ਦੀ ਭਰਪੂਰ ਦਾਦ ਨਾਲ ਨਿਵਾਜਿਆ। ਇਸ ਸ਼ਾਮ ਦੀ ਪ੍ਰਧਾਨਗੀ ਪੰਜਾਬ ਤੋਂ ਆਏ ਪ੍ਰੋ. ਬਾਵਾ ਸਿੰਘ (ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਭਾਰਤ) ਤੇ ਪ੍ਰਿੰਸੀਪਲ ਸਤਿੰਦਰ ਕੌਰ ਕਾਹਲੋਂ, ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ ਅਤੇ ਦਸ਼ਮੇਸ਼ ਗਿੱਲ ਫਿਰੋਜ਼ ਨੇ ਕੀਤੀ।

ਪ੍ਰੋਗਰਾਮ ਦੀ ਰਸਮੀ ਸ਼ੁਰੂਆਤ ਕਵਾਂਟਲਿਨ ਫਸਟ ਨੇਸ਼ਨ ਦੀ ਨਾਮਵਰ ਸ਼ਖ਼ਸੀਅਤ ਫਰਨ ਗੈਬਰੀਅਲ ਵੱਲੋਂ ਆਪਣੀ ਭਾਸ਼ਾ ਵਿਚ ਗਾਏ ਗੀਤ ਨਾਲ ਹੋਈ। ਗ਼ਜ਼ਲ ਮੰਚ ਵੱਲੋਂ ਰਾਜਵੰਤ ਰਾਜ ਨੇ ਹਾਜਰ ਮਹਿਮਾਨਾਂ, ਸਹਿਯੋਗੀਆਂ, ਸ਼ਾਇਰਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਆਖਦਿਆਂ ਮੰਚ ਦੀਆਂ ਸਰਗਰਮੀਆਂ ਬਾਰੇ ਅਤੇ ਸਹਿਯੋਗੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਈ ਪੰਜਾਬੀ ਲੇਖਿਕਾ ਬਰਜਿੰਦਰ ਕੌਰ ਢਿੱਲੋਂ ਨੂੰ ਸਭਾ ਵੱਲੋਂ ਸ਼ਰਧਾਂਜਲੀ ਦਿੱਤੀ ਗਈ। ਸ਼ਾਇਰਾਨਾ ਸ਼ਾਮ ਦੇ ਸੰਚਾਲਨ ਦੀ ਜ਼ਿੰਮੇਵਾਰੀ ਸੰਭਾਲਦਿਆਂ ਰਾਜਵੰਤ ਰਾਜ ਨੇ ਉਰਦੂ ਅਤੇ ਪੰਜਾਬੀ ਦੇ ਨਾਮਵਰ ਸ਼ਾਇਰ ਨਰਿੰਦਰ ਭਾਗੀ ਨੂੰ ਆਪਣਾ ਕਲਾਮ ਪੇਸ਼ ਕਰਨ ਦਾ ਸੱਦਾ ਦਿੱਤਾ। ਨਰਿੰਦਰ ਭਾਗੀ ਨੇ ਆਪਣੀ ਸੁਰੀਲੀ ਆਵਾਜ਼ ਵਿਚ ਪੇਸ਼ ਕੀਤੀਆਂ ਦੋ ਉਰਦੂ ਗ਼ਜ਼ਲਾਂ ਰਾਹੀਂ ਖੂਬਸੂਰਤ ਕਾਵਿਕ ਮਾਹੌਲ ਦੀ ਨੀਂਹ ਰੱਖ ਦਿੱਤੀ। ਫਿਰ ਪ੍ਰੀਤ ਮਨਪ੍ਰੀਤ ਨੇ 'ਲਾਹ ਵੀ ਦੇ ਹੁਣ ਚੁੱਪ ਦੇ ਪਰਦੇ ਬੋਲ ਜਰਾ ਕੁਝ ਚਾਨਣ ਕਰਦੇ, ਕਿੰਨੇ ਖਾਲੀ ਹੋ ਚੱਲੇ ਹਾਂ ਖਾਲੀ ਥਾਵਾਂ ਭਰਦੇ ਭਰਦੇ' ਜਿਹੇ ਗੰਭੀਰ ਸ਼ਿਅਰਾਂ ਨਾਲ ਸਰੋਤਿਆਂ ਦੀ ਭਰਪੂਰ ਵਾਹ ਵਾਹ ਹਾਸਲ ਕੀਤੀ। ਕਵਿੱਤਰੀ ਸੁਖਜੀਤ "ਤੂੰ ਵੀ ਝੋਲੇ ਭਰ ਦਿੱਤੀ ਹੈ ਤੂੰ ਵੀ ਹਿੱਸਾ ਪਾ ਦਿੱਤੈ, ਮੇਰੇ ਕੋਲ ਤਾਂ ਪਹਿਲਾਂ ਹੀ ਪਰ ਆਪਣੇ ਦਰਦ ਬਥੇਰੇ ਸੀ' ਲੈ ਕੇ ਔਰਤ ਵੇਦਨਾ ਦੀ ਸ਼ਾਇਰੀ ਦੇ ਰੂਬਰੂ ਹੋਈ। ਦਵਿੰਦਰ ਗੌਤਮ ਆਪਣੀਆਂ ਗ਼ਜ਼ਲਾਂ ਰਾਹੀਂ ਵਿਸ਼ੇਸ਼ ਪ੍ਰਭਾਵ ਛੱਡ ਗਿਆ ਜਦ ਉਸ ਨੇ ਕਿਹਾ 'ਕੋਈ ਵੀ ਉਜਰ ਨਾ ਇਹ ਤਾਂ ਜਨਾਬ ਹੋ ਜਾਂਦਾ, ਤੁਹਾਨੂੰ ਦੇਖ ਕੇ ਆਪੇ ਅਦਾਬ ਹੋ ਜਾਂਦਾ', ਰਾਜਵੰਤ ਰਾਜ 'ਘਟਾਵਾਂ ਨੇ ਕਰੀ ਸਾਜ਼ਿਸ਼ ਤੇ ਭੋਲੇ ਮੋਰ ਨੱਚੇ ਨੇ, ਰਹੀ





ਖਾਮੋਸ਼ ਹੀ ਝਾਂਜਰ ਇਕੱਲੇ ਬੋਰ ਨੱਚੇ ਨੇ' ਜਿਹੇ ਖੂਬਸੂਰਤ ਸ਼ਿਅਰਾਂ ਨਾਲ ਸਰੋਤਿਆਂ ਦੀ ਖੂਬ ਦਾਦ ਖੱਟ ਗਿਆ। ਫਿਰ ਦਵਿੰਦਰ ਗੌਤਮ ਨੇ ਸਟੇਜ ਸੰਚਾਲਨ ਸਾਂਭਦਿਆਂ ਸ਼ਬਦਾਂ ਦੇ ਜਾਦੂਗਰ ਇੰਦਰਜੀਤ ਧਾਮੀ ਨੂੰ ਪੇਸ਼ ਕੀਤਾ ਅਤੇ ਇੰਦਰਜੀਤ ਧਾਮੀ ਨੇ 'ਇਹ ਕਲਪਨਾ ਵਿੱਚ ਖੁਤਖੁਤੀ ਸਾਡੇ ਜਗਾਉਂਦਾ ਕੌਣ ਹੈ, ਸੋਚੋ ਕਿ ਸਾਡੀ ਹੋਸ਼ ਨਾ ਯਾਰੀ ਪਵਾਉਂਦਾ ਕੌਣ ਹੈ' ਰਾਹੀਂ ਸਰੋਤਿਆਂ ਦੀ ਕਲਪਨਾ ਨੂੰ ਹਲੂਣਿਆ। ਹਰਦਮ ਮਾਨ ਨੇ ਆਪਣੇ ਅੰਦਾਜ਼ ਵਿਚ ਹਾਜਰੀ ਲੁਆਈ 'ਚੜ੍ਹਦੀ ਉਮਰੇ ਕੋਮਲ ਕਲੀਆਂ ਠੰਡੇ ਹੌਕੇ ਭਰ ਰਹੀਆਂ, ਮਹਿਕਾਂ ਦੇ ਵਣਜਾਰੇ ਫਿਰਦੇ ਬਾਗ 'ਚ ਚਾਰ ਚੁਫੇਰੇ ਨੇ'। ਦਸ਼ਮੇਸ਼ ਗਿੱਲ ਫਿਰੋਜ਼ ਉਰਦੂ ਅਤੇ ਪੰਜਾਬੀ ਰੰਗ ਲੈ ਕੇ ਹਾਜਰ ਹੋਇਆ 'ਛਾਂ ਦੀ ਚਾਦਰ ਸਿਰ ਤੋਂ ਮੇਰੇ ਧੁੱਪ ਨੇ ਫਿਰ ਲਾਹ ਲਈ, ਰੁੱਖ ਦੀ ਛਾਵੇਂ ਅਜੇ ਥੋੜ੍ਹਾ ਜਿਹਾ ਬੈਠਾ ਹਾਂ ਮੈਂ"। ਫਿਰ ਦਸ਼ਮੇਸ਼ ਗਿੱਲ ਨੇ ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਗੁਰਮੀਤ ਸਿੱਧੂ ਨੂੰ ਦਾਅਵਤ ਦਿੱਤੀ। ਗੁਰਮੀਤ ਸਿੱਧੂ ਨੇ ਸੱਤਿਅਮ, ਸ਼ਿਵਮ, ਸੁੰਦਰਮ ਨੂੰ ਇਉਂ ਪੇਸ਼ ਕੀਤਾ 'ਸੱਚ, ਸੁਹੱਪਣ, ਸ਼ਿਵ ਤਿੰਨਾਂ ਲਈ ਇਕ ਸ਼ਬਦ ਹੈ ਕੀ, ਦੁਨੀਆ ਪੜ੍ਹਦੀ ਰਹੀ ਕਿਤਾਬਾਂ ਮੈਂ ਲਿਖ ਦਿੱਤਾ ਧੀ'। ਬਲਦੇਵ ਸੀਹਰਾ ਸਿਸਟਮ ਨੂੰ ਸੰਬੋਧਨ ਹੋਇਆ "ਇਹ ਸ਼ਹਿਰ ਦੇ ਤਬੀਬ ਨੂੰ ਸਮਝਾ ਦਿਓ ਕੋਈ, ਹੁੰਦਾ ਇਲਾਜ ਹੋਰ ਦਾ ਬੀਮਾਰ ਹੋਰ ਹੈ'। ਫਿਰ ਕ੍ਰਿਸ਼ਨ ਭਨੋਟ ਆਪਣੇ ਉਸਤਾਦੀ ਅੰਦਾਜ਼ ਵਿਚ ਪੇਸ਼ ਹੋਏ ਅਤੇ ਕਾਮਨਾ ਕੀਤੀ 'ਮਿਲ ਕੇ ਦੁਆ ਕਰੋ ਹੁਣ ਕੋਈ ਕਦੇ ਨਾ ਵਿਛੜੇ, ਰਾਵੀ, ਚਨਾਬ, ਜੇਹਲਮ, ਸਤਲੁਜ ਵਾਂਗੂੰ'। ਅਖੀਰ ਵਿਚ ਪੇਸ਼ ਹੋਏ ਨਾਮਵਰ ਸ਼ਾਇਰ ਜਸਵਿੰਦਰ ਨੇ ਆਪਣੀ ਸ਼ਾਇਰੀ ਰਾਹੀਂ ਸਰੋਤਿਆਂ ਦੇ ਮਨਾਂ ਵਿਚਲੇ ਝੀਲ ਦੇ ਪਾਣੀਆਂ ਨੂੰ ਹਿਲਾਇਆ ਅਤੇ ਕਲਪਨਾ ਦੇ ਪੰਖੇਰੂਆਂ ਨੂੰ ਨਵੀਂ ਉਡਾਨ ਦਿੱਤੀ 'ਝੀਲ 'ਤੇ ਫੇਰ ਪਰਿੰਦਿਆਂ ਨੂੰ ਬੁਲਾਇਆ ਜਾਏ, ਪਹਿਲਾਂ ਠਹਿਰੇ ਹੋਏ ਪਾਣੀ ਨੂੰ ਹਿਲਾਇਆ ਜਾਏ। ਤਾਂ ਜੋ ਇਹ ਜਾਣ ਸਕਣ ਕਾਲ-ਕਥਾ ਜੰਗਲ ਦੀ, ਤਾਜ਼ੇ ਪੱਤਿਆਂ ਨੂੰ ਜੜਾਂ ਨਾਲ ਮਿਲਾਇਆ ਜਾਏ'।

ਸਮੁੱਚੀ ਸ਼ਾਇਰੀ ਦਾ ਆਨੰਦ ਮਾਣਨ ਤੋਂ ਬਾਅਦ ਆਪਣੀ ਖੁਸ਼ ਰੂਹ ਦਾ ਬਿਆਨ ਕਰਦਿਆਂ ਪ੍ਰਧਾਨਗੀ ਕਰ ਰਹੇ ਪ੍ਰੋ. ਬਾਵਾ ਸਿੰਘ ਨੇ ਕਿਹਾ ਕਿ ਜਿਸ ਤਰਾਂ ਪੰਜਾਬੀਆਂ ਨੇ ਕੈਨੇਡਾ ਦੀ ਰਾਜਨੀਤੀ ਵਿੱਚ, ਆਰਥਿਕਤਾ ਵਿੱਚ ਅਤੇ ਕਾਰੋਬਾਰਾਂ ਵਿੱਚ ਝੰਡੇ ਗੱਡੇ ਹੋਏ ਹਨ ਉਸੇ ਤਰ੍ਹਾਂ ਹੁਣ ਸਾਹਿਤ ਦੇ ਵਿੱਚ ਵੀ ਤੁਸੀਂ ਆਪਣੇ ਝੰਡੇ ਗੱਡ ਰਹੇ ਹੋ। ਉਨ੍ਹਾਂ ਕਿਹਾ ਕਿ ਦੁੱਖ ਤੇ ਪੀੜ ਨਾਲ ਭਰੇ ਮਨ ਨੂੰ ਹਲਕਾ ਫੁਲਕਾ ਕਰਨ ਲਈ, ਹਲਕੇ ਫੁਲਕੇ ਮਨ ਨੂੰ ਗੰਭੀਰ ਕਰਨ ਲਈ ਅਤੇ ਗੰਭੀਰ ਮਨਾਂ ਨੂੰ ਚਿੰਤਕ ਜਾਂ ਚਿੰਤਨਸ਼ੀਲ ਬਣਾਉਣ ਲਈ ਸੂਖ਼ਮ ਕਲਾਵਾਂ ਦਾ ਬਹੁਤ ਵੱਡਾ ਰੋਲ ਹੈ। ਸੁਰ-ਸੰਗੀਤ, ਗੀਤ, ਗ਼ਜ਼ਲ, ਕਵਿਤਾ, ਨਜ਼ਮ, ਚਿੱਤਰਕਾਰੀ ਦੀ ਮਨੁੱਖੀ ਸਭਿਅਤਾ ਨੂੰ ਦੇਣ ਸਾਇੰਸ ਤੋਂ ਕਿਤੇ ਜ਼ਿਆਦਾ ਹੈ। ਸਾਡੀ ਸੋਚ, ਭਾਵਨਾਵਾਂ, ਸੰਵੇਦਨਾ ਨੂੰ ਜਗਾਉਣਾ ਚਮਕਾਉਣਾ ਸਾਡੀਆਂ ਸੂਖ਼ਮ ਕਲਾਵਾਂ ਦੇ ਹਿੱਸੇ ਆਇਆ ਹੈ। ਉਨ੍ਹਾਂ ਕਿਹਾ ਕਿ ਪ੍ਰੋਗਰਾਮ ਵਿਚ ਪੇਸ਼ ਹੋਇਆ ਹਰ ਇਕ ਸ਼ਾਇਰ ਇਕ ਤੋਂ ਵੱਧ ਇਕ ਸੀ ਅਤੇ ਹਰ ਗ਼ਜ਼ਲ ਇਕ ਤੋਂ ਵੱਧ ਇਕ ਸੀ। ਸ਼ਿਵ ਕੁਮਾਰ ਬਟਾਲਵੀ ਦੇ ਸ਼ਹਿਰ ਬਟਾਲਾ ਤੋਂ ਆਈ ਵਾਈਸ ਪ੍ਰਿੰਸੀਪਲ ਸਤਿੰਦਰ ਕੌਰ ਕਾਹਲੋਂ ਨੇ ਸਮੁੱਚੇ ਪ੍ਰੋਗਰਾਮ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਸੱਤ ਸਮੁੰਦਰ ਪਾਰ ਆਪਣੀ ਜਨਮ ਭੂਮੀ ਤੋਂ, ਆਪਣੇ ਘਰਾਂ ਪਰਿਵਾਰਾਂ ਤੋਂ ਦੂਰ ਆ ਕੇ ਤੁਸੀਂ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ, ਪ੍ਰਸਾਰ ਅਤੇ ਪ੍ਰਫੁੱਲਤਾ ਲਈ ਏਨੇ ਵਧੀਆ ਉਪਰਾਲੇ ਕਰ ਰਹੇ ਹੋ ਜਿਸ 'ਤੇ ਸਾਨੂੰ ਮਾਣ ਹੈ। ਸ਼ਾਇਰੀ ਦੇ ਵੱਖ-ਵੱਖ ਰੰਗਾਂ ਨੂੰ ਮਾਣ ਕੇ ਉਹ ਬਹੁਤ ਖੁਸ਼ੀ ਤੇ ਮਾਣ ਮਹਿਸੂਸ ਕਰ ਰਹੇ ਹਨ।

ਅੰਤ ਵਿਚ ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ ਨੇ ਸਾਰੇ ਮਹਿਮਾਨਾਂ, ਸਹਿਯੋਗੀਆਂ ਅਤੇ ਸਰੋਤਿਆਂ ਦਾ ਧੰਨਵਾਦ ਕਰਦਿਆ ਭਵਿੱਖ ਦੇ ਪ੍ਰੋਗਰਾਮਾਂ ਵਿਚ ਵੀ ਅਜਿਹੇ ਸਹਿਯੋਗ ਦੀ ਉਮੀਦ ਜ਼ਾਹਰ ਕੀਤੀ। ਇਸ ਮੌਕੇ ਮੰਚ ਵੱਲੋਂ ਪ੍ਰੋਗਰਾਮ ਦੇ ਸਪਾਂਸਰਾਂ ਦਾ ਸਨਮਾਨ ਕੀਤਾ ਗਿਆ ਅਤੇ ਪ੍ਰੋ. ਬਾਵਾ ਸਿੰਘ ਤੇ ਸਤਿੰਦਰ ਕੌਰ ਕਾਹਲੋਂ ਨੂੰ ਸਤਿਕਾਰ ਦਿੱਤਾ ਗਿਆ।

# ਦੋ ਭਰਾਵਾਂ ਨੇ ਬਣਾਏ ਪਾਰਕ 'ਚ ਲਗਾਏ 624 ਦਰੱਖਤ, ਪੰਛੀਆਂ ਨੇ ਦਰੱਖਤਾਂ ਤੇ 100 ਦੇ ਕਰੀਬ ਬਣਾਏ ਆਲ੍ਹਣੇ







ਭਗਤਾ ਭਾਈਕਾ (ਵੀਰਪਾਲ ਭਗਤਾ): ਪੰਜਾਬ ਦੀ ਧਰਤੀ ਤੇ ਕਿਸੇ ਸਮੇਂ ਹਰ ਪਾਸੇ ਹਰਿਆਲੀ ਹੀ ਨਜ਼ਰ ਆਉਦੀ ਸੀ ਪ੍ਰੰਤੂ ਮੌਜੂਦਾ ਸਮੇਂ ਲਗਾਤਾਰ ਰੁੱਖਾਂ ਦਾ ਹੋ ਰਿਹਾ ਖਾਤਮਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਜਿਸ ਵੱਲ ਹਾਲੇ ਸਮੇਂ ਦੀਆਂ ਸਰਕਾਰਾਂ ਦਾ ਬਹੁਤਾ ਧਿਆਨ ਨਹੀ ਅਤੇ ਸਬੰਧਤ ਜੰਗਲਾਤ ਵਿਭਾਗ ਦੇ ਅਧਿਕਾਰੀ ਵੀ ਹਾਲੇ ਕੁੰਬਕਰਨੀ ਨੀਂਦ ਸੁੱਤੇ ਪਏ ਜਾਪਦੇ ਹਨ। ਜਿਸ ਕਰਕੇ ਲੋਕ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਆਪ ਮੁਹਾਰੇ ਹੀ ਦਰੱਖਤਾਂ ਨੂੰ ਕੱਟ ਰਹੇ ਹਨ। ਸੜਕਾ ਕਿਨਾਰੇ ਬਣਨ ਵਾਲੀ ਇਮਾਰਤਾਂ, ਪੈਲਿਸ, ਪਟਰੋਲ ਪੰਪ ਆਦਿ ਨੂੰ ਰਸਤਾ ਬਣਾਉਣ ਲਈ ਦਰੱਖਤ ਕੱਟਣ ਦੀ ਨਿਯਮਾਂ ਅਨੁਸਾਰ ਮਨਜ਼ੂਰੀ ਲੈਣੀ ਪੈਦੀ ਹੈ, ਜੋ ਕਾਫੀ ਔਖਾ ਕੰਮ ਹੈ। ਪਰ ਕੁਝ ਲੋਕ ਨਿਯਮਾਂ ਦੇ ਚੱਕਰ ਵਿਚ ਉਲਝਣ ਦੀ ਬਜਾਏ ਕੁਝ ਸਬੰਧਤ ਅਧਿਕਾਰੀਆਂ ਨਾਲ ਮਿਲੀ ਭੁਗਤ ਕਰਕੇ ਦਰੱਖਤਾਂ ਨੂੰ ਕੱਟ ਕੇ ਆਪਣੇ ਰਸਤੇ ਚਾਲੂ ਕਰ ਰਹੇ ਹਨ। ਸੂਬਾ ਸਰਕਾਰ ਦਾ ਵੀ ਦਰੱਖਤਾਂ ਦੀ ਹੋ ਰਹੀ ਅੰਨੇਵਾਹ ਕਟਾਈ ਵੱਲ ਕੋਈ ਧਿਆਨ ਨਹੀ, ਪ੍ਰੰਤੂ ਸਾਡੇ ਸਮਾਜ ਵਿਚ ਦਰੱਖਤਾਂ ਨੂੰ ਪਿਆਰ ਕਰਨ ਵਾਲੇ ਲੋਕਾਂ ਦੀ ਵੀ ਕੋਈ ਕਮੀਂ ਨਹੀ।

ਭਗਤਾ ਭਾਈਕਾ ਵਿਖੇ ਸਥਿਤ ਨਾਮਵਰ ਭਾਈਕੇ ਐਗਰੀਵਰਕਸ ਦੇ ਸੰਚਾਲਕ ਦਰਸਨ ਸਿੰਘ ਭਾਈਕੇ ਅਤੇ ਬਿੰਦਰ ਸਿੰਘ ਭਾਈਕੇ ਨੇ ਆਪਣੀ ਵਰਕਸਾਪ ਅਤੇ ਘਰ ਵਿਚ ਵੱਖ ਵੱਖ ਕਿਸਮ ਦੇ 624 ਪੌਦੇ ਲਗਾਏ ਹੋਏ ਹਨ, ਜਿਸਨੂੰ ਦੋਵੇਂ ਭਰਾ ਸੌਂਕ ਨਾਲ ਪਾਲ ਰਹੇ ਹਨ।

ਦਰਸਨ ਸਿੰਘ ਭਾਈਕੇ ਅਤੇ ਬਿੰਦਰ ਸਿੰਘ ਭਾਈਕੇ ਵੱਲੋਂ ਬਣਾਏ ਗਏ ਪਾਰਕ ਅਤੇ ਘਰ ਵਿਚ ਅਸੋਕਾ 47, ਗਲਮੌਰ 7, ਖੰਜੂਰ 12, ਬੋਤਲ ਪਾਮ 33, ਡੇਕ 9, ਆਵਲਾ 4, ਨਿੰਬੂ 3, ਅਨਾਰ 4, ਆੜੂ 7, ਚੀਕੂ 9, ਚਕੋਤਰਾ 2, ਅਮਰੂਦ 8, ਅੰਜੀਰ 3, ਅੰਬ 10, ਸ਼ੀਤਾਫਲ 1, ਕਿੱਕਰ 1, ਨਾਸਪਾਤੀ 3, ਆਲੂਬਖਾਰਾ 5, ਫਰਮਾਹ 2, ਪਾਮਗਰੀਨ 50, ਗਲਗਲ 1, ਫੁੱਲ ਸਾਇਜ ਗਰੀਨ ਪਾਮ 46, ਬੇਰੀ 1, ਮੌਸੰਮੀ 8, ਲੀਚੀ 1, ਟਾਹਲੀ 6, ਤੂਤ 2, ਸਹੰਜਨਾ 6, ਬਾਂਸ 1, ਬੈਂਬੂ ਬਾਂਸ 5, ਅੰਗੂਰਵੇਲ 1, ਮੌਰਪੰਖ 16, ਬੋਤਲ ਬੁਰਸ 1, ਪੈਨਸਲ ਪਾਮ 1, ਫਾਸਲਾ 1, ਸਿਲਵਰ ਪਾਮ 5, ਨਿੰਮ 4, ਜਾਮਣ 4, ਪਿੱਪਲ 1, ਮੁਕਟਨ ਪਾਮ 50, ਕਲਬਸ ਕੋਨੇ 229, ਕੰਘੀ ਪਾਪ 2, ਗੱਬੂ ਗੋਸਾ 2, ਕਰਲ 1, ਬੈਂਬੂ 3, ਵੇਲ 3, ਪਿਲਕਣ 1 ਅਤੇ ਸੇਬ ਦੇ ਪੌਦੇ 4 ਲਗਾਏ ਹੋਏ ਹਨ। ਇਸ ਤੋਂ ਇਲਾਵਾ ਪਾਰਕ ਦੀ ਸੁੰਦਰਤਾਂ ਲਈ ਗੁਲਾਬ 20, ਮੋਤੀਆ ਕਲੀ ਹੈਜ 150, ਪਹਾੜੀ ਚਮੇਲੀ ਦੀ ਹੈਜ 170 ਸਮੇਤ ਸੈਕੜੇ ਫੁੱਲਦਾਰ ਪੌਦੇ ਲਗਾਏ ਹੋਏ ਹਨ ਅਤੇ ਪਾਰਟ ਵਿਚ ਹੀ ਸ਼ੈਰ ਕਰਨ ਚੰਗੀ ਕੁਆਲਟੀ ਦਾ ਘਾਹ ਲਗਾਇਆ ਗਿਆ। ਇਸ ਪਾਰਕ ਦੀ ਸਾਂਭ ਸੰਭਾਲ ਲਈ ਇਕ ਮਾਲੀ ਵੀ ਰੱਖਿਆ ਗਿਆ ਹੈ। ਇਸ ਪਾਰਕ ਦੀ ਸੁੰਦਰਤਾਂ ਵੱਡੇ ਸ਼ਹਿਰਾਂ ਦੇ ਪਾਰਕਾ ਦਾ ਭੁਲੇਖਾ ਪਾਉਦੀ ਹੈ। ਇਸੇ ਤਰ੍ਹਾਂ ਦੋਹਾਂ ਭਰਾਵਾਂ ਨੇ ਆਪਣੀ ਨੇ ਆਪਣੀ ਵਰਕਸਾਪ ਦੇ ਗੇਟ ਅਤੇ ਅੰਦਰ ਵੱਖ ਵੱਖ ਕਿਸਮ ਦੇ ਪੌਦੇ ਲਗਾਏ ਹੋਏ ਹਨ। ਹੈਰਾਨੀ ਦੀ ਗੱਲ ਹੈ ਕਿ ਵਰਕਸਾਪ ਵਿਚ ਕੁਝ ਪੌਦੇ ਅਜਿਹੀ ਥਾਂ ਵੀ ਲੱਗੇ ਹਨ ਜੋ ਰਸਤੇ ਅਤੇ ਕੰਮਕਾਰ ਵਿਚ ਅੜਿੱਕਾ ਹਨ ਪਰ ਇੰਨ੍ਹਾਂ ਪੌਦਿਆਂ ਪੱਟਣ ਦੀ ਬਜਾਏ ਉਨ੍ਹਾਂ ਦੀ ਵੀ ਸੰਭਾਲ ਕੀਤੀ ਜਾਂ ਰਹੀ ਹੈ।

ਜਿਕਰਯੋਗ ਹੈ ਕੁਝ ਲੋਕ 20-50 ਪੌਦੇ ਲਗਾਕੇ ਅਖਬਾਰਾਂ ਦੀ ਸੁਰਖੀਆਂ ਬਣ ਜਾਦੇ ਹਨ ਅਤੇ ਬਾਅਦ ਵਿਚ ਲਗਾਏ ਗਏ ਪੌਦਿਆਂ ਦੀ ਕੋਈ ਸਾਰ ਨਹੀ ਲੈਦਾ। ਜਿਸ ਕਰਕੇ ਕੁਝ ਦਿਨਾਂ ਵਿਚ ਲਗਾਏ ਗਏ ਪੌਦਿਆ ਦਾ ਕਿਧਰੇ ਕੋਈ ਨਾਮੋਂ ਨਿਸ਼ਾਨ ਨਹੀ ਰਹਿੰਦਾ ਪਰ ਉਕਤ ਭਰਾਵਾਂ ਵੱਲੋਂ ਲਗਾਏ ਗਏ ਪੌਦੇ ਵੱਡੇ ਦਰੱਖਤ ਬਣ ਚੁੱਕੇ ਹਨ। ਇਸ ਪਾਰਕ ਵਿਚ ਲੱਗੀਆਂ ਖੰਜੂਰਾ ਤੇ ਬਿਜੜਿਆਂ ਵੱਲੋਂ ਬਣਾਏ ਗਏ 100 ਦੇ ਕਰੀਬ ਆਲ੍ਹਣੇ ਖਿੱਚ ਦਾ ਕੇਂਦਰ ਬਣੇ ਹੋਏ ਹਨ। ਪਾਰਕ ਵਿਚ ਸਵੇਰ ਵੇਲੇ ਪੰਛੀਆਂ ਦੀਆਂ ਅਵਾਜਾਂ ਵੀ ਮਨ ਮੋਹ ਲੈਦੀਆਂ ਹਨ। ਦੋਵੇਂ ਭਰਾਵਾਂ ਦੇ ਇਸ ਉਪਰਾਲੇ ਦੀ ਇਲਾਕੇ ਭਰ ਵਿਚ ਖੂਬ ਸਲਾਘਾ ਹੋ ਰਹੀ ਹੈ।

ਜੇਕਰ ਦਰੱਖਤਾਂ ਨੂੰ ਬਚਾਉਣ ਲਈ ਹੁਣ ਵੀ ਯਤਨ ਨਾ ਕੀਤੇ ਤਾ ਉਹ ਦਿਨ ਦੂਰ ਨਹੀ ਜਦੋਂ ਪਛਤਾਵੇਂ ਤੋਂ ਸਿਵਾਏ ਸਾਡੇ ਪੱਲੇ ਕੱਖ ਨਹੀ ਰਹਿਣਾ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜੰਗਲਾਤ ਵਿਭਾਗ ਨੂੰ ਹਲੂਣਾ ਦੇਵੇ ਅਤੇ ਪਿੰਡਾਂ ਦੇ ਲੋਕਾਂ ਨੂੰ ਸੈਮੀਨਰ ਲਗਾਕੇ ਪੈਦੇ ਲਗਾਉਣ ਲਈ ਪ੍ਰੇਰਿਤ ਕਰੇ। ਤਾ ਜੋ ਪੰਜਾਬ ਵਿਚ ਮੁੜ ਹਰਿਆਲੀ ਪੈਦਾ ਹੋ ਸਕੇ। ਸੂਬਾ ਸਰਕਾਰਾਂ ਅਤੇ ਪ੍ਰਸਾਸਨਿਕ ਅਧਿਕਾਰੀ ਅਜਿਹੇ ਲੋਕਾਂ ਦਾ ਬਣਦਾ ਸਨਮਾਨ ਕਰਨ ਦਾ ਹੋਰਨਾ ਲੋਕਾਂ ਵਿਚ ਉਤਸਾਹ ਪੈਦਾ ਹੋ ਸਕਦਾ ਹੈ। ਉਮੀਦ ਹੈ ਕਿ ਪ੍ਰਸਾਸਨਿਕ ਅਧਿਕਾਰੀ ਵੀ ਅਜਿਹੇ ਲੋਕਾਂ ਦਾ ਹੌਸਲਾ ਵਧਾਉਣ ਦਾ ਯਤਨ ਕਰਨਗੇ।

# ਸਰਕਾਰੀ ਸਕੂਲਾਂ ਦੇ 90 ਫੀਸਦੀ ਤੋਂ ਵਧੇਰੇ ਅੰਕ ਲੈਣ ਵਾਲੇ ਵਿਦਿਆਰਥੀਆਂ ਦਾ ਸਨਮਾਨ

## ਅਧਿਆਪਕ ਮੈਡਮ ਭੱਲਾ, ਸੰਦੀਪ ਮਲੂਕਾ, ਬਿੱਕਾ ਕੁਮਾਰ ਦਾ ਵਿਸ਼ੇਸ਼ ਸਨਮਾਨ



ਭਗਤਾ ਭਾਈਕਾ (ਵੀਰਪਾਲ ਭਗਤਾ): ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਨਾਲ ਸਬੰਧਤ ਪ੍ਰੈੱਸ ਕਲੱਬ ਭਗਤਾ ਭਾਈਕਾ ਵਲੋਂ ਬਲਾਕ ਭਗਤਾ ਭਾਈਕਾ ਅਧੀਨ ਪੈਂਦੇ 12 ਸਰਕਾਰੀ ਸਕੂਲਾਂ ਦੇ ਅੱਠਵੀਂ, ਦਸਵੀਂ ਅਤੇ ਬਾਰਵੀਂ ਜਮਾਤ ਵਿਚੋਂ 90 ਫੀਸਦੀ ਤੋਂ ਵਧੇਰੇ ਅੰਕ ਪ੍ਰਾਪਤ ਕਰਨ ਵਾਲੇ 77 ਵਿਦਿਆਰਥੀਆਂ ਦਾ ਗੁਰਦੁਆਰਾ ਸ੍ਰੀ ਮਹਿਲ ਸਾਹਿਬ ਭਗਤਾ ਭਾਈਕਾ ਵਿਖੇ ਇਕ ਸਮਾਗਮ ਦੌਰਾਨ ਵਿਸ਼ੇਸ਼ ਸਨਮਾਨ ਕੀਤਾ ਗਿਆ।

ਸਨਮਾਨ ਸਮਾਰੋਹ ਦੌਰਾਨ ਜਤਿੰਦਰ ਸਿੰਘ ਭੱਲਾ ਚੇਅਰਮੈਨ ਨਗਰ ਸੁਧਾਰ ਟੱਰਸਟ ਬਠਿੰਡਾ, ਮਹਿੰਦਰ ਪਾਲ ਸਿੰਘ ਭਗਤਾ ਡਿਪਟੀ ਡੀਈਓ ਬਠਿੰਡਾ ਅਤੇ ਇੰਦਰਜੀਤ ਸਿੰਘ ਮਾਨ ਚੇਅਰਮੈਨ ਪੰਜਾਬ ਖਾਦੀ ਬੋਰਡ ਦੇ ਪਿਤਾ ਕਰਨੈਲ ਸਿੰਘ ਮਾਨ ਨੇ ਮੁੱਖ ਮਹਿਮਾਨ ਵਜੋਂ ਸਮੂਲੀਅਤ ਕੀਤੀ। ਜਦ ਕਿ ਮਹਿੰਦਰਪਾਲ ਸਿੰਘ ਭਗਤਾ ਜਿਪਟੀ ਡੀਈਓ ਬਠਿੰਡਾ ਅਤੇ ਬੂਟਾ ਸਿੰਘ ਸਿੱਧੂ ਪ੍ਰਧਾਨ ਨਗਰ ਪੰਚਾਇਤ ਭਗਤਾ ਦੇ ਧਰਮ ਪਤਨੀ ਗਗਨਦੀਪ ਕੌਰ ਸਿੱਧੂ ਵਲੋਂ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਮੂਲੀਅਤ ਕੀਤੀ।ਸਮਾਰੋਹ ਦੀ ਸ਼ੁਰੂਆਤ ਸਰਬੱਤ ਦੇ ਭਲੇ, ਬੱਚਿਆਂ ਦੇ ਸ਼ਾਨਦਾਰ ਭਵਿੱਖ ਅਤੇ ਕਲੱਬ ਨੂੰ ਸਮਾਜ ਸੇਵਾ ਦੇ ਕਾਰਜਾਂ ਨਾਲ ਜੋੜੀ ਰੱਖਣ ਲਈ ਅਰਦਾਸ਼ ਕਰਨ ਨਾਲ ਹੋਈ।

ਸਮਾਰੋਹ ਦੌਰਾਨ ਪ੍ਰੈਸ ਕਲੱਬ ਭਗਤਾ ਵਲੋਂ ਅੱਠਵੀਂ, ਦਸਵੀਂ ਅਤੇ ਬਾਰਵੀਂ ਜਮਾਤ ਦੀ ਸਲਾਨਾਂ ਪ੍ਰੀਖਿਆ ਵਿਚੋਂ 90 ਫੀਸਦੀ ਤੋਂ ਵਧੇਰੇ ਅੰਕ ਪ੍ਰਾਪਤ ਕਰਨ ਵਾਲੇ ਸਰਕਾਰੀ ਹਾਈ ਸਕੂਲ ਨਿਉਰ ਦੇ ਇਕ ਵਿਦਿਆਰਥੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਮਲੂਕਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ (ਲੜਕੀਆਂ) ਮਲੂਕਾ ਦੇ 23 , ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਕੋਠਾ ਗੁਰੂ ਅਤੇ ਸਰਕਾਰੀ ਹਾਈ ਸਕੂਲ (ਲੜਕੀਆਂ) ਕੋਠਾ ਗੁਰੂ ਦੇ 33, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਿਆਲਪੁਰਾ ਮਿਰਜਾ ਦੇ 6, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿਰੀਏਵਾਲਾ ਦੇ 3, ਸਰਕਾਰੀ ਹਾਈ ਸਕੂਲ ਰਾਜਗੜ੍ਹ ਦੇ 4, ਸਰਕਾਰੀ ਹਾਈ ਸਕੂਲ ਆਦਮਪੁਰਾ ਦੇ 1, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਭਗਤਾ ਭਾਈਕਾ ਦੇ 4, ਸਰਕਾਰੀ ਸਕੂਲ ਜਲਾਲ ਦੇ 2 ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਵਿਸ਼ੇਸ ਸਨਮਾਨ ਕੀਤਾ ਗਿਆ। ਇਸੇ ਦੌਰਾਨ ਹੀ ਵਿਦਿਆਰਥੀਆਂ ਨੂੰ ਵਧੀਆ ਸਿੱਖਿਆ ਪ੍ਰਦਾਨ ਕਰਨ ਵਾਲੇ ਅਧਿਆਪਕਾ ਮਨਜਿੰਦਰ ਕੌਰ ਭੱਲਾ (ਕੋਠਾ ਗੁਰੂ ਸਕੂਲ), ਅਧਿਆਪਕਾ ਸੰਦੀਪ ਕੌਰ (ਮਲੂਕਾ ਸਕੂਲ) ਅਤੇ ਬਿੱਕਾ ਕੁਮਾਰ (ਕੋਠਾ ਗੁਰੂ ਸਕੂਲ) ਨੂੰ ਵੀ ਵਿਸ਼ੇਸ਼ ਤੌਰ ਸਨਮਾਨਿਤ ਕੀਤਾ ਗਿਆ।

ਸਮਾਗਮ ਦੌਰਾਨ ਚੇਅਰਮੈਨ ਜਤਿੰਦਰ ਸਿੰਘ ਭੱਲਾ ਨੇ ਕਲੱਬ ਵਲੋਂ ਪਿਛਲੇ 8 ਸਾਲ ਤੋਂ ਕਾਰਜਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਕਲੱਬ ਸਮਾਜ ਸੇਵਾ ਦੇ ਖੇਤਰ ਵਿਚ ਆਪਣੀ ਅਹਿਮ ਭੂਮਿਕਾ ਅਦਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਸ਼ਾਨਦਾਰ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦਾ ਹੌਸਲਾ ਅਫਜਾਈ ਲਈ ਅਜਿਹਾ ਸਨਮਾਨ ਸਮਾਰੋਹ ਵਰਦਾਨ ਸਾਬਤ ਹੋਵੇਗਾ। ਇਸ ਮੌਕੇ ਡਿਪਟੀ ਡੀਈਓ ਬਠਿੰਡਾ ਮਹਿੰਦਰਪਾਲ ਸਿੰਘ ਭਗਤਾ ਨੇ ਪੁਜੀਸ਼ਨਾਂ ਲੈਣ ਵਾਲੇ ਸਰਕਾਰੀ ਸਕੂਲਾਂ ਦੇ ਬੱਚਿਆਂ, ਉਨ੍ਹਾਂ ਦੇ ਅਧਿਅਪਕਾਂ ਅਤੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਭਵਿੱਖ ਵਿਚ ਵੀ ਸ਼ਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਬਠਿੰਡਾ ਜਿਲੇ ਦੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਮੈਰਿਟ ਵਿਚ ਪ੍ਰਵੇਸ਼ ਕਰਕੇ ਬੇਹੱਦ ਮਾਣ ਵਧਾਇਆ ਹੈ। ਉਨ੍ਹਾਂ ਬੱਚਿਆਂ ਉਪਰ ਸਖਤ ਮਿਹਨਤ ਕਰਨ ਵਾਲੇ ਅਧਿਆਪਕਾਂ ਦਾ ਧੰਨਵਾਦ ਕੀਤਾ। ਕਰਨੈਲ ਸਿੰਘ ਮਾਨ ਨੇ ਪੁਜੀਸ਼ਨਾਂ ਲੈਣ ਵਾਲੇ ਬੱਚਿਆਂ, ਅਧਿਆਪਕਾਂ ਨੂੰ ਵਧਾਈ ਦਿੰਦੇ ਹੋਏ ਭਵਿੱਖ ਵਿਚ ਵੀ ਮਿਹਨਤ ਜਾਰੀ ਰੱਖਣ ਦਾ ਸੁਨੇਹਾ ਦਿੱਤਾ। ਕਲੱਬ ਦੇ ਪ੍ਰਧਾਨ ਸੁਖਪਾਲ ਸਿੰਘ ਸੋਨੀ ਵਲੋਂ ਹਾਜਰੀਨ ਅਤੇ ਸਹਿਯੋਗੀ ਸ਼ਖਸੀਅਤਾਂ ਦਾ ਧੰਨਵਾਦ ਕਰਦੇ ਹੋਏ ਭਵਿੱਖ ਵਿਚ ਵੀ ਨਿਰੋਏ ਸਮਾਜ ਦੀ ਸਿਰਜਣਾ ਲਈ ਅਜਿਹੇ ਕਾਰਜ ਜਾਰੀ ਰੱਖਣ ਦਾ ਭਰੋਸਾ ਦਿੱਤਾ। ਚੇਅਰਮੈਨ ਪ੍ਰਵੀਨ ਕੁਮਾਰ ਵਲੋਂ ਕਲੱਬ ਵਲੋਂ ਸਮੇਂ ਸਮੇਂ ਸਿਰ ਸਮਾਜ ਸੇਵਾ ਨੂੰ ਸਮਰਪਿਤ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਸਬੰਧੀ ਚਾਣਨਾ ਪਾਇਆ। ਸਮਾਰੋਹ ਦੌਰਾਨ ਮੰਚ ਸੰਚਾਲਕ ਦੀ ਜਿੰਮੇਵਾਰੀ ਯੂਥ ਆਗੂ ਅਜਾਇਬ ਸਿੰਘ ਹਮੀਰਗੜ੍ਹ ਵਲੋਂ ਅਦਾ ਕੀਤੀ ਗਈ।

ਇਸ ਸਮੇਂ ਗਗਨਦੀਪ ਸਿੰਘ ਗਰੇਵਾਲ, ਜਗਮੋਹਣ ਲਾਲ ਭਗਤਾ, ਤੀਰਥ ਸਿੰਘ ਦਿਆਲਪੁਰਾ, ਜਗਸੀਰ ਸਿੰਘ ਮਲੂਕਾ, ਗੁਰਪਾਲ ਸਿੰਘ ਢਿੱਲੋਂ, ਜੀਤ ਸਿੰਘ ਗਿੱਲ, ਗੁਰਚਰਨ ਸਿੰਘ ਪ੍ਰਧਾਨ, ਬਲਜਿੰਦਰ ਸਿੰਘ ਬਾਬੇਕਾ, ਵਿਜੇ ਕੁਮਾਰ ਪੱਪੂ, ਸੰਜੀਵ ਕੁਮਾਰ ਬੰਟੀ, ਜਸਪਾਲ ਵੜਿੰਗ, ਦਵਿੰਦਰ ਸਿੰਘ ਮਠਾੜੂ, ਡਾ. ਜਸਵੀਰ ਸ਼ਰਮਾ, ਗੁਰਬਚਨ ਸਿੰਘ ਧੀਮਾਨ, ਬਿਕਰਮ ਸਿੰਘ ਨੰਬਰਦਾਰ, ਅਜਾਇਬ ਸਿੰਘ ਸਾਬਕਾ ਕੌਂਸਲਰ, ਸੁਖਮੰਦਰ ਸਰਾਂ, ਜਸਪ੍ਰੀਤ ਬੂਟਾ, ਢਾਡੀ ਬਲਵਿੰਦਰ ਸਿੰਘ, ਸੂਬੇਦਾਰ ਦਲਜੀਤ ਸਿੰਘ, ਸਮੇਤ ਸਮੂਹ ਪ੍ਰੈਸ ਕਲੱਬ ਭਗਤਾ ਦੇ ਮੈਂਬਰ ਅਤੇ ਆਹੁਦੇਦਾਰ ਹਾਜਰ ਸਨ।

fruiticana hee jaana!

Your one and only Punjabi neighbourhood store Since 1994

੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ

# LOWEST PRICES IN TOWN

## THE SOUTH SURREY/WHITE ROCK FRUITICANA NOW OPEN AT 1812, 152ND ST.

### UNBEATABLE EXTRA SUPER SPECIAL

Yellow Onions 50 lbs
ਪੀਲੇ ਗੰਢੇ
$13.99 bag

### EXTRA SUPER SUPER SPECIAL

BC Long Hot Chili
ਬੀਸੀ ਕੌੜੀਆਂ ਮਿਰਚਾਂ
$1.88 lb

Fresh Ginger
ਤਾਜ਼ਾ ਅਦਰਕ
$1.68 lb

Indian Eggplants
ਦੇਸੀ ਬਤਾਊਂ
$1.49 lb

Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag

817 Basmati Rice 4 lbs
817 ਬਾਸਮਤੀ ਚੋਲ
$5.99 bag

Roasted Peanuts in Shell 800 g
ਭੁੱਜੀ ਮੂੰਗਫਲੀ
$3.88 pkg.

## 98¢ SALE

Zucchini Squash
ਜ਼ੁਕੀਨੀ ਸਕੁਐਸ਼
98¢ lb

Round Tomatoes BC
ਬੀਸੀ ਟਮਾਟਰ
98¢ lb

BC Gala Apples
ਗਾਲਾ ਸੇਬ ਬੀਸੀ
98¢ lb

Petha Kadhu
ਪੇਠਾ ਕੱਦੂ
98¢ lb

Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
98¢ lb

Red Lentil Split or Whole
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ
98¢ lb

Chickpeas
ਚਿੱਟੇ ਛੋਲੇ
98¢ lb

### EXTRA SUPER SPECIAL

Roma Tomatoes
ਰੋਮਾ ਟਮਾਟਰ
$1.49 lb

### SUPER SPECIAL

Broccoli Crown BC
ਬਰੋਕਲੀ ਕਰਾਊਨ ਬੀਸੀ
$1.69 lb

### SUPER SPECIAL

Cilantro
ਧਣੀਆ
2 bunches for $1.28

### SUPER SPECIAL

Green Cabbage BC
ਹਰੀ ਬੰਦ ਗੋਭੀ ਬੀਸੀ
88¢ lb

Red Onions 25 lbs
ਲਾਲ ਗੰਢੇ
$19.98 bag

Green, Red, Yellow & Orange Peppers
ਸ਼ਿਮਲਾ ਮਿਰਚਾਂ
(ਹਰੀਆਂ,ਲਾਲ,ਪੀਲੀਆਂ ਅਤੇ ਸੰਤਰੀ)
$1.49 lb

Desi Karela
ਦੇਸੀ ਕਰੇਲਾ
$1.99 lb

Rooh Afza Indian 750 ml
ਰੂਹ ਅਫਜ਼ਾ
$3.99 bottle

Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ
(ਇੰਡੀਕੈਨ)
$3.98 bag

Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle

Fine Cane Sugar (Indican) 8 lbs
ਗੰਨੇ ਦੀ ਖੰਡ 8lbs
$5.99 bag

Aashirvaad Atta 20 lbs
ਆਸ਼ੀਰਵਾਦ ਹੋਲਵ੍ਹੀਟ ਆਟਾ
$15.99 bag

Product images may differ from the actual product.

Fri Sep 20, 2024 - Wed Sep 25, 2024

We reserve the right to limit the quantities while they last

Specials valid for Lower Mainland only

24 LOCATIONS TO SERVE YOU IN BC & ALBERTA

Head Office: 7676 Anvil Way, Surrey 604-502-0005

fruiticana SINCE 1994

BUSINESS HOURS 9 AM - 9 PM 7 DAYS A WEEK

Disclaimer: We reserve the right to add restrictions on products with a minimum purchase

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Surrey | 101-1812 152St. | 604-539-5736 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |